ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Vol. 13 Issue 44 Tuesday August 14 to August 20, 2018 www.PUNJABIDUNIYA.com Published Weekly from New York

Watch & Subscribe on YouTube

Josh india tv

# ਰੈਫਰੈਂਡਮ 2020 ਦਾ ਲੰਡਨ ਐਲਾਨਨਾਮਾ


## ਇਕੱਠ ਵਿਚ ਪੜ੍ਹੇ ਗਏ ਤਿੰਨ ਮਤੇ, ਗੈਰ-ਸਰਕਾਰੀ ਰਾਏਸ਼ੁਮਾਰੀ ਕਰਵਾਉਣ ਦਾ ਐਲਾਨ



ਲੰਡਨ (ਪੰਜਾਬੀ ਦੁਨੀਆ ਬਿਊਰੋ) : 2020 ਰੈਫਰੈਂਡਮ ਦੇ ਹਮਾਇਤੀ ਸਿੱਖਾਂ ਵਲੋਂ ਲੰਡਨ ਦੇ ਟ੍ਰੈਫਲਗਰ ਸਕੁਏਅਰ ਵਿਖੇ ਲੰਡਨ ਐਲਾਨਾਮੇ ਦੇ ਹੱਕ 'ਚ ਵਿਦੇਸ਼ ਭਰ ਦੇ ਸਿੱਖਾਂ ਦਾ ਵੱਡਾ ਇਕੱਠ ਕੀਤਾ ਗਿਆ। ਜਦੋਂ ਕਿ ਦੂਜੇ ਪਾਸੇ ਭਾਰਤ ਦੀਆਂ ਖੂਫ਼ੀਆਂ ਏਜੰਸੀਆਂ ਤੇ ਭਾਰਤੀ ਦੂਤਘਰ ਵਲੋਂ ਆਪਣੇ ਹਮਾਇਤੀਆਂ ਨੂੰ ਇਸ ਰੈਲੀ ਦੇ ਵਿਰੋਧ 'ਚ ਖੜ੍ਹਾ ਕੀਤਾ ਗਿਆ। ਭਾਵੇਂ ਕਿ ਲੰਡਨ ਦੇ ਮੇਅਰ ਵਲੋਂ ਭਾਰਤੀ ਹਮਾਇਤੀਆਂ ਨੂੰ ਰੈਲੀ ਦੀ ਆਗਿਆ ਨਹੀਂ ਦਿੱਤੀ ਗਈ ਪ੍ਰੰਤੂ ਫ਼ਿਰ ਵੀ ਕੁੱਝ ਮੁੱਠੀ ਭਰ ਹਮਾਇਤੀਆਂ ਵਲੋਂ ਢੋਲ ਵਜਾ ਕੇ ਭਾਰਤ ਮਾਤਾ ਕੀ ਜੈ ਦੇ ਨਾਅਰੇ ਲਾਏ ਗਏ ਜਦੋਂ ਕਿ ਦੂਜੇ ਪਾਸੇ ਖਾਲਿਸਤਾਨ ਜਿੰਦਾਬਾਦ ਦੇ ਨਾਅਰੇ ਲੰਡਨ ਦੀਆਂ ਹਵਾਵਾਂ 'ਚ ਇੰਨੀ ਉਚੀ ਆਵਾਜ਼ 'ਚ ਗੂੰਜ ਰਹੇ ਸਨ ਕਿ ਉਸ ਆਵਾਜ਼ 'ਚ ਭਾਰਤ ਮਾਤਾ ਕੀ ਜੈ ਦੇ ਨਾਅਰੇ ਦੱਬ ਕੇ ਰਹਿ ਗਏ।

ਮਾਹੌਲ ਭਾਵੇਂ ਕਿ ਤਣਾਅਪੂਰਨ ਰਿਹਾ ਪ੍ਰੰਤੂ ਸ਼ਾਂਤੀ ਬਣੀ ਰਹੀ।ਲੰਡਨ ਪੁਲਸ ਵਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਕਿਸੇ ਵੀ ਧਿਰ ਵਲੋਂ ਉਨ੍ਹਾਂ ਪ੍ਰਬੰਧਾਂ ਨੂੰ ਤੋੜਨ ਦੀ ਕੋਈ ਕੋਸਿਸ਼ ਨਹੀਂ ਕੀਤੀ ਗਈ। ਸਿੱਖਾਂ ਵਲੋਂ ਵੱਡੇ ਪੱਧਰ ਤੇ ਕੀਤੇ ਗਏ ਮੁਜ਼ਾਹਰੇ ਤੋਂ ਬਾਅਦ ਲਗਭਗ ਚਾਰ ਘੰਟੇ ਰੈਲੀ ਕੀਤੀ ਗਈ ਜਿਸ ਵਿਚ ਵੱਖ ਵੱਖ ਬੁਲਾਰਿਆਂ ਨੇ ਰੈਂਫਰੈਡਮ ਦੇ ਹੱਕ 'ਚ ਅਤੇ ਭਾਰਤ ਵਿਚ ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਦਾ ਖੁੱਲ੍ਹ ਕੇ ਜ਼ਿਕਰ ਕੀਤਾ। ਬੁਲਾਰਿਆਂ 'ਚ ਅੰਗਰੇਜ਼, ਕਸ਼ਮੀਰੀ ਮੁਸਲਮਾਨ ਤੇ ਸਿੱਖ ਆਗੂ ਸ਼ਾਮਿਲ ਸਨ। ਇਸ ਰੈਲੀ 'ਚ ਜਿਹੜੇ ਤਿੰਨ ਮਤੇ ਪਾਸ ਕਏ ਗਏ। ਉਨ੍ਹਾਂ ਅਨੁਸਾਰ ਨਵੰਬਰ 2020 ਵਿਚ ਵਿਸ਼ਵ ਪੱਧਰ ਤੇ ਰੈਂਫਰੈਡਮ ਕਰਵਾਇਆ ਜਾਵੇਗਾ ਤੇ ਫ਼ਿਰ ਉਸ ਰੈਂਫਰੈਡਮ ਦੇ ਨਤੀਜੇ ਨੂੰ ਯੂ ਐਨ ਓ 'ਚ ਪੇਸ਼ ਕੀਤਾ ਜਾਵੇਗਾ ਤੇ ਵਿਸ਼ਵ ਭਰ ਦੇ ਸਿੱਖਾਂ ਨੂੰ ਆਜ਼ਾਦ ਪੰਜਾਬ ਦੀ ਮੰਗ ਦੇ ਹੱਕ ਵਿਚ ਲਾਮਬੰਦ ਕੀਤਾ ਜਾਵੇਗਾ। ਭਾਵੇਂ ਕਿ ਹਿੰਦੀ ਮੀਡੀਏ ਵਲੋਂ ਪੂਰਾ ਜ਼ੋਰ ਲਾ ਕੇ ਇਸ ਰੈਲੀ ਦੀ ਵਖੋਂ ਵੱਖਰੇ ਦੋਸ਼ ਲਾ ਕੇ ਵਿਰੋਧਤਾ ਕੀਤੀ ਗਈ ਪ੍ਰੰਤੂ ਸਿੱਖਾਂ ਦਾ ਹੋਇਆ ਵਿਸ਼ਾਲ ਇਕੱਠ ਤੇ ਲਗਦੇ ਜੋਸ਼ੀਲੇ ਨਾਅਰਿਆਂ ਨੇ ਸਾਫ਼ ਕਰ ਦਿੱਤਾ ਕਿ ਸਿੱਖ ਮਨਾਂ 'ਚ ਰੈਂਡਰੈਡਮ ਨੂੰ ਲੈ ਕੇ ਕੀ ਚੱਲ ਰਿਹਾ ਹੈ ?

## ਰੈਫਰੈਂਡਮ 2020 ਸਿਰਫ ਵੋਟਾਂ ਦੀ ਰਾਜਨੀਤੀ : ਰਾਜੋਆਣਾ



ਪਟਿਆਲਾ (ਪੰਜਾਬੀ ਦੁਨੀਆ ਬਿਊਰੋ) -ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾਯਾਫਤਾ ਬਲਵੰਤ ਸਿੰਘ ਰਾਜੋਆਣਾ ਇਲਾਜ ਲਈ ਸਰਕਾਰੀ ਰਾਜਿੰਦਰਾ ਹਸਪਤਾਲ ਵਿਚ ਪਹੁੰਚੇ। ਉਨ੍ਹਾਂ ਚੈਕਅਪ ਤੋਂ ਬਾਅਦ ਆਪਣਾ ਲਿਖਤੀ ਬਿਆਨ ਮੀਡੀਆ ਨੂੰ ਦਿੱਤਾ। ਉਹ ਪਹਿਲੀ ਵਾਰ ਖਾਲਿਸਤਾਨ ਦੇ ਮੁੱਦੇ 'ਤੇ ਖੁੱਲ੍ਹ ਕੇ ਬੋਲੇ। ਰਾਜੋਆਣਾ ਨੇ ਖਾਲਿਸਤਾਨੀਆਂ ਨੂੰ ਕਾਂਗਰਸ ਦੀ ਸ਼ਹਿ ਦੱਸਿਆ। ਰਾਜੋਆਣਾ ਨੇ ਕਿਹਾ ਕਿ ਉਹ ਪਿਛਲੇ 23 ਸਾਲਾਂ ਤੋਂ ਜੇਲ ਵਿਚ ਬੰਦ ਹਨ। ਅੱਜ ਤੱਕ ਇਕ ਵੀ ਖਾਲਿਸਤਾਨੀ ਆਗੂ ਨੇ ਉਨ੍ਹਾਂ ਨਾਲ ਗੱਲਬਾਤ ਨਹੀਂ ਕੀਤੀ ਅਤੇ ਨਾ ਹੀ ਇਸ ਸੰਘਰਸ਼ ਸਬੰਧੀ ਕੋਈ ਵਿਚਾਰ-ਚਰਚਾ ਕੀਤੀ। ਰਾਜੋਆਣਾ ਨੇ ਕਿਹਾ ਕਿ ਖਾਲਿਸਤਾਨੀ ਸੰਘਰਸ਼ ਸਿਰਫ ਹਵਾ ਵਿਚ ਹੀ ਲੜਿਆ ਜਾ ਰਿਹਾ ਹੈ। ਇਸ ਦੀ ਜ਼ਮੀਨੀ ਪੱਧਰ 'ਤੇ ਕੋਈ ਹਕੀਕਤ ਨਹੀਂ ਹੈ। ਇਸ ਸੰਘਰਸ਼ ਪਿੱਛੇ ਜਿਹੜਾ ਦਿਮਾਗ ਚੱਲ ਰਿਹਾ ਹੈ, (ਬਾਕੀ ਸਫਾ 24 'ਤੇ)

## ਰੈ.ਫਰੰਡਮ 2020 ਦੇ ਭੁਲੇਖੇ ਦੂਰ ਕਰਨ ਪਨੂੰ: ਮਾਨ



ਅੰਮ੍ਰਿਤਸਰ (ਪੱਤਰ ਪ੍ਰੇਰਕ) : ਪੰਜਾਬ ਦੀ ਪ੍ਰਭੂਸੱਤਾ ਜਾਂ ਖ਼ਾਲਿਸਤਾਨ ਲਈ ਰਾਜਨੀਤਿਕ ਤਰੀਕਿਆਂ ਨਾਲ ਸੰਘਰਸ਼ ਕਰ ਰਹੀਆਂ ਦੋ ਪ੍ਰਮੁੱਖ ਰਾਜਸੀ ਧਿਰਾਂ ਦਲ ਖ਼ਾਲਸਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਿਖਜ਼ ਫ਼ਾਰ ਜਸਟਿਸ ਨੂੰ ਅਪੀਲ ਕੀਤੀ (ਬਾਕੀ ਸਫਾ 24 'ਤੇ)

## ਬਹਿਬਲ ਕਲਾਂ ਗੋਲੀ

## ਐਫ. ਆਈ. ਆਰ. 'ਚ ਮੁਲਾਜ਼ਮਾਂ ਦੇ ਨਾਮ ਨਹੀਂ ਦਰਜ ਕਰਨਾ ਚਾਹੁੰਦੀ ਪੰਜਾਬ ਪੁਲਿਸ

### ਸੀ.ਬੀ.ਆਈ. ਨੂੰ ਜਾਂਚ ਦੇਣ ਦਾ ਮਤਲਬ ਇਨਸਾਫ਼ ਲਈ ਹੋਰ ਦੇਰੀ: ਦਾਦੂਵਾਲ

ਚੰਡੀਗੜ੍ਹ (ਪੰਜਾਬੀ ਦੁਨੀਆ ਬਿਊਰੋ) :ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਫਰੀਦਕੋਟ ਦੇ ਬਹਿਬਲ ਕਲਾਂ ਗੋਲੀ ਕਾਂਡ ਵਿਚ 10 ਪੁਲਿਸ ਵਾਲਿਆਂ ਖ਼ਿਲਾਫ਼ ਹੱਤਿਆ ਦਾ ਕੇਸ ਦਰਜ ਕਰਨ ਦਾ ਸੁਝਾਅ ਦਿੱਤਾ ਹੈ।ਪਰ ਪੰਜਾਬ ਪੁਲਿਸ ਆਪਣੇ ਕਿਸੇ ਵੀ ਮੁਲਾਜ਼ਮ ਦਾ ਨਾਮ ਐਫ ਆਈ ਆਰ ਵਿਚ ਸ਼ਾਮਲ ਨਹੀਂ ਕਰਨਾ ਚਾਹੁੰਦੀ।

(ਬਾਕੀ ਸਫਾ 24 'ਤੇ ਦੇਖੋ)










Insurance




Property & Casualty

(See Full Page Advt. on Page 16)

Business, Liability, Disability, Workers Comp., E & O, Auto, Home

Tel :917-612-3158
www.nlightfin.com



ਕੀ ਤੁਸੀਂ ਘਰ ਵੇਚਣ ਜਾਂ ਖਰੀਦਣ ਬਾਰੇ ਸੋਚ ਰਹੇ ਹੋ?

Looking for Short Sale,
Bank Foreclosure Properites ?

PROPERTY
PROFESSIONALS



ਅਸੀਂ ਤੁਹਾਡੇ ਘਰ ਨੂੰ ਉਚ ਕੀਮਤਾਂ
ਤੇ ਜਲਦ ਵੇਚਦੇ ਹਾਂ

ਅਸੀਂ 2008 ਤੋਂ ਖਰੀਦ ਅਤੇ ਵੇਚਣ ਦੀਆਂ ਸੇਵਾਵਾਂ ਦੇ ਰਹੇ ਹਾਂ

Sharanjit Singh Thind
Associate Real Estate Broker/Notary Public
Give us a Call at 917-612-3158

# ਵਿਵਾਦਾਂ ਵਿੱਚ ਘਿਰਿਆ ਰੈਫਰੈਂਡਮ -2020 !

## ਸਚਾਈ ਤੋਂ ਅੱਖਾਂ ਮੀਟਣੀਆਂ, ਕੀ ਲੋਕਤੰਤਰ ਭਾਰਤ ਦੇਸ਼ ਲਈ ਘਾਤਕ ਨਹੀਂ ?

ਚੰਡੀਗੜ੍ਹ (ਪੱਤਰ ਪ੍ਰੇਰਕ) ਇਸ ਸਮੇਂ ਜਸਟਿਸ ਫਾਰ ਸਿਖਸ ਵਲੋਂ ਰੈਫਰੈਂਡਮ 2020 ਦੇ ਸਬੰਧ ਵਿਚ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਬਰਤਾਨੀਆ ਦੇ ਸ਼ਹਿਰ ਵਿੱਚ ਲੰਡਨ ਐਲਾਨਨਾਮੇ ਦੀ ਤਿਆਰੀ ਵਿਚ 12 ਅਗਸਤ 2018 ਨੂੰ ਜਿਹੜਾ ਵੱਡਾ ਇਕੱਠ ਕੀਤਾ ਜਾ ਰਿਹਾ ਹੈ ਇਸ ਦੇ ਸਬੰਧ ਵਿਚ ਭਾਰਤ ਸਰਕਾਰ ਨੇ ਬਰਤਾਨੀਆ ਦੀ ਸਰਕਾਰ ਅੱਗੇ ਰੋਸ ਜਿਤਾਉਂਦਿਆਂ ਉਥੋਂ ਦੀ ਸਰਕਾਰ 'ਤੇ ਜ਼ੋਰ ਪਾਇਆ ਸੀ ਕਿ ਉਹ ਇਸ ਕੀਤੇ ਜਾ ਰਹੇ ਇਕੱਠ ਨੂੰ ਕਰਨ ਦੀ ਆਗਿਆ ਨਾ ਦੇਵੇ, ਪਰ ਉਥੋਂ ਦੀ ਸਰਕਾਰ ਨੇ ਇਹ ਕਹਿ ਕੇ ਭਾਰਤ ਸਰਕਾਰ ਦੀ ਗੱਲ ਠੁਕਰਾ ਦਿੱਤੀ ਕਿ ਉਨ੍ਹਾਂ ਦੇ ਦੇਸ਼ ਵਿਚ ਜੇ ਕੋਈ ਜਮਹੂਰੀ ਢੰਗ ਨਾਲ ਆਪਣਾ ਰੋਸ ਪ੍ਰਗਟਾਵਾ ਕਰਦਾ ਹੈ ਤਾਂ ਉਥੋਂ ਦੀ ਸਰਕਾਰ ਇਸ ਨੂੰ ਰੋਕ ਨਹੀਂ ਸਕਦੀ। ਕੇਂਦਰ ਦੀ ਸਰਕਾਰ ਸਮੇਤ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਕੀ ਕਾਂਗਰਸ ਪਾਰਟੀ ਕੀ ਭਾਜਪਾ ਤੇ ਅਕਾਲੀ ਪਾਰਟੀ ਸਮੇਤ ਆਮ ਆਦਮੀ ਪਾਰਟੀ ਆਦਿ ਦੇ ਸਭ ਨੇ ਇਸ ਵਿਸ਼ੇ 'ਤੇ ਬੜੀ ਵੱਡੀ ਹਾਲਪਾਹਰਿਆਂ ਪਾਈ ਹੋਈ ਹੈ ਉਨ੍ਹਾਂ ਦਾ ਕਹਿਣਾ ਹੈ ਕਿ ਦੇਸ਼ ਵਾਸੀਆਂ ਖਾਸ ਕਰਕੇ ਪੰਜਾਬੀਆਂ ਨੇ ਪਿਛਲੇ ਲੰਘੇ ਕਈ ਸਾਲ ਬੜੇ ਹੀ ਘਿਣਾਉਣੇ ਦੇਖੇ ਹਨ ਚਾਹੇ ਉਹ ਨਕਸਲਵਾਦੀ ਲਹਿਰ ਸੀ ਜਾਂ ਫਿਰ ਬਾਅਦ ਵਿਚ ਉਠੀ ਅਤਿਵਾਦੀ ਕਹੀ ਜਾਂਦੀ ਲਹਿਰ ਸੀ ਅਜਿਹੇ ਭਿਆਨਕ ਦਿਨਾਂ ਨੂੰ ਮੁੜ ਨਹੀਂ ਵੇਖਣਾ ਚਾਹੁੰਦੇ।

ਇਸ ਸਮੇਂ ਵਿਚ ਪੰਜਾਬ ਦੀ ਪੜ੍ਹੀ ਲਿਖੀ ਜੁਆਨੀ ਦਾ ਵਡੇ ਪੱਧਰ 'ਤੇ ਘਾਣ ਹੋਇਆ ਭਾਵੇਂ ਇਨ੍ਹਾਂ ਉਠੀਆਂ ਲਹਿਰਾਂ ਵਿਚ ਕਿਸੇ ਹੱਦ ਤੱਕ ਉਨ੍ਹਾਂ ਵੱਲੋਂ ਕਹੀਆਂ ਗੱਲਾਂ ਜਾਇਜ਼ ਪਰਤੀਤ ਹੁੰਦੀਆਂ ਸਨ ਜਿਨ੍ਹਾਂ 'ਤੇ ਮੁੱਖ ਤੌਰ 'ਤੇ ਭਾਰੂ ਮਸਲਾ ਬੇਰੁਜ਼ਗਾਰੀ ਦਾ ਸੀ ਜੇ ਕਿਸੇ ਵੀ ਸਰਕਾਰ ਨੇ ਨੌਜੁਆਨਾਂ ਦੇ ਮਸਲੇ ਨੂੰ ਸੰਜੀਦਗੀ ਨਾਲ ਲਿਆ ਹੁੰਦਾ ਤਾਂ ਇਤਨਾ ਵੱਡਾ ਪੰਜਾਬ ਦਾ ਨੁਕਸਾਨ ਨਾ ਹੋਇਆ ਹੁੰਦਾ। ਜਰਾ ਬੜੇ ਠੰਡੇ ਮਨ ਨਾਲ ਸੋਚ ਵਿਚਾਰ ਕਰੋ ਨਿਰਾ ਵਿਰੋਧ ਕਰਨ ਕਰਕੇ ਜਾਂ ਸਿਰਫ ਵੋਟਾਂ ਦੀ ਰਾਜਨੀਤੀ ਕਰਨ ਕਰਕੇ ਹੀ ਇਹ ਮਸਲਾ ਦਿਨ-ਬ-ਦਿਨ ਗੰਭੀਰ ਤੇ ਗੁੰਝਲਦਾਰ ਬਣਦਾ ਜਾ ਰਿਹਾ ਹੈ ਭਾਰਤ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਹਕੀਕਤ ਤੋਂ ਅੱਖਾਂ ਮੀਟ ਕੇ ਵੋਟਾਂ ਦੀ ਰਾਜਨੀਤੀ ਕਰ ਰਹੀਆਂ ਹਨ । ਜੇਕਰ ਭਾਰਤ ਸੱਚ-ਮੁਚ ਜਿਹੜਾ ਆਪਣੇ ਨੂੰ ਵੱਡੇ ਲੋਕਤੰਤਰ ਹੋਣ ਦਾ ਦਾਅਵਾ ਕਰਦਾ ਹੈ ਕੀ ਉਹ ਸੱਚ-ਮੁਚ ਇਸ 'ਤੇ ਪੂਰਾ ਉੱਤਰ ਰਿਹਾ ਹੈ । ਇਸ ਦੇ ਪਿਛੋਕੜ 'ਤੇ ਪੰਛੀ ਝਾਤ ਮਾਰਨ ਦੀ ਲੋੜ ਹੈ ਜਦੋਂ ਸਰਕਾਰਾਂ ਦਾ ਪ੍ਰਾਂਤ ਤੇ ਪ੍ਰਾਂਤ ਦੇ ਲੋਕਾਂ ਨਾਲ ਇਕਸਾਰ ਵਿਹਾਰ ਨਾ ਰਹੇ ਤਾਂ ਬੇਗਾਨਗੀ ਦੀ ਭਾਵਨਾ ਦਾ ਪੈਦਾ ਹੋਣਾ ਯਕੀਨਣ ਹੁੰਦਾ ਹੈ। ਹੁਣ ਜੇ ਆਪਾਂ ਇਕੱਲੇ ਪੰਜਾਬ ਦੇ ਪਿਛੋਕੜ ਦੇ ਇਤਿਹਾਸ 'ਤੇ ਝਾਤ ਮਾਰਈਏ ਜਦੋਂ ਸਾਡਾ ਦੇਸ਼ ਅਜਾਦ ਹੋਇਆ ਇਸ ਤੋਂ ਪਹਿਲਾਂ ਪੰਜਾਬੀਆਂ ਤੇ ਸਿੱਖਾਂ ਨਾਲ ਕਾਂਗਰਸ ਪਾਰਟੀ ਨੇ ਬੜੇ ਵਾਅਦੇ ਕੀਤੇ ਕਿ ਉਨ੍ਹਾਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਜਾਣਗੇ ਜਦੋਂ ਸੰਵਿਧਾਨ ਬਣਨ ਲਗਾ ਉਸ ਕਮੇਟੀ ਵਿਚ ਸਿੱਖਾਂ ਦੇ ਦੋ ਮੈਂਬਰ ਲਏ ਗਏ ਜਦੋਂ ਉਨ੍ਹਾਂ ਨੇ ਵੇਖਿਆ ਕਿ ਸੰਵਿਧਾਨ ਬਣਾਉਣ ਵਿੱਚ ਉਨ੍ਹਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ ਤਾਂ ਉਹ ਵਾਕ ਆਊਟ ਕਰਕੇ ਆ ਗਏ। ਉਨ੍ਹਾਂ ਦੀ ਕਹੀ ਹੋਈ ਗੱਲ ਨੂੰ ਅਣਗੌਲਿਆ ਕਰਕੇ ਸਭ ਤੋਂ ਪਹਿਲਾਂ ਬੇਗਾਨਗੀ ਦਾ ਪ੍ਰਭਾਵ ਦਿੱਤਾ ਗਿਆ। ਦੇਸ਼ ਲਈ 90% ਕੁਰਬਾਨੀਆਂ ਕਰਨ ਵਾਲੀ ਕੌਮ ਸਿੱਖ ਕੌਮ ਬਾਰੇ ਦੇਸ਼ ਦੀ ਅਜ਼ਾਦੀ ਤੋਂ ਤੁਰੰਤ ਬਾਅਦ ਇਕ ਸਰਕਾਰੀ ਪੱਤਰ ਉਸ ਸਮੇਂ ਦੇ ਗ੍ਰਹਿ ਮੰਤਰੀ ਸ੍ਰੀ ਪਟੇਲ ਨੇ ਕੱਢਿਆ ਕਿ ਸਿੱਖ ਕੌਮ ਜਰਾਇਮ ਪੇਸ਼ਾ ਕੌਮ ਹੈ ਇਸ ਤੇ ਕੜ੍ਹੀ ਨਜ਼ਰ ਰੱਖੀ ਜਾਵੇ । ਅਜ਼ਾਦੀ ਤੋਂ ਪਹਿਲਾਂ ਇਹ ਵੀ ਕਿਹਾ ਗਿਆ ਕਿ ਦੇਸ਼ ਅਜ਼ਾਦ ਹੋਣ ਉਪਰੰਤ ਬੋਲੀਆਂ ਦੇ ਅਧਾਰ 'ਤੇ ਸੂਬੇ ਬਣਾਏ ਜਾਣਗੇ ਦੇਸ਼ ਦੇ ਸਾਰੇ ਸੂਬੇ ਬੋਲੀਆਂ ਦੇ ਅਧਾਰ 'ਤੇ ਬਣਾ ਦਿੱਤੇ ਕੀ ਪੰਜਾਬੀ ਸੂਬਾ ਬਣਾਇਆ । ਜਿਸ ਲਈ ਲਗਾਤਾਰ ਦੋ ਦਹਾਕੇ ਸੰਘਰਸ਼ ਕਰਨਾ ਪਿਆ। ਜਿਸ ਲਈ ਭਾਰੀ ਕੁਰਬਾਨੀਆਂ ਦੇਣੀਆਂ ਪਈਆਂ। ਜੇਕਰ 1966 ਵਿੱਚ ਬਣਾਇਆ ਤਾਂ ਸੂਬੇ ਦੀ ਥਾਂ 'ਤੇ ਸੂਬੀ ਬਣਾਈ ਗਈ , ਰਾਜਧਾਨੀ ਚੰਡੀਗੜ੍ਹ , ਪੰਜਾਬੀ ਇਲਾਕੇ ਖੋਹ ਲਏ। ਬਿਨਾ ਮੰਗੇ ਪੰਜਾਬ ਨੂੰ ਛੋਟਾ ਕਰਕੇ ਹਰਿਆਣਾ ਪਰੋਸ ਕੇ ਦੇ ਦਿੱਤਾ ਗਿਆ ।

ਇੱਥੇ ਹੀ ਬੱਸ ਨਹੀਂ ਪੰਜਾਬ ਨਾਲ ਪੜਾ-ਪੜਾ 'ਤੇ ਸਰਕਾਰਾਂ ਧੱਕਾ ਤੇ ਬੇਇਨਸਾਫੀ ਕਰਦੀਆਂ ਰਹੀਆਂ ਤੇ ਕਰਦੀਆਂ ਆ ਰਹੀਆਂ ਹਨ। ਕੀ ਦਰਬਾਰ ਸਾਹਿਬ 'ਤੇ ਫੌਜ ਚੜਾਉਣੀ ਜਾਇਜ਼ ਸੀ ? ਨਵੰਬਰ 1984 ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਅੱਜ 34-35 ਵਰ੍ਹੇ ਹੋ ਚੁੱਕੇ ਹਨ ਸਰਕਾਰਾਂ ਚਾਹੇ ਕਾਂਗਰਸ ਪਾਰਟੀ ਦੀ ਸੀ ਜਾਂ ਭਾਰਤੀ ਜਨਤਾ ਪਾਰਟੀ ਦੀ ਸੀ, ਕਿਸੇ ਵੀ ਪਾਰਟੀ ਦੀ ਸਰਕਾਰ ਨੇ ਉਨ੍ਹਾਂ ਨੂੰ ਇਨਸਾਫ ਦਿੱਤਾ, ਅਤਿਵਾਦ ਦੇ ਦੌਰ ਵਿਚ ਹਜ਼ਾਰਾਂ ਬੇਦੋਸ਼ੇ ਸਿੱਖ ਨੌਜੁਆਨ ਮੁੰਡੇ ਮਾਰ ਦਿੱਤੇ ਕਿਸੇ ਵੀ ਮਾਪੇ ਨੂੰ ਹਾਲੇ ਤੱਕ ਇਨਸਾਫ ਮਿਲਿਆ, ਹਾਂ ਇਸ ਲਈ ਇਨਸਾਫ ਲਈ ਜਦੋ-ਜਹਿਦ ਕਰਦੇ ਕਈ ਆਗੂਆਂ ਦਾ ਹਾਲੇ ਤੱਕ ਪਤਾ ਨਹੀਂ ਕਿ ਉਨ੍ਹਾਂ ਨੂੰ ਮਾਰਨ ਵਾਲੇ ਕੋਣ ਸਨ ।

ਜਦੋਂ ਦੀ ਦੇਸ਼ ਦੀ ਗੱਦੀ ਭਾਰਤੀ ਜਨਤਾ ਪਾਰਟੀ ਵਾਲਿਆਂ ਦੇ ਹੱਥ ਵਿੱਚ ਆਈ ਹੈ ਇਸ ਨੇ ਤਾਂ ਹੱਦ ਹੀ ਮੁਕਾ ਦਿੱਤੀ ਹੈ ਅੱਜ ਸ਼ਰੇਆਮ ਬਹੁਗਿਣਤੀ ਦੇ ਲੋਕ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਲੈ ਕੇ ਗਊ ਹੱਤਿਆ ਦੇ ਨਾਂ 'ਤੇ ਹਿੰਦੂਤਵੀਆਂ ਦੀਆਂ ਭੀੜਾਂ ਇਕੱਠੀਆਂ ਹੋ ਕੇ ਮੁਸਲਮਾਨਾਂ ਨੂੰ ਮਾਰ ਰਹੀਆਂ ਹਨ, ਕਾਵੜੀਆਂ ਨੇ ਹੁੜਦੰਗ ਮਚਾਇਆ ਹੋਇਆ ਹੈ ਨਾ ਸਰਕਾਰ ਨੇ, ਨਾ ਪੁਲਿਸ ਤੇ ਨਾ ਪ੍ਰਸ਼ਾਸਨ ਸਾਰੇ ਮੂਕ ਦਰਸ਼ਕ ਬਣ ਕੇ ਦੇਖ ਰਹੇ ਹਨ। ਕੀ ਭਾਰਤ ਦੀ ਉੱਚ ਅਦਾਲਤ ਨੂੰ ਇਸ ਲਈ ਇਹ ਕਹਿਣ ਦੀ ਜ਼ਰੂਰਤ ਹੈ। ਜਦੋਂ ਕਿ ਦੇਸ਼ ਦਾ ਕਾਨੂੰਨ ਬਣਿਆ ਹੋਇਆ ਹੈ ਜੇਕਰ ਬਹੁਗਿਣਤੀਆਂ ਦੀ ਥਾਂ 'ਤੇ ਕਿਸੇ ਵੀ ਘੱਟ ਗਿਣਤੀ ਸਿੱਖਾਂ ਜਾਂ ਮੁਸਲਮਾਨਾਂ ਦੇ ਬੰਦੇ ਹੁੰਦੇ ਤਾਂ ਪੁਲਿਸ ਨੇ ਵੀ ਝੱਟ ਹਰਕਤ ਵਿਚ ਆ ਜਾਣਾ ਸੀ ਤੇ ਉਨ੍ਹਾਂ 'ਤੇ ਹਰ ਪ੍ਰਕਾਰ ਦੀ ਸਖਤ ਤੋਂ ਸਖਤ ਕਾਰਵਾਈ ਵੀ ਹੋ ਜਾਣੀ ਸੀ । ਕੀ ਇਹ ਸਾਬਿਤ ਨਹੀਂ ਕਰਦਾ ਇਕ ਬਹੁਗਿਣਤੀ ਦੇ ਫਿਰਕੇ ਲਈ ਕਾਨੂੰਨ ਹੋਰ ਹੈ ਤੇ ਘੱਟ ਗਿਣਤੀਆਂ ਲਈ ਕਾਨੂੰਨ ਹੋਰ । ਇਸ ਸਮੇਂ ਕਾਨੂੰਨ ਨਾਂ ਦੀ ਚੀਜ਼ ਹੀ ਨਹੀਂ , ਸਰਕਾਰ ਦੀ ਇਹ ਨੀਤੀ ਅਤਿ ਨਿੰਦਣਯੋਗ ਨਹੀਂ । ਪਾਈ ਜਾਓ ਤੁਸੀ ਰੌਲਾ ਕਿਸੇ ਨੇ ਤੁਹਾਡੀ ਅਵਾਜ਼ ਨੂੰ ਸੁਣਨਾ ਹੀ ਨਹੀਂ , ਕੀ ਇਹ ਬੇਗਾਨਗੀ ਦੀ ਭਾਵਨਾ ਪੈਦਾ ਨਹੀਂ ਕਰਦੀ । ਜੇਕਰ ਸਾਡੇ ਦੇਸ਼ ਜਿਸ ਨੂੰ ਵੱਡਾ ਲੋਕਤੰਤਰ ਵਾਲਾ ਕਿਹਾ ਜਾਂਦਾ ਹੈ ਉਸ ਨੂੰ ਲੋਕਤੰਤਰ ਦੀ ਤਰ੍ਹਾਂ ਚੱਲਣ ਦਿੱਤਾ ਜਾਂਦਾ ਤਾਂ ਅੱਜ ਜੋ ਕੁਝ ਦੇਸ਼ ਦੀ ਅਜ਼ਾਦੀ ਬਾਅਦ ਕੁਝ ਫਿਰਕੇ ਦੇ ਲੋਕਾਂ ਨਾਲ ਹੋਇਆ ਉਹ ਨਹੀਂ ਸੀ ਹੋਣਾ ਗੁਜਰਾਤ ਦੇ ਦੰਗਿਆਂ ਦਾ ਹਾਲੇ ਤੱਕ ਮੁਸਲਮਾਨਾਂ ਨੂੰ ਇਨਸਾਫ ਨਹੀਂ ਦਿੱਤਾ। ਇਨਸਾਫ ਦੇਣ ਵਾਲੇ ਜੱਜ ਦਾ ਖੁਰਾ ਖੋਜ ਮਿਟਾ ਦਿੱਤਾ ਗਿਆ ਕਿਉਂਕਿ ਉਸ ਜੱਜ ਨੇ ਇਨ੍ਹਾਂ ਦੰਗਿਆਂ ਵਿਚ ਫਸਦੇ ਵੱਡੇ ਤੋਂ ਵੱਡੇ ਸਿਆਸਤਦਾਨਾਂ ਜਿਨ੍ਹਾਂ ਨੂੰ ਸਜ਼ਾਵਾਂ ਹੋਈਆਂ ਸਨ, ਉਹ ਟੰਗ ਦੇਣੇ ਸਨ । ਲਗਭਗ 100 ਸਾਲ ਦੀ ਲੰਬੀ ਜਦੋ-ਜਹਿਦ ਤੋਂ ਬਾਦ ਦੇਸ਼ ਨੂੰ ਅਜ਼ਾਦੀ ਮਿਲੀ ਹੈ । ਦੇਸ਼ ਦੇ ਅਮਨ ਪਸੰਦ ਰਾਖਿਓ ਅੱਜ ਦੇਸ਼ ਫਿਰਕੂ ਸੋਚ ਦੀ ਬਲੀ ਚੜ੍ਹ ਰਿਹਾ ਹੈ ਜੇਕਰ ਇਸ ਸੋਚ ਨੂੰ ਸਾਡੇ ਸਿਆਸਤਦਾਨਾਂ ਨੇ ਨਾ ਬਦਲਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ 2020-ਦੇ ਰੈਫਰੈਂਡਮ ਵਾਂਗ ਕਈ ਹੋਰ ਰੈਫਰੈਂਡਮ ਪਨਪ ਪੈਣਗੇ । ਇਸ ਨੂੰ ਰੋਕਣ ਦੀ ਜ਼ਿੰਮੇਵਾਰੀ ਹਕੀਕਤ ਤੋਂ ਅੱਖਾਂ ਮੀਟਣ ਨਾਲ ਨਹੀਂ ਹੋਣੀ ਬਲਕਿ ਅੱਖ ਦੀ ਪੁੱਤਲੀ ਇਕ ਸਮਾਨ ਕਰਨ ਨਾਲ ਹੋਣੀ ਹੈ ਜੋ ਕਿ ਇਸ ਸਮੇਂ ਬੜੀ ਕਠਨ ਲੱਗ ਰਹੀ ਹੈ ਕਿਉਂਕਿ ਮੌਜੂਦਾ ਸਰਕਾਰ ਦੀ ਪੁੱਤਲੀ ਜੇ ਘੁਮੰਦੀ ਹੈ ਤਾਂ ਉਹ ਸਿਰਫ ਤੇ ਸਿਰਫ ਬਹੁਗਿਣਤੀ ਦੇ ਲੋਕਾਂ ਵੱਲ ਹੈ ਹੋਰ ਉਸ ਨੂੰ ਕੁਝ ਨਜ਼ਰੀ ਨਹੀਂ ਪੈ ਰਿਹਾ । ਇਸ ਲਈ ਦੇਸ਼ ਦੀਆਂ ਸਾਰੀਆਂ ਜਮਹੂਰੀ ਰਾਜਨੀਤਿਕ ਪਾਰਟੀਆਂ ਨੂੰ ਬੇਨਤੀ ਹੈ ਕਿ ਥੋਹੜਾ ਜਿਹਾ ਵੋਟਾਂ ਦੇ ਚੱਕਰ ਤੋਂ ਉੱਚਾ ਚੁੱਕ ਕੇ ਦੇਖੋ ਕਿ ਵੋਟਾਂ ਦੇ ਚੱਕਰ ਵਿਚ ਅਸੀਂ ਦੇਸ਼ ਦਾ ਕਿਤਨਾ ਕੁਝ ਬਰਬਾਦ ਕਰ ਲਿਆ ਹੈ ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗਿੜਿਆ। ਦੇਸ਼ ਦੀਆਂ ਅਮਨ ਪਸੰਦ ਪਾਰਟੀਓ, ਜਾਗੋ ! ਜਾਗੋ।






# ਪੰਜਾਬ ਦੇ ਗੈਂਗਸਟਰਾਂ ਦਾ ਖ਼ੌਫ਼

## ਭਾਰਤ ਦੀ ਏਕਤਾ ਤੇ ਅਖੰਡਤਾ ਲਈ ਵੀ ਹਨ ਵੱਡਾ ਖ਼ਤਰਾ



ਗੁਰਪ੍ਰੀਤ ਦਮਗਜੀਆ ਤੇ ਵਿੱਕੀ ਗੌਂਡਰ,
ਗੁਰਪ੍ਰੀਤ ਸੇਖੋਂ ਗੈਂਗ

**ਗਗਨਦੀਪ ਸਿੰਘ**

*********************

ਬੇਰੋਜ਼ਗਾਰੀ, ਅਨਪੜ੍ਹਤਾ ਅਤੇ ਅਪਰਾਧਿਕ ਸੋਚ ਕਰਕੇ ਪੰਜਾਬ ਦੇ ਨੌਜਵਾਨ ਸੰਗੀਨ ਅਪਰਾਧਾਂ ਵਿੱਚ ਫ਼ਸਦੇ ਜਾ ਰਹੇ ਹਨ। ਇਹ ਅਪਰਾਧੀ ਹੁਣ ਗੁਆਂਢੀ ਸੂਬਿਆਂ 'ਚ ਵੀ ਸਰਗਰਮ ਹਨ ਅਤੇ ਉੱਥੇ ਅਪਰਾਧ ਕਰ ਰਹੇ ਹਨ। ਕਦੇ ਇਹ ਨਵੰਬਰ 2017 ਵਿੱਚ ਕੋਲਕਾਤਾ ਦੇ ਹੋਟਲ 'ਚ ਇਹ ਸਰਗਰਮ ਦਿਸਦੇ ਹਨ ਤੇ ਕਦੇ ਇੱਕ ਹੋਰ ਵੀਡੀਓ ਸਾਹਮਣੇ ਆਉਂਦਾ, ਜਿਸ ਵਿੱਚ ਮਹਾਰਾਸ਼ਟਰ ਦਾ ਇੱਕ ਸਕੂਲ ਵਿਖਾਈ ਦੇ ਰਿਹਾ ਹੈ। ਸਕੂਲ ਦੇ ਬਾਹਰ ਗੋਲੀਆਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ। ਸਕੂਲ ਦੇ ਖ਼ੌਫਜ਼ਦਾ ਬੱਚੇ ਆਪਣੇ ਬਸਤੇ ਚੁੱਕ ਕੇ ਬਾਹਰ ਨਿਕਲ ਰਹੇ ਹਨ। ਸਕੂਲ ਦੇ ਬਾਹਰ ਜੋ ਲੋਕ ਗੋਲੀਆਂ ਬਰਸਾ ਰਹੇ ਹਨ, ਉਹ ਦਿਲਪ੍ਰੀਤ ਉਰਫ਼ ਬਾਬਾ ਅਤੇ ਹਰਵਿੰਦਰ ਸੰਧੂ ਉਰਫ਼ ਰਿੰਦਾ ਨਾਮ ਦੇ ਗੈਂਗਸਟਰ ਹਨ ਜੋ ਕਿ ਉੱਥੇ ਇੱਕ ਸ਼ਖਸ ਨੂੰ ਮੌਤ ਦੇ ਘਾਟ ਉਤਾਰ ਕੇ ਉੱਥੋਂ ਫ਼ਰਾਰ ਹੋ ਗਏ ਸਨ।

ਹਰ ਗੈਂਗ ਵਿੱਚ ਘੱਟੋ-ਘੱਟ 50 ਤੋਂ 60 ਗੈਂਗਸਟਰ ਹਨ। ਜਿੰਨੇ ਗੈਂਗਸਟਰ ਪੰਜਾਬ ਦੀਆਂ ਜੇਲ੍ਹਾਂ ਦੇ ਅੰਦਰ ਹਨ, ਓਨੇ ਹੀ ਜੇਲ੍ਹਾਂ ਤੋਂ ਬਾਹਰ ਵੀ ਸਰਗਰਮ ਹਨ। ਇਹ ਗੈਂਗਸਟਰ ਸਿਰਫ਼ ਅਪਰਾਧਿਕ ਵਾਰਦਾਤਾਂ ਨੂੰ ਇਲਜ਼ਾਮ ਨਹੀਂ ਦਿੰਦੇ ਬਲਕਿ ਇਨ੍ਹਾਂ ਦੇ ਸਬੰਧ ਖਾੜਕੂ ਸਰਗਰਮੀਆਂ ਚਲਾਉਣ ਵਾਲਿਆਂ ਨਾਲ ਵੀ ਕਾਫ਼ੀ ਗੂੜ੍ਹੇ ਹਨ। ਇਸ ਲਈ ਗੁਆਂਢੀ ਮੁਲਕ ਦੀ ਖ਼ੁਫ਼ੀਆ ਏਜੰਸੀ ਆਈ. ਐਸ.ਆਈ. ਵੀ ਇਨ੍ਹਾਂ ਨਾਲ ਦੇਸ਼ ਅੰਦਰ ਗੜਬੜ ਕਰਾਉਣ ਲਈ ਤਿੱਖੀ ਨਿਗ੍ਹਾ ਰੱਖਦੀ ਹੈ। ਪੰਜਾਬ ਵਿੱਚ ਕੁਝ ਅਜਿਹੇ ਗੈਂਗ ਸਰਗਰਮ ਹਨ ਜਿਨ੍ਹਾਂ ਤੋਂ ਸੂਬੇ ਦੀ ਕਾਨੂੰਨ ਤੇ ਵਿਵਸਥਾ ਨੂੰ ਹੀ ਖ਼ਤਰਾ ਨਹੀਂ ਹੈ ਬਲਕਿ ਇਹ ਭਾਰਤ ਲਈ ਵੱਡਾ ਖ਼ਤਰਾ ਬਣਦੇ ਜਾ ਰਹੇ ਹਨ।

### 1. ਜਮਾਲਗੋਟਾ ਗੈਂਗ

ਪੰਜਾਬ ਪੁਲਿਸ ਦੇ ਖ਼ੁਫ਼ੀਆ ਵਿਭਾਗ ਨੇ ਰਾਜ ਦੇ ਜਿਸ ਖ਼ੂੰਖਾਰ ਗੈਂਗ ਨੂੰ ਪਹਿਲੇ ਨੰਬਰ 'ਤੇ ਜਗ੍ਹਾ ਦਿੱਤੀ ਹੈ, ਉਨ੍ਹਾਂ ਵਿੱਚ ਜਮਾਲਗੋਟਾ ਗੈਂਗ ਸਭ ਤੋਂ ਉੱਤੇ ਦੱਸਿਆ

ਜਦੋਂ ਕਿ ਤਿੰਨ ਗੈਂਗਸਟਰਸਾਂ ਨੂੰ ਭਗੌੜਾ ਕਰਾਰ ਦਿੱਤਾ ਗਿਆ ਹੈ, ਵਿਰੋਧੀ ਗੁਰਪ੍ਰੀਤ ਸੇਖੋਂ ਗੈਂਗ ਨੇ 15 ਜਨਵਰੀ 2015 ਨੂੰ ਇਸ ਗੈਂਗ ਦੇ ਇੱਕ ਖ਼ੂੰਖਾਰ ਸ਼ਾਰਪ ਸ਼ੂਟਰ ਸੁੱਖਾ ਕਾਹਲਵਾਂ ਦੀ ਫ਼ਗਵਾੜਾ ਵਿੱਖੇ ਦਿਨ ਦਿਹਾੜੇ ਹੱਤਿਆ ਕਰ ਦਿੱਤੀ ਸੀ।

### 3. ਲਾਰੇਂਸ ਗੈਂਗ

ਇਸ ਗੈਂਗ ਦਾ ਸਰਗਨਾ ਲਾਰੇਂਸ ਬਿਸ਼ਨੋਈ ਹੈ ਜੋ ਪੰਜਾਬ ਦੇ ਅਬੋਹਰ ਦਾ ਰਹਿਣ ਵਾਲਾ ਹੈ, ਫ਼ਿਲਹਾਲ ਉਹ ਰਾਜਸਥਾਨ ਦੀ ਅਜਮੇਰ ਜੇਲ੍ਹ ਵਿੱਚ ਬੰਦ ਹੈ ਅਤੇ ਜੇਲ੍ਹ ਤੋਂ ਹੀ ਆਪਣਾ ਗੈਂਗ ਚਲਉਂਦਾ ਹੈ। ਉਸਨੇ ਇਸ ਸਾਲ ਜਨਵਰੀ 2018 ਵਿੱਚ ਬਾਲੀਵੁਡ ਐਕਟਰ ਸਲਮਾਨ ਖਾਨ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਉਸਦੇ ਬਾਅਦ ਹਾਲ ਹੀ 'ਚ ਜੂਨ 2018 ਵਿੱਚ ਹੈਦਰਾਬਾਦ ਤੋਂ ਗ੍ਰਿਫ਼ਤਾਰ ਕੀਤੇ ਉਸਦੇ ਗੁਰਗੇ ਸ਼ਾਰਪ ਸ਼ੂਟਰ ਸੰਪਤ ਨਹਿਰਾ ਨੇ ਬਕਾਇਦਾ ਸਲਮਾਨ ਖਾਨ ਦੇ ਮੁੰਬਈ ਸਥਿਤ ਘਰ ਦੀ ਰੇਕੀ ਕਰਨ ਦੀ ਗੱਲ ਕਬੂਲੀ ਹੈ।

### 5. ਦਿਲਪ੍ਰੀਤ ਗੈਂਗ

ਇਸ ਗੈਂਗ ਦਾ ਸਰਗਨਾ ਦਿਲਪ੍ਰੀਤ ਸਿੰਘ ਢਾਹਾਂ ਉਰਫ਼ ਬਾਬਾ ਹੈ ਜੋ ਹੈ ਜੁਲਾਈ 2018 ਨੂੰ ਚੰਡੀਗੜ੍ਹ ਵਿੱਚ ਪੁਲਿਸ ਦੇ ਹੱਥੇ ਚੜ੍ਹਿਆ। ਫ਼ਿਲਹਾਲ ਚੰਡੀਗੜ੍ਹ ਅਤੇ ਪੰਜਾਬ ਦੀ ਪੁਲਿਸ ਉਸ ਤੋਂ ਪੁੱਛਗਿਛ ਕਰ ਰਹੀ ਹੈ। ਉਸਦੇ ਗੈਂਗ ਦੇ ਚਾਰ ਮੈਂਬਰ ਪੰਜਾਬ ਦੇ ਵੱਖਰੇ ਜ਼ਿਲ੍ਹਿਆਂ 'ਚ ਬੰਦ ਹਨ ਜਦੋਂ ਕਿ ਦੋ ਭਗੋੜੇ ਕਰਾਰ ਦਿੱਤੇ ਜਾ ਚੁੱਕੇ ਹਨ।

### 6. ਬੰਬੀਹਾ ਗੈਂਗ

ਬੰਬੀਹਾ ਗੈਂਗ ਦਾ ਸਰਗਨਾ ਦਵਿੰਦਰ ਬੰਬੀਹਾ ਸੀ ਜਿਸ ਨੂੰ ਬਠਿੰਡਾ ਪੁਲਿਸ ਨੇ 9 ਸਿਤੰਬਰ 2016 ਨੂੰ ਇੱਕ ਐਨਕਾਉਂਟਰ 'ਚ ਮਾਰ ਸੁੱਟਿਆ ਸੀ, ਪੰਜਾਬ ਪੁਲਿਸ ਨੇ ਹਾਲ ਹੀ 'ਚ ਇਸ ਗੈਂਗ ਦੇ 11 ਮੈਂਬਰਾਂ ਨੂੰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ, ਪਰ ਇਸ ਗੈਂਗ ਦਾ ਨਵਾਂ ਸਰਗਨਾ ਸੁਖਪ੍ਰੀਤ ਸਿੰਘ ਬੁੱਢਾ ਫ਼ਿਲਹਾਲ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹੈ।

### 7. ਹੈਰੀ ਚੱਠਾ ਗੈਂਗ

ਇਸ ਗੈਂਗ ਦਾ ਸਰਗਨਾ ਸੁਪ੍ਰੀਤ ਸਿੰਘ

ਪਹਿਲਾਂ ਹੀ ਪੰਜਾਬ ਅਤੇ ਦੂਜੇ ਰਾਜਾਂ ਦੀਆਂ ਸਰਕਾਰਾਂ ਨੂੰ ਚੌਕਸ ਕਰ ਚੁੱਕੀਆਂ ਹਨ ਕਿ ਪੰਜਾਬ ਦੇ ਗੈਂਗਸਟਰ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਬਣ ਗਏ ਹਨ। ਅਸਲ 'ਚ ਪੰਜਾਬ ਦੇ ਗੈਂਗਸਟਰ ਆਈ. ਐਸ. ਆਈ. ਦੇ ਸੰਪਰਕ ਵਿੱਚ ਹਨ ਜੋ ਨਾ ਹੀ ਕੇਵਲ ਇਨ੍ਹਾਂ ਨੂੰ ਲਗਾਤਾਰ ਹਥਿਆਰ ਉਪਲੱਬਧ ਕਰਵਾਉਂਦੀ ਹੈ ਸਗੋਂ ਨਸ਼ਾ ਤਸਕਰੀ ਵਿੱਚ ਧੱਕ ਰਹੀ ਹੈ, ਕਈ ਗੈਂਗਸਟਰਾਂ ਨੂੰ ਨਕਲੀ ਨੋਟ ਅਤੇ ਹੈਰੋਇਨ ਦੀ ਸਪਲਾਈ ਵੀ ਕਰਦੀ ਹੈ। ਪੰਜਾਬ ਪੁਲਿਸ ਦੁਆਰਾ ਹਾਲ ਹੀ 'ਚ ਗਿਰਫ਼ਤਾਰ ਕੀਤੇ ਗਏ ਬੰਬੀਹਾ ਗੈਂਗ ਦੇ 11 ਮੈਂਬਰਾਂ ਵਲੋਂ ਚੀਨ ਵਿੱਚ


ਗਤੀਵਿਧੀਆਂ ਦੇ ਅਪਡੇਟ ਬਕਾਇਦਾ ਆਪਣੇ ਫ਼ੇਸਬੁਕ ਪੇਜ ਉੱਤੇ ਸਾਂਝਾ ਕਰਦੇ ਹਨ। ਪੰਜਾਬ ਦੇ ਲੱਗਭੱਗ ਹਰ ਗੈਂਗਸਟਰ ਦਾ ਆਪਣਾ ਫ਼ੇਸਬੁਕ ਪੇਜ ਹੈ ਅਤੇ ਕਈ ਗੈਂਗਸਟਰਾਂ ਦੀ ਫ਼ੈਨ ਫ਼ਾਲੋਇੰਗ ਲੱਖਾਂ ਵਿੱਚ ਹੈ। ਜਮਾਲਗੋਟਾ ਗੈਂਗ ਨੇ 30 ਅਪ੍ਰੈਲ 2016 ਨੂੰ ਜਦੋਂ ਫ਼ਾਜਿਲਕਾ ਦੇ ਸਾਬਕਾ ਗੈਂਗਸਟਰ ਅਤੇ ਰਾਜਨੇਤਾ ਜਸਵਿੰਦਰ ਸਿੰਘ ਰਾਕੀ ਦੀ ਹੱਤਿਆ ਕੀਤੀ ਸੀ, ਉਸਦੇ ਬਾਅਦ ਜਮਾਲਗੋਟਾ ਨੇ ਆਪ ਫ਼ੇਸਬੁਕ ਅਪਡੇਟ ਦੇ ਜਰੀਏ ਨਾ ਹੀ ਕੇਵਲ ਇਸ ਦੀ ਜ਼ਿੰਮੇਵਾਰੀ ਲਈ ਸੀ, ਸਗੋਂ ਭਠਿੰਡਾ ਦੇ ਇੱਕ ਪ੍ਰਮੁੱਖ ਪੁਲਿਸ ਮੁਖੀ ਨੂੰ ਧਮਕਾਇਆ ਵੀ ਸੀ।



ਜੈਪਾਲ ਸਿੰਘ ਭੁੱਲਰ,
ਜਮਾਲਗੋਟਾ ਗੈਂਗ




ਜੱਗੂ ਭਗਵਾਨਪੁਰੀਆ,
ਜੱਗੂ ਗੈਂਗ




ਲਾਰੇਂਸ ਬਿਸ਼ਨੋਈ,
ਲਾਰੇਂਸ ਗੈਂਗ



ਹਰਵਿੰਦਰ ਸੰਧੂ ਉਰਫ਼ ਰਿੰਦਾ,
ਰਿੰਦਾ ਗੈਂਗ



ਦਿਲਪ੍ਰੀਤ ਉਰਫ਼ ਬਾਬਾ,
ਦਿਲਪ੍ਰੀਤ ਗੈਂਗ



ਦਵਿੰਦਰ ਬੰਬੀਹਾ,
ਬੰਬੀਹਾ ਗੈਂਗ



ਸੁਪ੍ਰੀਤ ਉਰਫ਼ ਹੈਰੀ ਚੱਠਾ,
ਹੈਰੀ ਚੱਠਾ ਗੈਂਗ

ਪੰਜਾਬ ਦੇ ਇਹ ਦੋਵੇਂ ਗੈਂਗਸਟਰ ਆਪਣੇ ਵੱਖ-ਵੱਖ ਗੈਂਗ ਚਲਾਉਂਦੇ ਹਨ। ਹਰਵਿੰਦਰ ਸੰਧੂ, ਰਿੰਦਾ ਗੈਂਗ ਅਤੇ ਦਿਲਪ੍ਰੀਤ ਢਾਹਾਂ ਉਰਫ਼ ਬਾਬਾ, ਦਿਲਪ੍ਰੀਤ ਗੈਂਗ ਦਾ ਸਰਗਨਾ ਹੈ। ਇਹ ਦੋਨੋਂ ਗੈਂਗ ਪੰਜਾਬ ਦੇ 'ਏ' ਕਲਾਸ ਗੈਂਗਸ ਵਿੱਚ ਸ਼ਾਮਿਲ ਹਨ। ਦਿਲਪ੍ਰੀਤ ਨੂੰ ਹਾਲ ਹੀ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਰਿੰਦਾ ਹਾਲੇ ਵੀ ਭਗੌੜਾ ਹੈ।

ਪੰਜਾਬ ਪੁਲਿਸ ਦੇ ਖ਼ੁਫ਼ੀਆ ਵਿਭਾਗ ਦੇ ਪ੍ਰਮੁੱਖ ਰਾਜ ਕੁੰਵਰ ਫ਼ਤਹਿ ਪ੍ਰਤਾਪ ਸਿੰਘ ਦੇ ਮੁਤਾਬਕ ਪੰਜਾਬ ਦੀਆਂ ਜੇਲ੍ਹਾਂ ਵਿੱਚ 400 ਤੋਂ ਵੱਧ ਗੈਂਗਸਟਰ ਕੈਦ ਹਨ। ਇਸਦੇ ਇਲਾਵਾ ਪੰਜਾਬ ਵਿੱਚ 8 'ਏ' ਕਲਾਸ ਗੈਂਗਸਟਰ ਕੰਮ ਕਰ ਰਹੇ ਹਨ ਅਤੇ

ਜਾ ਰਿਹਾ ਹੈ। ਇਸ ਗੈਂਗ ਦਾ ਸਰਗਨਾ ਜੈਪਾਲ ਸਿੰਘ ਭੁੱਲਰ ਹੈ, ਜੋ ਫ਼ਿਰੋਜ਼ਪੁਰ ਦੇ ਇੱਕ ਸੇਵਾਮੁਕਤ ਸਹਾਇਕ ਪੁਲਿਸ ਇੰਸਪੇਕਟਰ ਦਾ ਪੁੱਤਰ ਹੈ।

### 2. ਜੱਗੂ ਗੈਂਗ

ਇਸ ਗੈਂਗ ਦਾ ਸਰਗਨਾ ਜੱਗੂ ਭਗਵਾਨਪੁਰੀਆ ਉਰਫ਼ ਜਸਦੀਪ ਸਿੰਘ ਹੈ ਜੋ ਬਟਾਲੇ ਦੇ ਭਗਵਾਨਪੁਰ ਪਿੰਡ ਦਾ ਰਹਿਣ ਵਾਲਾ ਹੈ। ਇਸਦੇ ਖਿਲਾਫ਼ ਪੰਜਾਬ ਅਤੇ ਦੂਜੇ ਰਾਜਾਂ ਦੀ ਵੱਖਰੀਆਂ ਅਦਾਲਤਾਂ ਵਿੱਚ 26 ਅਪਰਾਧਿਕ ਮਾਮਲੇ ਵਿਚਾਰ ਅਧੀਨ ਹਨ। ਉਹ ਫ਼ਿਲਹਾਲ ਪਟਿਆਲਾ ਜੇਲ੍ਹ ਵਿੱਚ ਬੰਦ ਹੈ। ਜੱਗੂ ਅਤੇ ਉਸਦੇ ਅੱਧਾ ਦਰਜਨ ਸਾਥੀ ਪੰਜਾਬ ਦੀਆਂ ਜੇਲਾਂ ਵਿੱਚ ਬੰਦ ਹਨ,

### 4. ਰਿੰਦਾ ਗੈਂਗ

ਇਸ ਗੈਂਗ ਦਾ ਸਰਗਨਾ ਹਰਵਿੰਦਰ ਸੰਧੂ ਉਰਫ਼ ਰਿੰਦਾ ਹੈ ਜੋ ਮੂਲ ਤੌਰ 'ਤੇ ਪੰਜਾਬ ਦੇ ਤਰਨਤਾਰਨ ਦਾ ਰਹਿਣ ਵਾਲਾ ਹੈ। ਉਹ ਮਹਾਰਾਸ਼ਟਰ ਦੇ ਨਾਂਦੇੜ ਤੋਂ ਆਪਣਾ ਗੈਂਗ ਚਲਾਉਂਦਾ ਹੈ ਅਤੇ ਪੰਜਾਬ ਪੁਲਿਸ ਦੁਆਰਾ ਭਗੌੜਾ ਕਰਾਰ ਦਿੱਤਾ ਗਿਆ ਹੈ। ਉਸਨੇ ਸਾਲ 2016 ਵਿੱਚ ਪਟਿਆਲਾ ਜੇਲ੍ਹ ਦੇ ਕਰਮਚਾਰੀਆਂ ਉੱਤੇ ਵੀ ਹਮਲਾ ਕਰ ਦਿੱਤਾ ਸੀ। ਉਸਦੇ ਖਿਲਾਫ਼ ਪੰਜਾਬ, ਮਹਾਰਾਸ਼ਟਰ, ਹਰਿਆਣਾ ਅਤੇ ਕਈ ਰਾਜਾਂ ਵਿੱਚ ਕਈ ਸੰਗੀਨ ਆਪਰਾਧਿਕ ਮਾਮਲੇ ਦਰਜ ਕੀਤੇ ਗਏ ਹਨ। ਪੁਲਿਸ ਨੂੰ ਸ਼ੱਕ ਹੈ ਕਿ ਉਹ ਇੱਕ ਖਾਲਿਸਤਾਨ ਸਮਰਥਕ ਵੀ ਹੈ।



ਉਰਫ਼ ਹੈਰੀ ਚੱਠਾ ਹੈ। ਉਹ ਪੰਜਾਬ ਦੇ ਬਟਾਲੇ ਦੇ ਇੱਕ ਪਿੰਡ ਦਾ ਰਹਿਣ ਵਾਲਾ ਹੈ। ਇਸਦੇ ਖਿਲਾਫ਼ ਅਗਵਾਹ, ਗੈਂਗਵਾਰ, ਹੱਤਿਆ, ਚੋਰੀ, ਡਕੈਤੀ ਅਤੇ ਨਾਭਾ ਜੇਲ੍ਹ ਬ੍ਰੇਕ ਵਰਗੇ ਅੱਠ ਸੰਗੀਨ ਮਾਮਲੇ ਦਰਜ ਹਨ। ਉਹ ਫ਼ਿਲਹਾਲ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹੈ ਅਤੇ ਉਸਨੂੰ ਭਗੌੜਾ ਕਰਾਰ ਦਿੱਤਾ ਗਿਆ ਹੈ। ਉਸ ਉੱਤੇ ਇਲਜ਼ਾਮ ਹੈ ਕਿ ਉਸਨੇ ਨਾਭਾ ਜੇਲ੍ਹ ਤੋੜਨ ਵਾਲੇ ਖਾਲਿਸਤਾਨੀ ਖਾੜਕੂਆਂ ਅਤੇ ਗੈਂਗਸਟਰਾਂ ਦੀ ਮਦਦ ਕੀਤੀ ਸੀ।

### 8. ਗੁਰਪ੍ਰੀਤ ਸੇਖੋਂ ਗੈਂਗ

ਇਸ ਗੈਂਗ ਦਾ ਸਰਗਨਾ ਗੁਰਪ੍ਰੀਤ ਦਮਗਜੀਆ ਹੈ, ਜੋ ਫ਼ਿਰੋਜ਼ਪੁਰ ਦਾ ਰਹਿਣ ਵਾਲਾ ਹੈ। ਉਸਦੇ ਗੈਂਗ ਦਾ ਇੱਕ ਖ਼ੂੰਖਾਰ ਗੈਂਗਸਟਰ ਵਿੱਕੀ ਗੌਂਡਰ ਪੁਲਿਸ ਐਨਕਾਉਂਟਰ ਵਿੱਚ ਮਾਰਿਆ ਜਾ ਚੁੱਕਿਆ ਹੈ। ਗੁਰਪ੍ਰੀਤ ਸੇਖੋਂ 'ਤੇ ਨਾਭਾ ਜੇਲ੍ਹ ਤੋੜਨ ਅਤੇ ਸੁਖਾ ਕਾਹਲਵਾਂ ਗੈਂਗਸਟਰ ਦੀ ਹੱਤਿਆ ਕਰਨ ਅਤੇ ਪੁਲਿਸ ਤੋਂ ਹਥਿਆਰ ਖੋਹਣ ਦੇ ਮਾਮਲੇ ਦਰਜ ਹਨ। ਇਹ ਗੈਂਗਸਟਰ ਕਿੰਨਾ ਖ਼ੂੰਖਾਰ ਹੈ, ਇਸਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਨਵਰੀ 2015 ਵਿੱਚ ਸੁੱਖਾ ਕਹਲਵਾਂ ਦੇ ਸਰੀਰ ਵਿੱਚ 40 ਗੋਲੀਆਂ ਦਾਗਣ ਤੋਂ ਬਾਅਦ ਉਸਨੇ ਅਤੇ ਉਸਦੇ ਸਾਥੀਆਂ ਨੇ ਉਸਦੀ ਲਾਸ਼ 'ਤੇ ਭੰਗੜਾ ਪਾਇਆ ਸੀ।

ਦੇਸ਼ ਦੀ ਸੁਰੱਖਿਆ ਲਈ ਪੰਜਾਬ ਦੇ ਗੈਂਗਸਟਰ ਖ਼ਤਰਾ ਬਣ ਚੁੱਕੇ ਹਨ। ਵਰਨਣਯੋਗ ਹੈ ਕਿ ਖ਼ੁਫ਼ੀਆ ਏਜੰਸੀਆਂ

ਨਿਰਮਿਤ ਹਥਿਆਰ ਬਰਾਮਦ ਕੀਤੇ ਗਏ ਹਨ। ਪਾਕਿਸਤਾਨ 'ਚ ਸਰਗਰਮ ਬੱਬਰ ਖਾਲਸੇ ਦੇ ਨਵੇਂ ਪ੍ਰਮੁੱਖ ਵਧਾਵਾ ਸਿੰਘ 'ਤੇ ਆਈ ਏਸ ਆਈ ਲਗਾਤਾਰ ਪੰਜਾਬ ਵਿੱਚ ਨਕਲੀ ਕਰੰਸੀ ਅਤੇ ਹੈਰੋਇਨ ਤਸਕਰੀ ਲਈ ਦਬਾਅ ਪਾ ਰਹੀ ਹੈ। ਵਿਦੇਸ਼ਾਂ 'ਚ ਬੈਠੇ ਖਾਲਿਸਤਾਨੀ ਗਰੁੱਪ ਨਕਲੀ ਕਰੰਸੀ ਅਤੇ ਹੈਰੋਇਨ ਦੀ ਸਮਗਲਿੰਗ ਦੇ ਜਰੀਏ ਨਾ ਹੀ ਕੇਵਲ ਹਥਿਆਰ ਖਰੀਦ ਰਹੇ ਹਨ ਸਗੋਂ ਉਸ ਪੈਸੇ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਲਲਚਾਉਣ ਅਤੇ ਵਰਗਲਾਉਣ ਦੀ ਕੋਸ਼ਿਸ਼ ਵੀ ਕਰ ਰਹੇ ਹਨ। ਹਾਲ ਹੀ ਚੰਡੀਗੜ੍ਹ ਵਿੱਚ ਇੱਕ ਐਨਕਾਉਂਟਰ ਦੇ ਦੌਰਾਨ ਜਿੰਦਾ ਗ੍ਰਿਫ਼ਤਾਰ ਕੀਤੇ ਗਏ ਗੈਂਗਸਟਰ ਦਿਲਪ੍ਰੀਤ ਸਿੰਘ ਢਾਹਾਂ ਉਰਫ਼ ਬਾਬਾ ਨੇ ਪੁਲਿਸ ਪੁੱਛਗਿਛ ਵਿੱਚ ਖੁਲਾਸਾ ਕੀਤਾ ਕਿ ਉਹ ਅਤੇ ਭਗੌੜਾ ਗੈਂਗਸਟਰ ਹਰਵਿੰਦਰ ਸੰਧੂ ਉਰਫ਼ ਰਿੰਦਾ ਕਈ ਵਾਰ ਵਧਾਵਾ ਸਿੰਘ ਨਾਲ ਗੱਲ ਕਰ ਚੁੱਕੇ ਹਨ। ਪੰਜਾਬ ਪੁਲਿਸ ਦੇ ਇੰਟੇਲਿਜੈਂਸ ਵਿਭਾਗ ਪ੍ਰਮੁੱਖ ਰਾਜ ਕੁੰਵਰ ਫ਼ਤਹਿ ਪ੍ਰਤਾਪ ਸਿੰਘ ਨੇ ਮੰਨਿਆ ਹੈ ਕਿ ਕਈ ਗੈਂਗਸਟਰ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ ਐਸ ਆਈ ਦੇ ਸੰਪਰਕ ਵਿੱਚ ਹਨ, ਪੁਲਿਸ ਉਨ੍ਹਾਂ ਉੱਤੇ ਨਜ਼ਰ ਰੱਖ ਰਹੀ ਹੈ। ਗੁਜ਼ਰੇ ਕੁੱਝ ਸਮੇਂ ਤੋਂ ਪੰਜਾਬ ਦੇ ਗੈਂਗਸਟਰ ਆਪਣੀ ਗਤੀਵਿਧੀਆਂ ਚਲਉਣ ਲਈ ਸੋਸ਼ਲ ਮੀਡੀਆ ਦਾ ਖੁੱਲ੍ਹਕੇ ਇਸਤੇਮਾਲ ਕਰ ਰਹੇ ਹਨ। ਪੰਜਾਬ ਦੀਆਂ ਜੇਲ੍ਹਾਂ 'ਚ ਬੰਦ ਵੱਡੇ ਗੈਂਗਸਟਰ ਆਪਣੀ ਅਪਰਾਧਿਕ

ਹਾਲ ਹੀ 'ਚ ਗ੍ਰਿਫ਼ਤਾਰ ਕੀਤੇ ਗਏ ਗੈਂਗਸਟਰ ਦਿਲਪ੍ਰੀਤ ਸਿੰਘ ਉਰਫ਼ ਬਾਬਾ ਨੇ ਵੀ ਪੰਜਾਬੀ ਗਾਇਕ ਪਰਮੇਸ਼ ਵਰਮਾ ਉੱਤੇ ਹਮਲਾ ਕਰਨ ਦੇ ਬਾਅਦ ਫ਼ੇਸਬੁਕ ਉੱਤੇ ਇਸਦੀ ਜ਼ਿੰਮੇਵਾਰੀ ਲਈ ਸੀ। ਉਸ ਨੇ ਬਕਾਇਦਾ ਸੋਸ਼ਲ ਮੀਡੀਆ ਦਾ ਇਸਤੇਮਾਲ ਕਰਨ ਲਈ ਇੱਕ ਐਮ ਬੀ ਏ ਗੁਰਗਾ ਵੀ ਰੱਖਿਆ ਹੈ, ਜਿਸ ਨੂੰ ਮੋਹਾਲੀ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ। ਪੰਜਾਬ ਪੁਲਿਸ ਨੇ ਸੋਸ਼ਲ ਮੀਡੀਆ ਖਾਸਕਰ ਫ਼ੇਸਬੁਕ ਅਤੇ ਵਟਸਐਪ ਉੱਤੇ ਗੈਂਗਸਟਰ ਅਤੇ ਮੁਲਜ਼ਮਾਂ ਦੇ ਵੱਧਦੇ ਜੋਸ਼ ਨੂੰ ਵੇਖਦੇ ਹੋਏ ਬਕਾਇਦਾ ਇੱਕ ਸਾਈਬਰ ਸੈਲ ਦਾ ਗਠਨ ਕੀਤਾ ਹੈ, ਜੋ ਇਹਨਾਂ ਦੀ ਗਤੀਵਿਧੀਆਂ ਉੱਤੇ ਨਜ਼ਰ ਰੱਖਦਾ ਹੈ। ਪੁਲਿਸ ਸੂਤਰਾਂ ਦੇ ਮੁਤਾਬਿਕ ਹਾਲ ਹੀ 'ਚ ਗਿਰਫ਼ਤਾਰ ਕੀਤੇ ਗਏ ਦਰਜਨ ਤੋਂ ਵੱਧ ਗੈਂਗਸਟਰ ਸੋਸ਼ਲ ਮੀਡਿਆ 'ਤੇ ਮਿਲੇ ਲਿੰਕਸ ਦੇ ਜ਼ਰੀਏ ਹੀ ਫ਼ੜੇ ਗਏ ਹਨ। ਪੰਜਾਬ ਪੁਲਿਸ ਸੋਸ਼ਲ ਮੀਡੀਏ ਨੂੰ ਅਪਰਾਧੀਆਂ ਨੂੰ ਦਬੋਚਣ ਲਈ



ਗਗਨਦੀਪ ਸਿੰਘ
ਐਮ. ਏ. ਜੇ. ਐਮ.ਸੀ.,
ਪੰਜਾਬੀ ਯੂਨੀਵਰਸਿਟੀ ਪਟਿਆਲਾ
9592398822

## ਸੇਵਾ ਸਿੰਘ ਠੀਕਰੀਵਾਲਾ ਦੇ ਪੜਪੋਤੇ ਜਗਮੀਤ ਸਿੰਘ ਦਾ ਐਨ ਡੀ ਪੀ ਦੇ ਕੌਮੀ ਆਗੂ ਬਣਨ ਤੱਕ ਦਾ ਸਫ਼ਰ

# ਬਰਨਬੀ ਸਾਊਥ ਤੋਂ ਚੋਣ ਲੜਨ ਦਾ ਐਲਾਨ, ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਅੱਖ

ਟੋਰਾਂਟੋ (ਪੰਜਾਬੀ ਦੁਨੀਆ ਬਿਊਰੋ) : ਕੈਨੇਡਾ ਦੇ ਐੱਨਡੀਪੀ ਆਗੂ ਜਗਮੀਤ ਸਿੰਘ ਨੇ ਟਵਿਟਰ 'ਤੇ ਪੋਸਟ ਕਰਕੇ ਬਰਨਬੀ ਸਾਊਥ ਤੋਂ ਜ਼ਿਮਨੀ ਚੋਣ ਲੜਨ ਦੀ ਇੱਛਾ ਜ਼ਾਹਿਰ ਕੀਤੀ ਹੈ। ਉਨ੍ਹਾਂ ਕਿਹਾ,"ਘਰ ਤੋਂ ਸਿਹਤ ਸਹੂਲਤਾਂ ਤੱਕ ਮਸਲਿਆਂ 'ਤੇ ਬਰਨਬੀ ਅਤੇ ਸਾਰੇ ਕੈਨੇਡਾ ਨੂੰ ਹੱਲ ਦੀ ਲੋੜ ਹੈ। ਅੱਜ ਸਿਰਫ਼ ਐੱਨਡੀਪੀ ਹੀ ਅਜਿਹੀ ਪਾਰਟੀ ਹੈ ਜੋ ਸਭ ਕੁਝ ਕਰ ਸਕਦੀ ਹੈ ਅਤੇ ਕੁਝ ਵੱਖਰਾ ਕਰਨ ਦੀ ਸਮਰੱਥਾ ਰੱਖਦੀ ਹੈ।" 38 ਸਾਲਾ ਜਗਮੀਤ ਸਿੰਘ ਕਿਸੇ ਘੱਟ-ਗਿਣਤੀ ਭਾਈਚਾਰੇ ਦਾ ਪਹਿਲਾ ਚਿਹਰਾ ਹੈ ਜੋ ਦੇਸ਼ ਦੀ ਫੈਡਰਲ ਪਾਰਟੀ ਦਾ ਮੋਢੀ ਬਣਿਆ ਹੈ। ਖੱਬੇ-ਪੱਖੀ ਪਾਰਟੀ ਦੇ ਤਿੰਨ ਉਮੀਦਵਾਰਾਂ ਨੂੰ ਹਰਾ ਕੇ ਜਗਮੀਤ ਸਿੰਘ ਪਾਰਟੀ ਦੇ ਆਗੂ ਚੁਣੇ ਗਏ ਸਨ। ਨਿਊ ਡੈਮੋਕ੍ਰੇਟਿਕ ਪਾਰਟੀ 2015 ਵਿੱਚ 44 ਸੀਟਾਂ ਹੀ ਜਿੱਤ ਸਕੀ ਸੀ ਅਤੇ ਜਗਮੀਤ ਲਈ ਪਾਰਟੀ ਨੂੰ ਮੁੜ ਸੁਰਜੀਤ ਕਰਨਾ ਵੱਡੀ ਚੁਣੌਤੀ ਹੋਏਗਾ। ਪਾਰਟੀ ਦੀ ਅਗਵਾਈ ਦੀ ਚੋਣ ਲਈ ਜਗਮੀਤ ਨੇ 53.6% ਫੀਸਦ ਵੋਟ ਹਾਸਿਲ ਕਰਕੇ ਜਿੱਤ ਦਰਜ ਕੀਤੀ। ਜਗਮੀਤ ਨੇ ਜਿੱਤ ਤੋਂ ਬਾਅਦ ਕਿਹਾ ਸੀ, "ਇਸ ਮੁਕਾਬਲੇ ਨੇ ਪਾਰਟੀ ਅੰਦਰ ਜੋਸ਼ ਭਰ ਦਿੱਤਾ ਹੈ





ਅਤੇ ਇਹ ਜਿੱਤ ਮੇਰੇ ਲਈ ਬੜੇ ਮਾਣ ਵਾਲੀ ਗੱਲ ਹੈ।" ਜਗਮੀਤ ਸਿੰਘ ਕੈਨੇਡਾ ਦੀ ਪ੍ਰਮੁੱਖ ਸਿਆਸੀ ਧਿਰ 'ਨਿਊ ਡੈਮੋਕਰੇਟਿਕ ਪਾਰਟੀ' ਦੇ ਕੱਦਾਵਰ ਆਗੂ ਹਨ। ਪਾਰਟੀ ਪ੍ਰਧਾਨਗੀ ਦੀ ਚੋਣ ਦੌਰਾਨ ਕੁਝ ਲੋਕਾਂ ਵੱਲੋਂ ਉਨ੍ਹਾਂ ਦੀ ਰੈਲੀ ਵਿਚ ਪਹੁੰਚ ਕੇ ਉਨ੍ਹਾਂ ਖਿਲਾਫ਼ ਨਸਲੀ ਟਿੱਪਣੀਆਂ ਕਰਨ ਕਰਕੇ ਉਹ ਮੁੜ ਚਰਚਾ ਵਿਚ ਆ ਗਏ ਸਨ । ਠੀਕਰੀਵਾਲਾ ਦੇ ਪੜਪੋਤੇ ਹਨ ਜਗਮੀਤ ਸਿੰਘ : ਜਗਮੀਤ ਸਿੰਘ ਭਾਰਤ ਦੀ ਅਜ਼ਾਦੀ ਦੌਰਾਨ ਚੱਲਣ ਵਾਲੀਆਂ ਲਹਿਰਾਂ ਵਿਚੋਂ ਇਕ ਪਰਜਾ ਮੰਡਲ ਲਹਿਰ ਦੇ ਪ੍ਰਮੁੱਖ ਆਗੂ ਸੇਵਾ ਸਿੰਘ ਠੀਕਰੀਵਾਲਾ ਦੇ ਪੜਪੋਤੇ ਹਨ। ਸੇਵਾ ਸਿੰਘ ਠੀਕਰੀਵਾਲਾ ਨੇ ਪਟਿਆਲਾ ਰਿਆਸਤ ਅਤੇ ਅੰਗਰੇਜ਼ ਹਕੂਮਤ ਖਿਲਾਫ਼ ਲੜਾਈ ਲੜੀ ਸੀ। ਉਹ ਭਾਰਤ ਦੇ ਇਤਿਹਾਸ ਵਿੱਚ ਸਭ ਤੋਂ ਲੰਮਾ ਮਰਨ ਵਰਤ ਰੱਖ ਕੇ ਜਾਨ ਵਾਰਨ ਵਾਲੇ ਆਗੂ ਸਨ। ਜਗਮੀਤ ਸਿੰਘ ਦੇ ਪਿਤਾ ਪੇਸ਼ੇ ਵਜੋਂ ਡਾਕਟਰ ਸਨ ਪਰ ਉਹ ਕੈਨੇਡਾ ਚਲੇ ਗਏ ਅਤੇ ਉਥੇ ਹੀ 2 ਜਨਵਰੀ 1979 ਨੂੰ ਜਗਮੀਤ ਸਿੰਘ ਦਾ ਜਨਮ ਹੋਇਆ ਸੀ। ਨਸਲੀ ਵਿਤਕਰਿਆਂ ਨੇ ਹੀ ਬਣਾਇਆ ਆਗੂ : ਜਗਮੀਤ ਸਿੰਘ ਬਚਪਨ ਵਿਚ ਜਦੋਂ ਸਕੂਲ ਜਾਂਦੇ ਸਨ ਤਾਂ ਉਨ੍ਹਾਂ ਨਾਲ ਪੜ੍ਹਨ ਵਾਲੇ ਬੱਚੇ ਉਨ੍ਹਾਂ ਦੀ ਭੂਰੀ ਚਮੜੀ ਕਾਰਨ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਸਨ। ਉਹ ਉਸ ਨੂੰ ਪੁੱਛਦੇ ਸਨ, "ਤੇਰੀ ਚਮੜੀ ਭੂਰੀ ਕਿਉਂ ਹੈ ? ਕੀ ਤੂੰ ਨਹਾਉਂਦਾ ਨਹੀਂ ਹੈਂ, ਤੂੰ ਆਪਣੇ ਵਾਲ ਕਿਉਂ ਨਹੀਂ ਕੱਟਦਾ ?" ਜਗਮੀਤ ਖੁਦ ਮੀਡੀਆ ਨਾਲ ਮੁਲਾਕਾਤਾਂ ਦੌਰਾਨ ਦੱਸਦੇ ਹਨ ਕਿ ਉਹ ਕਈ ਵਾਰ ਤਾਂ ਬੱਚਿਆਂ ਨਾਲ ਲੜ ਪੈਂਦਾ ਸੀ। ਆਪਣੇ ਅਤੇ ਦੂਜੇ ਲੋਕਾਂ ਨਾਲ ਹੋਣ ਵਾਲੀ ਇਸ ਬੇਇਨਸਾਫੀ ਨੇ ਉਸਦੀ ਸੋਚ ਨੂੰ ਇਕ ਕਾਰਕੁੰਨ ਦਾ ਰੂਪ ਦੇ ਦਿੱਤਾ ਅਤੇ ਉਹ ਆਪਣੇ ਭਾਈਚਾਰੇ ਅਤੇ ਦੂਜੇ ਲੋਕਾਂ ਦੇ ਹਿੱਤਾਂ ਲਈ ਲੜਨ ਲੱਗ ਪਿਆ। ਪੇਸ਼ੇ ਵਜੋਂ ਕ੍ਰਿਮੀਨਲ ਵਕੀਲ : ਜਗਮੀਤ ਸਿੰਘ ਪੇਸ਼ੇ ਵਜੋਂ ਕ੍ਰਿਮੀਨਲ ਵਕੀਲ ਹਨ। ਉਨ੍ਹਾਂ ਨੇ ਭਾਰਤ ਵਿਚ ਸਿੱਖ ਵਿਰੋਧੀ ਕਤਲੇਆਮ, ਕੈਨੇਡਾ ਵਿਚ ਟਿਊਸ਼ਨ ਫੀਸ ਵਿਰੋਧੀ ਲਹਿਰ ਅਤੇ ਜੰਗ ਵਿਰੋਧੀ ਮੋਰਚੇ ਲਾਏ। ਉਹ ਦੁਨੀਆਂ ਭਰ ਵਿੱਚ ਅਮਨ ਸ਼ਾਂਤੀ ਦੇ ਮੁਦੱਈ ਹਨ। ਉਨ੍ਹਾਂ ਦੀ ਇਸੇ ਸੋਚ ਅਤੇ ਸੰਘਰਸ਼ ਕਾਰਨ ਮਨੁੱਖੀ ਅਧਿਕਾਰ ਸੰਗਠਨਾਂ ਨੇ ਉਨ੍ਹਾਂ ਨੂੰ ਸਿਆਸਤ ਵਿੱਚ ਆਉਣ ਲਈ ਪ੍ਰੇਰਿਤ ਕੀਤਾ। ਯੂਥ ਆਈਕਨ ਹਨ ਜਗਮੀਤ ਸਿੰਘ : ਓਨਟਾਰੀਓ ਦੀ ਬਰੈਮਲੀ ਗੋਰ ਮਾਲਟਨ ਰਾਈਡਿੰਗ ਤੋਂ ਵਿਧਾਇਕ ਜਗਮੀਤ ਸਿੰਘ 2011 ਤੋਂ ਲਗਾਤਾਰ ਚੋਣ ਜਿੱਤ ਰਹੇ ਹਨ। ਇਸ ਸਮੇਂ ਓਨਟਾਰੀਓ ਅਸੈਂਬਲੀ ਵਿਚ ਵਿਰੋਧੀ ਧਿਰ ਦੇ ਉਪ ਨੇਤਾ ਹਨ। 2013 ਵਿੱਚ ਉਨ੍ਹਾਂ ਨੂੰ ਇਕ ਮੀਡੀਆ ਸੰਗਠਨ ਵਲੋਂ ਕੀਤੇ ਗਏ ਅਧਿਐਨ ਦੌਰਾਨ ਕੈਨੇਡਾ ਦੇ 5 ਨੌਜਵਾਨ ਸਿਤਾਰਿਆਂ ਵਿਚੋਂ ਇੱਕ ਚੁਣਿਆ ਗਿਆ। ਉਹ ਪਹਿਲੇ 10 ਕੈਨੇਡੀਅਨ ਵਿਅਕਤੀਆਂ ਵਿਚ ਸ਼ਾਮਲ ਕੀਤੇ ਗਏ, ਜਿਹੜੇ ਆਪਣੇ ਪਹਿਰਾਵੇ ਕਾਰਨ ਸੋਹਣੇ ਦਿਸਦੇ ਹਨ। ਉਨ੍ਹਾਂ ਦਾ ਨਾਂ ਕੈਨੇਡਾ ਦੇ 25 ਸਭ ਤੋਂ ਵੱਧ ਸਟਾਈਲਿਸ਼ ਵਿਅਕਤੀਆਂ ਵਿਚ ਵੀ ਆਉਂਦਾ ਹੈ।

ਭਾਰਤ ਨੇ ਨਹੀਂ ਦਿੱਤਾ ਸੀ ਵੀਜ਼ਾ : ਜਗਮਿਤ ਸਿੰਘ ਭਾਵੇਂ ਬਚਪਨ ਵਿਚ ਪਟਿਆਲਾ ਰਹਿ ਚੁੱਕੇ ਹਨ ਅਤੇ ਉਹ ਭਾਰਤ ਆਉਂਦੇ ਜਾਂਦੇ ਰਹੇ ਹਨ, ਪਰ ਆਪਣੇ ਕਾਲਜ ਸਮੇਂ ਦੌਰਾਨ ਉਨ੍ਹਾਂ ਭਾਰਤ ਵਿਚ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਮੁਹਿੰਮ ਚਲਾਈ। ਤਤਕਾਲੀ ਵਪਾਰ ਮੰਤਰੀ ਕਮਲ ਨਾਥ ਖਿਲਾਫ ਟੋਰਾਂਟੋ ਵਿਚ ਵੱਡਾ ਮੁਜ਼ਾਹਰਾ ਕੀਤਾ, ਜਿਸ ਤੋਂ ਬਾਅਦ ਉਨ੍ਹਾਂ ਨੂੰ 2013 ਵਿਚ ਭਾਰਤ ਆਉਣ ਦਾ ਵੀਜ਼ਾ ਨਹੀਂ ਦਿੱਤਾ ਗਿਆ। ਜਿਸ ਦਾ ਕਾਫੀ ਵਿਵਾਦ ਉਠਿਆ ਸੀ। ਬਦਲਿਆ ਇਤਿਹਾਸ : ਐਨ. ਡੀ. ਪੀ. ਦੇ ਕੌਮੀ ਪ੍ਰਧਾਨ ਦੀ ਚੋਣ ਲੜੇ ਜਗਮੀਤ ਸਿੰਘ ਦਾ ਮੁਕਾਬਲਾ ਕਾਫੀ ਸਖ਼ਤ ਸੀ, ਪਰ ਉਹ ਅੰਗਰੇਜ਼ੀ, ਪੰਜਾਬੀ, ਫਰੈਂਚ ਅਤੇ ਹੋਰ ਕਈ ਭਾਸ਼ਾਵਾਂ ਬੋਲਦੇ ਹੋਣ ਕਾਰਨ ਅਤੇ ਇਕ ਚਰਚਿਤ ਵਕੀਲ ਤੇ ਨੌਜਵਾਨ ਆਗੂ ਵਜੋਂ ਲੋਕਾਂ ਨੂੰ ਆਕਰਸ਼ਣ ਰਹੇ। ਆਪਣੇ ਹਲਕੇ ਵਿੱਚ ਸਾਈਕਲ 'ਤੇ ਘੁੰਮਣਾ, ਆਮ ਲੋਕਾਂ ਦੇ ਹੱਕਾਂ ਲਈ ਡਟ ਕੇ ਖੜ੍ਹਨ ਵਾਲੇ ਜਗਮੀਤ ਇਹ ਚੋਣ ਜਿੱਤ ਕੇ ਕਿਸੇ ਕੈਨੇਡੀਅਨ ਸਿਆਸੀ ਪਾਰਟੀ ਦੇ ਕੌਮੀ ਪ੍ਰਧਾਨ ਬਣਨ ਵਾਲੇ ਪਹਿਲੇ ਗੈਰ ਗੋਰੇ ਸਿਆਸਤਦਾਨ ਬਣ ਗਏ ਹਨ।

2019 'ਚ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਅੱਖ : ਐਨ. ਡੀ. ਪੀ. ਦੇ ਕੌਮੀ ਪ੍ਰਧਾਨ ਵਜੋਂ ਉਹ 2019 ਵਿਚ ਕੈਨੇਡਾ ਦੀਆਂ ਫੈਡਰਲ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਪਾਰਟੀ ਵਲੋਂ ਆਪਣੇ ਆਪ ਹੀ ਉਮੀਦਵਾਰ ਬਣ ਗਏ ਹਨ। ਜ਼ਰਾ ਸੋਚੋ ਕਿ 2019 ਵਿਚ ਜਸਟਿਨ ਟਰੂਡੋ ਦੇ ਸਾਹਮਣੇ ਬਹਿਸ ਕਰਨ ਲਈ ਜਗਮੀਤ ਸਿੰਘ ਵੀ ਆਉਣਗੇ ।

# ਕੈਨੇਡਾ ਨੇ ਏਅਰਪੋਰਟ 'ਤੇ ਸ਼ੁਰੂ ਕੀਤਾ ਇੰਟਰਵਿਊ ਦਾ ਸਿਲਸਿਲਾ

## ਅਧਿਕਾਰੀਆਂ ਦੀ ਸੰਤੁਸ਼ਟੀ ਨਾ ਹੋਣ 'ਤੇ ਹੋਣਾ ਪਵੇਗਾ ਡਿਪੋਰਟ




ਚੰਡੀਗੜ੍ਹ (ਪੱਤਰ ਪ੍ਰੇਰਕ): ਹੁਣ ਜੋ ਵਿਦਿਆਰਥੀ ਕੈਨੇਡਾ ਵਿੱਚ ਪੜ੍ਹਨ ਦਾ ਸੁਫਨਾ ਵੇਖ ਰਹੇ ਨੇ ਉਹ ਜਰਾ ਸਾਵਧਾਨ ਹੋ ਜਾਣ ਕਿਉਂਕਿ ਉਚੇਰੀ ਸਿੱਖਿਆ ਦੇ ਨਾਮ ਤੇ ਕੈਨੇਡਾ ਸੈਟਲ ਹੋਣ ਵਾਲੇ ਪੰਜਾਬੀਆਂ ਲਈ ਕੈਨੇਡਾ ਸਰਕਾਰ ਨੇ ਸ਼ਿਕੰਜਾ ਕੱਸ ਲਿਆ ਹੈ। ਜੇਕਰ ਏਜੰਟ ਰਾਹੀਂ ਵਿਦਿਆਰਥੀ ਕੈਨੇਡਾ ਪਹੁੰਚ ਵੀ ਜਾਂਦੇ ਹਨ ਪਰ ਉਥੇ ਹੁਣ ਉਹਨਾਂ ਲਈ ਐਂਟਰੀ ਕਰਨਾ ਮੁਸ਼ਕਿਲ ਹੋਵੇਗਾ, ਕਿਉਂਕਿ ਅਜਿਹੇ ਵਿਦਿਆਰਥੀਆਂ ਦੀ ਜਨਰਲ ਨਾਲੇਜ ਤੇ ਅੰਗਰੇਜੀ ਭਾਸ਼ਾ 'ਤੇ ਪਕੜ ਦੇ ਟੈਸਟ ਲਈ ਹੁਣ ਏਅਰਪੋਰਟ 'ਤੇ ਹੀ ਇੰਟਰਵਿਊ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ। ਫੇਲ੍ਹ ਹੋਣ ਤੇ ਇੰਮੀਗ੍ਰੇਸ਼ਨ ਅਥਾਰਿਟੀ ਵਿਦਿਆਰਥੀਆਂ ਨੂੰ ਏਅਰਪੋਰਟ ਤੋਂ ਹੀ ਡਿਪੋਰਟ ਕਰ ਦੇਵੇਗੀ। ਹੁਣ ਇਸ ਦੀ ਸ਼ੁਰੂਆਤ ਹੋ ਚੁੱਕੀ ਹੈ। ਹਾਲ ਹੀ ਵਿੱਚ ਪਟਿਆਲਾ ਦੇ ਇੱਕ ਵਿਦਿਆਰਥੀ ਨੂੰ ਡਿਪੋਰਟ ਕੀਤਾ ਗਿਆ ਹੈ। ਉੱਥੇ ਪਹੁੰਚ ਕੇ ਜਦੋਂ ਵਿਦਿਆਰਥੀ ਤੋਂ ਪੁੱਛਿਆ ਗਿਆ ਕਿ ਉਹ ਕਿਹੜਾ ਕੋਰਸ ਕਰਨ ਆਇਆ ਹੈ ਤੇ ਕਿਸ ਕਾਲਜ ਵਿੱਚ ਉਸਦਾ ਦਾਖਲਾ ਹੋਇਆ ਹੈ ਤਾਂ ਉਹ ਇਸ ਦਾ ਕੋਈ ਤਸੱਲੀਬਖਸ਼ ਜਵਾਬ ਨਾ ਦੇ ਸਕਿਆ। ਇਹੀ ਨਹੀਂ ਫਾਰਮ ਜੋ ਵਿਦਿਆਰਥੀ ਨੂੰ ਖੁਦ ਭਰਨਾ ਹੁੰਦਾ ਹੈ ਉਹ ਵੀ ਉਸਦੀ ਭੈਣ ਨੇ ਭਰਿਆ ਸੀ। ਅਜਿਹੀ ਸਥਿਤੀ ਵਿੱਚ ਇੰਮੀਗ੍ਰੇਸ਼ਨ ਅਥਾਰਿਟੀ ਨੂੰ ਵਿਦਿਆਰਥੀ ਦੀ ਅੰਗਰੇਜੀ 'ਤੇ ਪਕੜ ਕਮਜ਼ੋਰ ਲੱਗੀ ਤਾਂ ਉਸ ਨੂੰ ਕੈਨੇਡਾ ਚ ਦਾਖਲ ਨਾ ਹੋਣ ਦਿੱਤਾ ਗਿਆ ਤੇ ਏਅਰਪੋਰਟ ਤੋਂ ਹੀ ਵਾਪਸ ਭੇਜ ਦਿੱਤਾ ਗਿਆ। ਜ਼ਿਕਰਯੋਗ ਹੈ ਕਿ 3 ਸਾਲਾਂ ਚ ਕਰੀਬ 30 ਹਜ਼ਾਰ ਕਰੋੜ ਦੀ ਭਾਰਤੀ ਕਰੰਸੀ ਕੈਨੇਡਾ ਉੱਚ ਸਿੱਖਿਆ ਦੇ ਨਾਮ ਤੇ ਟ੍ਰਾਂਸਫਰ ਕੀਤੀ ਗਈ ਹੈ। ਜਾਣਕਾਰੀ ਮੁਤਾਬਿਕ ਇੱਕ ਵਿਦਿਆਰਥੀ ਹਰ ਸਾਲ 12 ਲੱਖ ਰੁਪਏ ਦੀ ਫੀਸ ਭਰਦਾ ਹੈ। 2 ਲੱਖ ਆਪਣੇ ਖਰਚੇ ਲਈ ਲੈ ਕੇ ਜਾਂਦਾ ਹੈ। ਅਗਲੇ ਸਾਲ ਪਹਿਲੇ ਸੈਮੇਸਟਰ ਲਈ 6 ਲੱਖ ਫਿਰ ਮੰਗਵਾਉਂਦਾ ਹੈ। ਫਿਰ ਉੱਥੇ ਕੰਮ ਕਰਕੇ ਆਪਣੇ ਅਗਲੇ ਡੇਢ ਸਾਲ ਦੀ ਫੀਸ ਖੁਦ ਭਰਦਾ ਹੈ। ਅਜਿਹੇ ਵਿੱਚ ਹਰ ਵਿਦਿਆਰਥੀ ਨਾਲ 20 ਲੱਖ ਦੀ ਭਾਰਤੀ ਕਰੰਸੀ ਕੈਨੇਡਾ ਜਾਂਦੀ ਹੈ। ਰਿਕਾਰਡਾਂ ਮੁਤਾਬਿਕ 3 ਸਾਲਾਂ ਵਿੱਚ ਉੱਚ ਸਿੱਖਿਆ ਲਈ ਪੰਜਾਬੀਆਂ ਦੀ ਪਹਿਲੀ ਪਸੰਦ ਕੈਨੇਡਾ ਹੀ ਹੈ ਤੇ ਹੁਣ ਤੱਕ ਕਰੀਬ 1.5 ਲੱਖ ਪੰਜਾਬੀ ਵਿਦਿਆਰਥੀ ਉਚੇਰੀ ਸਿੱਖਿਆ ਹਾਸਲ ਕਰਨ ਲਈ ਕੈਨੇਡਾ ਜਾ ਚੁੱਕੇ ਹਨ ਪਰ ਹੁਣ ਇਹ ਸਭ ਨਹੀਂ ਚੱਲੇਗਾ ਕਿਉਂਕਿ ਹੁਣ ਯੋਗਤਾ ਦੇ ਮੁਤਾਬਿਕ ਹੀ ਕੈਨੇਡਾ ਸਰਕਾਰ ਵਿਦਿਆਰਥੀਆਂ ਨੂੰ ਕੈਨੇਡਾ ਆਉਣ ਦੀ ਇਜਾਜ਼ਤ ਦਵੇਗੀ।

# ਕੈਨੇਡਾ 'ਚ ਗੈਂਗਸਟਰਾਂ 'ਤੇ ਸ਼ਿਕੰਜਾ ਕਸਿਆ

## 8 ਪੰਜਾਬੀ ਖ਼ਤਰਨਾਕ ਹਥਿਆਰਾਂ ਨਾਲ ਦਬੋਚੇ



ਚੰਡੀਗੜ੍ਹ, : ਕੈਨੇਡਾ 'ਚ ਵੈਨਕੂਵਰ ਪੁਲਿਸ ਨੇ 17 ਮਹੀਨਿਆਂ ਦੀ ਪੜਤਾਲ ਤੋਂ ਬਾਅਦ 14 ਇੰਡੋ-ਕੈਨੇਡੀਅਨ ਗੈਂਗਸਟਰਾਂ ਨੂੰ ਹਥਿਆਰਾਂ ਦੀ ਵੱਡੀ ਖੇਪ ਨਾਲ ਗ੍ਰਿਫਤਾਰ ਕੀਤਾ ਹੈ। ਭਾਰਤੀ ਸਮੇਂ ਮੁਤਾਬਕ ਸ਼ਨੀਵਾਰ ਸਵੇਰੇ ਫੜ੍ਹੇ ਗਏ ਮੁਲਜ਼ਮਾਂ 'ਚੋਂ 8 ਪੰਜਾਬੀ ਮੂਲ ਦੇ ਹਨ। ਪੁਲਿਸ ਦੀਆਂ ਸਪੈਸ਼ਲ ਟੀਮਾਂ ਵੱਲੋਂ ਇਸ ਮਿਸ਼ਨ ਨੂੰ ਫਤਹਿ ਕੀਤਾ ਗਿਆ। ਪੁੱਛਗਿੱਛ ਦੌਰਾਨ ਫੜ੍ਹੇ ਗਏ ਗੈਂਗਸਟਰਾਂ 'ਤੋਂ ਵੱਡੇ ਖੁਲਾਸੇ ਹੋਣ ਦੀ ਉਮੀਦ ਹੈ। ਮੁਲਜ਼ਮਾਂ ਕੋਲੋਂ ਪ੍ਰੈਸ਼ਰ ਕੁੱਕਰ ਬੰਬ, ਏਕੇ 47 ਤੇ ਸਨਾਇਪਰ ਗੰਨ ਜਿਹੇ 120 ਤੋਂ ਜ਼ਿਆਦਾ ਹਥਿਆਰ, 50 ਗੈਰਕਾਨੂੰਨੀ ਡਿਵਾਇਸ, ਸਾਢੇ ਨੌਂ ਕਿਲੋ ਫੇਨਟੇਨਿਲ, 40 ਕਿਲੋ ਨਸ਼ੀਲੇ ਪਦਾਰਥ, 8 ਲੱਖ ਡਾਲਰ ਕੈਸ਼ ਤੇ 8 ਲੱਖ ਡਾਲਰ ਦਾ ਸੋਨਾ ਬਰਾਮਦ ਕੀਤਾ ਹੈ। ਇਸ ਤੋਂ ਇਲਾਵਾ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਪੁਲਿਸ ਨੇ 3.5 ਲੱਖ ਡਾਲਰ ਦੀਆਂ ਕਾਰਾਂ ਵੀ ਜ਼ਬਤ ਕੀਤੀਆਂ ਹਨ। ਪੁਲਿਸ ਮੁਤਾਬਕ ਗੈਂਗਸਟਰਾਂ ਨੇ ਇਹ ਹਥਿਆਰ ਅੰਤਰਰਾਸ਼ਟਰੀ ਅੱਤਵਾਦੀ ਸੰਗਠਨ ਨੂੰ ਸਪਲਾਈ ਕਰਨੇ ਸਨ।

ਸਹਾਇਕ ਪੁਲਿਸ ਕਮਿਸ਼ਨਰ ਆਰਸੀਐਮਪੀ ਕੇਵਿਨ ਹਾਕਲੇਟ ਮੁਤਾਬਕ ਫੜ੍ਹੇ ਗਏ ਸਾਰੇ ਗੈਂਗਸਟਰ ਕੰਗ ਤੇ ਲੇਟੀਮਰ ਗੈਂਗ ਨਾਲ ਜੁੜੇ ਹੋਏ ਹਨ। ਇਨ੍ਹਾਂ ਦੀ ਉਮਰ 22 ਤੋਂ 68 ਸਾਲ ਦੇ ਦਰਮਿਆਨ ਹੈ। ਫੜ੍ਹੇ ਗਏ ਪੰਜਾਬੀ ਗੈਂਗਸਟਰਾਂ ਦਾ ਸਬੰਧ ਜਲੰਧਰ ਤੇ ਲੁਧਿਆਣਾ ਨਾਲ ਹੈ।

**ਫੜ੍ਹੇ ਗਏ ਗੈਂਗਸਟਰਾਂ ਦੀ ਸੂਚੀ**

ਸੁਮੀਤ ਕੰਗ-26 ਸਾਲ
ਗੈਰੀ ਕੰਗ-22 ਸਾਲ
ਰਣਬੀਰ ਕੰਗ-48 ਸਾਲ
ਮਨਬੀਰ ਕੰਗ-50 ਸਾਲ
ਗੁਰਚਰਨ ਕੰਗ-68 ਸਾਲ
ਪਰਮਿੰਦਰ ਬੋਪਾਰਾਏ-29 ਸਾਲ
ਮਨਵੀਰ ਵੜੈਚ-30 ਸਾਲ
ਕੇਲ ਲੇਟੀਮਰ-27 ਸਾਲ
ਕੇਗ ਲੇਟੀਮਰ-55 ਸਾਲ
ਕਸੋਨਗੋਰ ਸਜੂਸ-29 ਸਾਲ
ਐਂਡਿਊਲ ਪਿਕਨਟਿਊ-22 ਸਾਲ
ਜੋਕਬ ਪ੍ਰੇਰਾ-25 ਸਾਲ
ਜੀਤੇਸ਼ ਵਾਘ-37 ਸਾਲ

# ਭਾਰਤ ਤੇ ਕੈਨੇਡਾ ਵਿਚਾਲੇ ਹੋਇਆ ਇਹ ਖਾਸ ਸਮਝੌਤਾ, ਅਕਾਊਂਟੈਂਟਸ ਨੂੰ ਹੋਵੇਗਾ ਫਾਇਦਾ

ਨਵੀਂ ਦਿੱਲੀ (ਪੱਤਰ ਪ੍ਰੇਰਕ)— ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਕੇਂਦਰੀ ਮੰਤਰੀ ਮੰਡਲ ਨੇ ਇੰਸਟੀਚਿਊਟ ਆਫ ਚਾਰਟਡ ਅਕਾਊਂਟੈਂਟਸ ਆਫ ਇੰਡੀਆ (ਐੱਸ. ਸੀ. ਏ. ਆਈ.) ਅਤੇ ਚਾਰਟਡ ਪ੍ਰੋਫੈਸ਼ਨਲ ਅਕਾਊਂਟੈਂਟਸ ਆਫ ਕੈਨੇਡਾ (ਸੀ. ਪੀ. ਏ.) ਕੈਨੇਡਾ ਵਿਚਾਲੇ ਸਮਝੌਤੇ 'ਤੇ ਹਸਤਾਖਰ ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਇਹ ਮਨਜ਼ੂਰੀ 2011 'ਚ ਹਸਤਾਖਰ ਕੀਤੇ ਗਏ ਐੱਮ. ਓ. ਯੂ. ਦੀ ਪਹਿਲਾਂ ਹੋਈ ਵਿਆਪਕ ਮਨਜ਼ੂਰੀ ਦੇ ਸੰਦਰਭ 'ਚ ਅਤੇ ਭਾਰਤ ਦੇ ਆਈ. ਸੀ. ਏ. ਆਈ. ਅਤੇ ਕੈਨੇਡਾ ਦੇ ਸੀ. ਪੀ. ਏ. ਵਿਚਾਲੇ ਐੱਮ. ਓ. ਯੂ. 'ਤੇ ਹਸਤਾਖਰ ਲਈ ਦਿੱਤੀ ਹੈ। ਇਸ ਐੱਮ. ਓ. ਯੂ. ਦੇ ਤਹਿਤ ਦੋਤਰਫੀ ਮੈਬਰਸ਼ਿਪ ਲਈ ਵਿਵਸਥਾ ਦੀ ਪਰਿਕਲਪਨਾ ਕੀਤੀ ਗਈ ਹੈ ਜੋ ਖਾਸ ਮਾਪਦੰਡਾਂ ਨਾਲ ਦੋਹਾਂ ਸੰਸਥਾਨਾਂ ਦੇ ਸੰਬੰਧਿਤ ਮੈਂਬਰਾਂ 'ਤੇ ਲਾਗੂ ਹੋਵੇਗੀ। ਇਸ ਐੱਮ. ਓ. ਯੂ. 'ਚ ਪਰਿਭਾਸ਼ਾ, ਸਿਖਲਾਈ 'ਚ ਸਹਿਯੋਗ ਅਤੇ ਪ੍ਰਵੇਸ਼ ਪੱਧਰ ਦੇ ਚਾਰਟਡ ਅਕਾਊਂਟੈਂਟ ਦੀ ਪੇਸ਼ੇਵਰ ਗੁਣਵੱਤਾ, ਹੁਨਰ ਦਾ ਮੁਲਾਂਕਣ ਸ਼ਾਮਲ ਹੈ। ਐੱਮ. ਓ. ਯੂ. ਦਾ ਉਦੇਸ਼ ਆਈ. ਸੀ. ਏ. ਆਈ. ਦੇ ਮੈਂਬਰਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਸੰਸਥਾਨਾਂ ਦੇ ਵਿਆਪਕ ਹਿੱਤਾਂ 'ਚ ਖਾਸ ਰੂਪ ਤੋਂ ਫਾਇਦੇਮੰਦ ਸੰਬੰਧ ਵਿਕਸਤ ਕਰਨਾ ਹੈ। ਇਹ ਐੱਮ. ਓ. ਯੂ. ਆਈ. ਸੀ. ਏ. ਆਈ. ਦੇ ਮੈਂਬਰਾਂ ਨੂੰ ਉਨ੍ਹਾਂ ਦੇ ਪੇਸ਼ੇਵਰ ਦਾਇਰਾ ਵਧਾਉਣ ਲਈ ਮੌਕਾ ਮੁਹੱਈਆ ਕਰਾਵੇਗਾ। ਨਾਲ ਹੀ ਆਈ. ਸੀ. ਏ. ਆਈ. ਸਥਾਨਕ ਦੇਸ਼ਾਂ ਦੇ ਬ੍ਰਾਂਡ ਨਿਰਮਾਣ ਨੂੰ ਮਜ਼ਬੂਤੀ ਦੇਣ ਵਾਲੇ ਸੰਸਥਾਨਾਂ ਦੇ ਤੌਰ 'ਤੇ ਉਭਰ ਕੇ ਸਾਹਮਣੇ ਆਵੇਗਾ। ਇਹ ਐੱਮ. ਓ. ਯੂ. ਆਈ. ਸੀ. ਏ. ਆਈ. ਅਤੇ ਸੀ. ਪੀ. ਏ. ਕੈਨੇਡਾ ਵਿਚਾਲੇ ਇਕ ਮਜ਼ਬੂਤੀ ਕਾਰਜ ਸੰਬੰਧ ਸਥਾਪਤ ਕਰੇਗਾ।

# ਇਹ ਕੇਹੀ ਅਜ਼ਾਦੀ ?

ਭਾਰਤ ਦੇ ਕਿਰਤੀ ਲੋਕਾਂ ਨਾਲ਼ 71 ਵਰ੍ਹੇ ਪਹਿਲਾਂ ਅਜ਼ਾਦੀ ਦੇ ਨਾਂ ਹੇਠ ਹੋਏ ਵਿਸ਼ਵਾਸਘਾਤ ਦੇ ਜਸ਼ਨਾਂ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਦੇਸ਼ ਦੇ ਸ੍ਰੋਤ-ਸਾਧਨਾਂ, ਧਨ-ਦੌਲਤ 'ਤੇ ਕਾਬਜ਼ ਸਰਮਾਏਦਾਰ ਜਮਾਤ ਆਪਣੀ ਅਜ਼ਾਦੀ ਨੂੰ ਦੇਸ਼ ਦੀ ਸਮੁੱਚੀ ਅਬਾਦੀ ਦੀ ਅਜ਼ਾਦੀ ਦਾ ਨਾਂ ਦੇ ਕੇ ਗਰੀਬ ਮਜ਼ਦੂਰਾਂ ਅਤੇ ਕਿਰਤੀਆਂ ਨੂੰ ਪਿਛਲੇ ਸਾਢੇ ਛੇ ਦਹਾਕਿਆਂ ਤੋਂ ਬੁੱਧੂ ਬਣਾ ਕੇ ਰੱਖਣ ਦੀ ਕੋਸ਼ਿਸ਼ ਕਰਦੀ ਆ ਰਹੀ ਹੈ। ਮਹਾਨ ਸੰਵਿਧਾਨ ਦੀ ਸ਼ਿੰਗਾਰੀ ਲੱਛੇਦਾਰ ਭਾਸ਼ਾ, ਬਹੁਪੱਧਰੀ ਸੰਸਦੀ ਵੋਟ ਪ੍ਰਣਾਲੀ, ਸਕੂਲਾਂ-ਕਾਲਜਾਂ-ਯੂਨੀਵਰਸਿਟੀਆਂ ਦੀਆਂ ਪਾਠ-ਪੁਸਤਕਾਂ, ਅਖ਼ਬਾਰਾਂ-ਟੀ.ਵੀ. ਚੈਨਲਾਂ, ਕਿਰਾਏ ਦੇ ਕਲਮ ਘਸੀਟਾਂ ਆਦਿ ਅਨੇਕਾਂ-ਅਨੇਕ ਸਾਧਨਾਂ ਰਾਹੀਂ ਦੇਸ਼ ਦੀ ਕਿਰਤੀ ਅਬਾਦੀ ਨੂੰ ਇਹ ਜਚਾਉਣ ਦੀ ਕੋਸ਼ਿਸ ਹੁੰਦੀ ਆਈ ਹੈ ਕਿ ਉਹ ਅਜ਼ਾਦ ਹਨ ! ਕਿ 1947 ਤੋਂ ਬਾਅਦ ਭਾਰਤ ਦੇ ਸਭ ਨਾਗਰਿਕ ਬਰਾਬਰ ਹਨ ! ਪਰ ਅਫਸੋਸ, ਇੱਕ ਝੂਠ ਅਰਬਾਂ-ਖਰਬਾਂ ਵਾਰ ਬੋਲਿਆਂ ਵੀ ਸੱਚ ਨਹੀਂ ਬਣ ਜਾਂਦਾ। ਝੂਠ ਝੂਠ ਹੀ ਰਹਿੰਦਾ ਹੈ। ਅਮੀਰੀ-ਅਯਾਸ਼ੀ ਦੇ ਟਾਪੂਆਂ ਦੁਆਲੇ ਫੈਲੇ ਗੁਰਬਤ-ਬਦਹਾਲੀ ਦੇ ਵਿਸ਼ਾਲ ਮਹਾਂਸਾਗਰ ਨੂੰ ਕਿਸੇ ਤਰ੍ਹਾਂ ਵੀ ਢਕਿਆ ਨਹੀਂ ਜਾ ਸਕਦਾ। ਦੇਸ਼ ਦੇ ਕਿਰਤੀ ਲੋਕਾਂ ਨੇ ਪਿਛਲੇ 65 ਵਰ੍ਹਿਆਂ ਤੋਂ ਉਹਨਾਂ ਦੀ ਬੇਕਿਰਕ ਲੁੱਟ-ਚੋਂਘ, ਪੈਰ-ਪੈਰ 'ਤੇ ਅਨਿਆਂ ਅਤੇ ਜ਼ਬਰ-ਜੁਲਮ ਦਾ ਨੰਗਾ ਨਾਚ ਵੇਖਿਆ ਹੈ। ਅਜ਼ਾਦੀ ਦੇ ਨਾਂ 'ਤੇ ਉਹਨਾਂ ਨਾਲ਼ ਹੋਏ ਇਤਿਹਾਸਕ ਵਿਸ਼ਵਾਸਘਾਤ ਦੇ ਕੌੜੇ ਸੱਚ ਦਾ 65 ਵਰ੍ਹਿਆਂ ਲੰਮਾ ਅਨੁਭਵ ਲੋਕਾਂ ਦੇ ਰੋਮ-ਰੋਮ ਵਿੱਚ ਵਸ ਚੁੱਕਾ ਹੈ। ਆਮ ਲੋਕਾਂ ਲਈ ਅਜ਼ਾਦੀ ਦੇ ਨੀਰਸ ਅਤੇ ਘਿਸੇ-ਪਿਟੇ ਜਸ਼ਨ ਭੈੜੇ ਮਜ਼ਾਕ ਤੋਂ ਵੱਧ ਕੁਝ ਵੀ ਨਹੀਂ ਹਨ। ਅਜ਼ਾਦੀ ਦਾ ਸੁਫ਼ਨਾ ਹਾਲੇ ਵੀ ਭਵਿੱਖ ਦਾ ਸੁਫਨਾ ਹੈ ਜੋ ਭਾਰਤ ਦੇ ਮਜ਼ਦੂਰਾਂ-ਕਿਰਤੀਆਂ-ਨੌਜਵਾਨਾਂ-ਵਿਦਿਆਰਥੀਆਂ ਨੇ ਹਰ ਕੀਮਤ 'ਤੇ ਪੂਰਾ ਕਰਨਾ ਹੈ।

15 ਅਗਸਤ 1947 ਨੂੰ ਅੰਗਰੇਜ਼ ਸਾਮਰਾਜਵਾਦੀਆਂ ਤੋਂ ਭਾਰਤੀ ਸਰਮਾਏਦਾਰ ਜਮਾਤ ਦੇ ਹੱਥਾਂ 'ਚ ਸੱਤਾ ਤਬਦੀਲੀ ਉਸਦੀ ਅਗਵਾਈ 'ਚ ਇਨਕਲਾਬੀ ਰਾਜਪਲਟੇ ਰਾਹੀਂ ਨਹੀਂ ਹੋਈ ਸੀ ਸਗੋਂ ਇਹ ਕੰਮ ਇੱਕ ਸ਼ਰਮਨਾਕ ਸਮਝੌਤੇ ਰਾਹੀਂ ਨੇਪਰੇ ਚਾੜ੍ਹਿਆ ਗਿਆ ਸੀ। ਦੂਸਰੀ ਸੰਸਾਰ ਜੰਗ ਵਿੱਚ ਅੰਗਰੇਜੀ ਸਾਮਰਾਜ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਸੀ। ਸੰਸਾਰ ਪੱਧਰ 'ਤੇ ਗੁਲਾਮ ਕੌਮਾਂ ਦੀਆਂ ਸ਼ਕਤੀਸ਼ਾਲੀ ਲੋਕ ਲਹਿਰਾਂ ਉੱਠ ਰਹੀਆਂ ਸਨ। ਮਜ਼ਦੂਰ ਇਨਕਲਾਬਾਂ ਦਾ ਸਿਲਸਿਲਾ ਜਾਰੀ ਸੀ। ਅੰਗਰੇਜੀ ਸਾਮਰਾਜ ਦੇ ਗਲਬੇ ਦੀ ਥਾਂ ਹੁਣ ਅਮਰੀਕੀ ਸਾਮਰਾਜ ਲੈ ਚੁੱਕਿਆ ਸੀ। ਅਜਿਹੀਆਂ ਸੰਸਾਰ ਹਾਲਤਾਂ ਦੇ ਨਾਲ਼ ਭਾਰਤ ਵਿੱਚ ਵੀ ਮਜ਼ਦੂਰਾਂ-ਕਿਸਾਨਾਂ-ਫੌਜੀਆਂ ਦੀਆਂ ਪ੍ਰਚੰਡ ਲਹਿਰਾਂ ਉੱਠ ਰਹੀਆਂ ਸਨ। ਅੰਗਰੇਜ਼ ਸਾਮਰਾਜਵਾਦੀਆਂ ਲਈ ਹੁਣ ਭਾਰਤ ਨੂੰ ਗੁਲਾਮ ਬਣਾ ਕੇ ਰੱਖ ਸਕਣਾ ਅਸੰਭਵ ਹੋ ਚੁੱਕਾ ਸੀ। ਅੰਗਰੇਜ਼ ਹਾਕਮ ਇਹ ਜਾਣ ਚੁੱਕੇ ਸਨ ਕਿ ਸੱਤਾ ਹੁਣ ਉਹਨਾਂ ਦੇ ਹੱਥ ਰਹਿ ਸਕਣੀ ਅਸੰਭਵ ਹੈ। ਉਹ ਚਾਹੁੰਦੇ ਸਨ ਕਿ ਭਾਰਤ ਦੀ ਰਾਜਸੱਤਾ ਉਹਨਾਂ ਦੇ ਮੁਆਫਿਕ ਕਿਸੇ ਭਾਰਤੀ ਸਿਆਸੀ ਤਾਕਤ ਨੂੰ ਸੌਂਪੀ ਜਾਵੇ। ਇਹ ਸਿਆਸੀ ਤਾਕਤ ਭਾਰਤੀ ਸਰਮਾਏਦਾਰ ਜਮਾਤ ਦੀ ਨੁਮਾਇੰਦਾ ਪਾਰਟੀ ਕਾਂਗਰਸ ਹੀ ਹੋ ਸਕਦੀ ਸੀ। ਅੰਗਰੇਜ਼ਾਂ ਨੇ ਉਸੇ ਨੂੰ ਸੱਤਾ ਸੌਂਪਣ ਦੀ ਯੋਜਨਾ ਬਣਾਈ। ਇੱਥੇ ਇਹ ਵਰਣਨਯੋਗ ਹੈ ਉਸ ਸਮੇਂ ਦੇਸ਼ ਦੀ ਇਨਕਲਾਬੀ ਪਾਰਟੀ, ਭਾਰਤ ਦੀ ਕਮਿਉਨਿਸਟ ਪਾਰਟੀ, ਵਿਸ਼ਾਲ ਅਧਾਰ ਵਾਲ਼ੀ ਪਾਰਟੀ ਤਾਂ ਸੀ ਪਰ ਵਿਚਾਰਧਾਰਕ ਤੌਰ 'ਤੇ ਬੇਹੱਦ ਕਮਜ਼ੋਰ ਸੀ। ਆਪਣੀ ਵਿਚਾਰਧਾਰਕ ਕਮਜ਼ੋਰੀ ਵਜੋਂ ਉਹ ਉਸ ਸਮੇਂ ਦੀਆਂ ਇਨਕਲਾਬੀ ਹਾਲਤਾਂ ਦਾ ਫਾਇਦਾ ਨਾ ਚੁੱਕ ਸਕੀ। ਜੇਕਰ ਉਹ ਉਸ ਸਮੇਂ ਸਹੀ ਰਣਨੀਤੀ ਅਤੇ ਦਾਅਪੇਚ ਅਪਣਾਉਂਦੀ ਤਾਂ ਦੇਸ਼ ਪੱਧਰ 'ਤੇ ਉੱਠ ਰਹੀਆਂ ਲੋਕ ਲਹਿਰਾਂ 'ਚ ਤਾਲਮੇਲ ਬਿਠਾ ਕੇ ਆਪਣੀ ਅਗਵਾਈ 'ਚ ਕਿਰਤੀ ਲੋਕਾਂ ਦੀ ਰਾਜਸੱਤਾ ਸਥਾਪਿਤ ਕਰਨ ਵਿੱਚ ਕਾਮਯਾਬ ਹੋ ਸਕਦੀ ਸੀ। ਪਰ ਜਿਵੇਂ ਕਿ ਸਾਡੇ ਸਾਹਮਣੇ ਹੈ ਇਹ ਹਕੀਕਤ ਨਾ ਬਣ ਸਕਿਆ। ਅੰਗਰੇਜੀ ਹਕੂਮਤ ਦੇ ਸਮੇਂ ਤੋਂ ਹੀ ਅੰਗਰੇਜ਼ਾਂ ਦੀ ਸਹਿਮਤੀ ਨਾਲ਼ ਅਤੇ ਉਹਨਾਂ ਵੱਲੋਂ ਹੀ ਤੈਅ ਕੀਤੇ ਗਏ ਚੌਖਟੇ ਅੰਦਰ ਭਾਰਤੀ ਸੰਵਿਧਾਨ ਦੀ ਉਸਾਰੀ ਦੀ ਪ੍ਰਕਿਰਿਆ ਸ਼ੁਰੂ ਹੋਈ। ਭਾਰਤੀ ਸੰਵਿਧਾਨ ਦੀਆਂ ਬੁਨਿਆਦਾਂ ਜੋ ਅੰਗਰੇਜ਼ਾਂ ਨੇ ਰੱਖ ਦਿੱਤੀਆਂ ਸਨ ਉੱਤੇ ਹੀ ਭਾਰਤ ਵਿੱਚ ਲਾਗੂ ਕੀਤਾ ਗਿਆ ਸੰਵਿਧਾਨ ਤਿਆਰ ਕੀਤਾ ਗਿਆ ਸੀ। ਭਾਰਤ ਸਰਕਾਰ ਕਨੂੰਨ 1935 ਨੂੰ ਕੁਝ ਰੂਪਕ ਤਬਦੀਲੀਆਂ ਤੋਂ ਬਾਅਦ ਅਜ਼ਾਦ ਭਾਰਤ ਦਾ ਸੰਵਿਧਾਨ ਬਣਾ ਦਿੱਤਾ ਗਿਆ। ਫਰਕ ਸਿਰਫ ਏਨਾ ਸੀ ਕਿ ਇਸ ਮਹਾਨ ਸੰਵਿਧਾਨ ਨੂੰ ਜਮਹੂਰੀਅਤਵਾਦੀ, ਸਮਾਨਤਾਵਾਦੀ, ਸਮਾਜਵਾਦੀ, ਧਰਮਨਿਰਪੱਖਤਾਵਾਦੀ ਆਦਿ ਤਰ੍ਹਾਂ ਦੇ ਝੂਠੇ ਵਾਅਦਿਆਂ ਅਤੇ ਲੋਕਲੁਭਾਊ ਭਾਸ਼ਾ ਦਾ ਰੰਗ-ਰੋਗਨ ਕਰਕੇ ਸ਼ਿੰਗਾਰਿਆ ਗਿਆ ਸੀ। ਇਸ ਤਰ੍ਹਾਂ ਇਸਦੇ ਲੋਟੂ ਕਿਰਦਾਰ ਨੂੰ ਢੱਕਣ ਦੀ ਕੋਸ਼ਿਸ਼ ਕੀਤੀ ਗਈ। ਅਜਿਹਾ ਕਰਦੇ ਹੋਏ ਦੂਜਾ ਫਰਕ ਇਹ ਪਾਇਆ ਗਿਆ ਕਿ ਕਿਰਤੀ ਲੋਕਾਂ 'ਤੇ ਲੁਟੇਰੀਆਂ ਜਮਾਤਾਂ ਦੀ ਤਾਨਾਸ਼ਾਹੀ ਸਥਾਪਿਤ ਕਰਨ ਦੇ ਅਤੇ ਜ਼ਬਰ ਦੇ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰ ਦਿੱਤਾ ਗਿਆ। ਇਸ ਪੂਰੀ ਖੇਡ ਨੂੰ ਇਸ ਗੱਲ ਤੋਂ ਸਮਝਿਆ ਜਾ ਸਕਦਾ ਹੈ ਕਿ ਅੰਗਰੇਜ਼ਾਂ ਵੇਲੇ ਕਾਇਮ ਪੁਲਿਸ-ਪ੍ਰਸ਼ਾਸਨ ਦਾ ਢਾਂਚਾ ਕਾਇਮ ਰੱਖਿਆ ਗਿਆ ਪਰ ਇਸ ਨੂੰ ਲੋਕਾਂ 'ਤੇ ਜੁਲਮ ਢਾਹੁਣ ਦੀਆਂ ਪਹਿਲਾਂ ਤੋਂ ਕਿਤੇ ਵੱਧ ਤਾਕਤਾਂ ਦੇ ਦਿੱਤੀਆਂ ਗਈਆਂ।

ਇਹ ਅਜ਼ਾਦੀ ਕਿਹੋ ਜਿਹੇ ਸ਼ਰਮਨਾਕ ਸਮਝੌਤੇ ਨਾਲ਼ ਭਾਰਤੀ ਹਾਕਮਾਂ ਦੇ ਹੱਥ ਆਈ ਇਸ ਨੂੰ ਇਸ ਗੱਲ ਨਾਲ਼ ਵੀ ਸਮਝਿਆ ਜਾ ਸਕਦਾ ਹੈ ਕਿ ਅੰਗਰੇਜ਼ ਸਾਮਰਾਜਵਾਦੀਆਂ ਦੀ ਨਾ ਸਿਰਫ ਕੁਲ ਜਾਇਦਾਦ ਨੂੰ ਹੀ ਜਬਤ ਨਹੀਂ ਕੀਤਾ ਗਿਆ ਸਗੋਂ ਉਹਨਾਂ ਨੂੰ ਕੌਮੀ ਗੀਤ ਗਾ ਕੇ, ਸਲਾਮੀਆਂ ਦੇ ਕੇ ਵਿਦਾ ਕੀਤਾ ਗਿਆ। ਅੰਗਰੇਜ਼ ਸਰਮਾਏਦਾਰਾਂ ਦੇ ਬਹੁਤ ਸਾਰੇ ਕਾਰੋਬਾਰ ਇਸ ਅਜ਼ਾਦੀ ਤੋਂ ਬਾਅਦ ਵੀ ਭਾਰਤ ਵਿੱਚ ਕਾਇਮ ਰਹੇ ਅਤੇ ਮੁਨਾਫਾ ਇੰਗਲੈਂਡ ਜਾਂਦਾ ਰਿਹਾ। ਭਾਰਤੀ ਹਾਕਮਾਂ ਨੇ ਸੰਸਾਰ ਸਰਮਾਏਦਾਰੀ (ਸਾਮਰਾਜਵਾਦ) ਨਾਲ਼ੋਂ ਨਿਰਣਾਇਕ ਤੋੜ-ਵਿਛੋੜਾ ਕਰਨ ਦੀ ਬਜਾਇ ਉਸਦਾ ਜੂਨੀਅਰ ਪਾਰਟਨਰ ਬਣਨ ਦਾ ਰਾਹ ਚੁਣਿਆ। ਹੁਣ ਭਾਂਵੇਂ ਕਿ ਭਾਰਤ ਸਿਆਸੀ ਤੌਰ 'ਤੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਸਾਮਰਾਜਵਾਦ ਦਾ ਗੁਲਾਮ ਨਹੀਂ ਸੀ ਪਰ ਉਸਦੇ ਦਾਬੇ ਤੋਂ ਮੁਕਤ ਵੀ ਨਹੀਂ ਸੀ। ਪਰ ਇਹ ਹੈ ਤਾਂ ਅਜ਼ਾਦੀ ਹੀ ਸੀ। ਇਹ ਭਾਰਤੀ ਸਰਮਾਏਦਾਰਾਂ, ਜਗੀਰੂ ਭੂ-ਮਾਲਕਾਂ, ਰਾਜੇ ਰਜਵਾੜਿਆਂ ਦੀ ਅਜ਼ਾਦੀ ਸੀ। ਭਾਰਤੀ ਕਿਰਤੀ ਲੋਕਾਂ ਵਾਸਤੇ ਇਸ ਅਜਾਦੀ ਦਾ ਮਤਲਬ ਸਿਰਫ ਏਨਾ ਹੀ ਸੀ ਕਿ ਉਹਨਾਂ ਦਾ ਮੁੱਖ ਦੁਸ਼ਮਣ ਹੁਣ ਵਿਦੇਸ਼ੀ ਤੋਂ ਬਦਲ ਕੇ ਦੇਸੀ ਹੋ ਗਿਆ।

ਪਿਛਲੇ 70ਵਰ੍ਹਿਆਂ ਵਿੱਚ ਅਮੀਰੀ-ਗਰੀਬੀ ਦਾ ਪਾੜਾ ਲਗਾਤਾਰ ਵਧਦਾ ਗਿਆ ਹੈ ਖਾਸਕਰ ਪਿਛਲੇ ਵੀਹ ਵਰ੍ਹਿਆਂ ਵਿੱਚ ਤਾਂ ਇਹ ਅਣਕਿਆਸੇ ਰੂਪ 'ਚ ਵਧਿਆ ਹੈ। ਅੱਜ ਦੇਸ਼ ਦੇ 83 ਕਰੋੜ ਲੋਕ ਰੋਜ਼ਾਨਾਂ ਔਸਤਨ ਸਿਰਫ 20 ਰੁਪਏ (ਪ੍ਰਤੀ ਵਿਅਕਤੀ) 'ਤੇ ਗੁਜ਼ਾਰਾ ਕਰਦੇ ਹਨ। ਭਾਰਤ ਦੇ ਕਿਰਤੀ ਲੋਕ ਤੰਦਰੁਸਤ ਰਹਿਣ ਲਈ ਪੋਸ਼ਟਿਕ ਭੋਜਨ ਦਾ ਤਾਂ ਸੁਫਨਾ ਵੀ ਨਹੀਂ ਲੈ ਸਕਦੇ। ਇਸਤੋਂ ਵੀ ਭਿਆਨਕ ਸਥਿਤੀ ਤਾਂ ਇਹ ਹੈ ਕਿ ਲੋਕਾਂ ਦਾ ਇੱਕ ਵੱਡਾ ਹਿੱਸਾ ਢਿੱਡ ਭਰ ਭੋਜਨ ਵੀ ਪ੍ਰਾਪਤ ਨਹੀਂ ਕਰ ਪਾਉਂਦਾ। ਦੇਸ਼ ਵਿੱਚ ਘੱਟੋ-ਘੱਟ 15 ਹਜਾਰ ਬੱਚੇ ਰੋਜ ਕਪੋਸ਼ਣ ਵਜੋਂ ਮਰ ਜਾਂਦੇ ਹਨ। ਗਰੀਬ ਔਰਤਾਂ ਦੀ ਬਹੁਗਿਣਤੀ ਖ਼ੂਨ ਦੀ ਕਮੀ ਦਾ ਸ਼ਿਕਾਰ ਹੈ। ਭਾਰਤ ਦੇ ਚਾਲੀ ਕਰੋੜ ਲੋਕਾਂ ਦੇ ਸਿਰ 'ਤੇ ਪੱਕੀ ਛੱਤ ਨਹੀਂ ਹੈ। ਇਹਨਾਂ ਵਿੱਚੋਂ ਅੱਧੇ ਫੁੱਟਪਾਥਾਂ 'ਤੇ ਅਤੇ ਫਲਾਈ ਓਵਰ ਪੁਲਾਂ ਹੇਠ ਰਾਤਾਂ ਕੱਟਦੇ ਹਨ। ਬਾਕੀ ਝੁੱਗੀਆਂ ਝੌਂਪੜੀਆਂ ਵਿੱਚ ਰਹਿਣ ਲਈ ਮਜਬੂਰ ਹਨ। ਗੰਦੀਆਂ ਬਸਤੀਆਂ ਦਾ ਆਕਾਰ ਅਤੇ ਸੰਖਿਆਂ ਵਿਸ਼ਾਲ ਤੋਂ ਵਿਸ਼ਾਲ ਹੁੰਦੀ ਜਾ ਰਹੀ ਹੈ। ਲੋਕ ਸਧਾਰਨ ਇਲਾਜਯੋਗ ਬਿਮਾਰੀਆਂ ਨਾਲ਼ ਵੀ ਮਰ ਰਹੇ ਹਨ ਕਿਉਂ ਕਿ ਇਲਾਜ ਲਈ ਨਾ ਤਾਂ ਉਹਨਾਂ ਕੋਲ ਪੈਸਾ ਹੈ ਤੇ ਨਾ ਸਮਾਂ। ਮੁੱਖ ਤੌਰ 'ਤੇ ਢਿੱਡ ਭਰਨ ਦੇ ਜੁਗਾੜ ਵਿੱਚ ਜੁੱਟੇ ਰਹਿਣਾ ਉਹਨਾਂ ਦੀ ਮਜ਼ਬੂਰੀ ਹੈ। ਉਹ ਅਜ਼ਾਦ ਹਨ ਆਪਣੀ ਕਿਰਤ ਸ਼ਕਤੀ ਲੁਟਾਉਣ ਲਈ, ਸਰਮਾਏਦਾਰਾਂ ਦੀਆਂ ਤਿਜੌਰੀਆਂ ਨੱਕੋ-ਨੱਕ ਭਰਨ ਲਈ, ਉਹਨਾਂ ਦੀ ਐਸ਼ੋ-ਇਸ਼ਰਤ ਦਾ ਸਾਰਾ ਸਮਾਨ ਤਿਆਰ ਕਰਨ ਲਈ। ਇਹ ਕਰਦੇ ਹੋਏ ਉਹ ਭੁੱਖੇ ਮਰਨ ਲਈ ਅਜ਼ਾਦ ਹਨ, ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਤੋਂ ਵਾਂਝੇ ਰਹਿਣ ਲਈ ਅਜ਼ਾਦ ਹਨ, ਬੇਰੁਜ਼ਗਾਰੀ, ਮਹਿੰਗਾਈ, ਅਨਪੜ੍ਹਤਾ ਆਦਿ ਸਰਮਾਏਦਾਰਾ ਸਮਾਜ ਦੀ ਹਰ ਭਿਆਨਕ ਤੋਂ ਭਿਆਨਕ ਅਲਾਮਤ ਦਾ ਸ਼ਿਕਾਰ ਹੋਣ ਲਈ ਉਹ ਅਜ਼ਾਦ ਹਨ। ਦੇਸ਼ ਦੇ ਮੁਨਾਫਾਖੋਰ ਸਰਮਾਏਦਾਰ ਘਰਾਣਿਆਂ ਦੀ ਦੌਲਤ ਵਿੱਚ ਇਹਨਾਂ ਪੈਂਹਟ ਵਰ੍ਹਿਆਂ ਦੌਰਾਨ ਸੈਂਕੜੇਂ ਗੁਣਾ (ਪੰਜ ਸੋ ਗੁਣਾ ਤੋਂ ਵੀ ਵੱਧ ! ) ਵਾਧਾ ਹੋਇਆ ਹੈ। ਉਹਨਾਂ ਦੇ ਪਾਲਤੂ ਜਾਨਵਰਾਂ ਲਈ ਵੀ ਗਰੀਬਾਂ ਤੋਂ ਕਿਤੇ ਵੱਧ ਸਹੂਲਤਾਂ ਹਨ। ਦੇਸ਼ 'ਚ ਵਿਗਿਆਨ ਅਤੇ ਤਕਨੀਕ 'ਚ ਜੋ ਅਥਾਹ ਤਰੱਕੀ ਹੋਈ ਹੈ ਉਸਦਾ ਫਾਇਦਾ ਮੁੱਠੀ ਭਰ ਅਮੀਰ ਅਬਾਦੀ ਨੇ ਹੀ ਚੁੱਕਿਆ ਹੈ।

ਨਿਚੋੜ ਇਹ ਹੈ ਕਿ ਜੋ ਰਾਜਸੱਤਾ 15 ਅਗਸਤ 1947 ਨੂੰ ਹੋਂਦ ਵਿੱਚ ਆਈ ਸੀ ਉਹ ਕਿਸੇ ਵੀ ਪੱਖੋਂ ਭਾਰਤ ਦੇ ਲੋਕਾਂ ਦੀ ਨਹੀਂ ਸੀ। ਅੰਗਰੇਜ਼ਾਂ ਦੇ ਜਾਣ ਨਾਲ਼ ਜਿਹੜੀ ਅਜ਼ਾਦੀ ਆਈ ਉਸਦਾ ਭਾਰਤ ਦੇ ਲੋਕਾਂ ਲਈ ਮਤਲਬ ਬਸ ਇੱਕ ਨਵੀਂ ਗੁਲਾਮੀ ਸੀ। ਭਾਰਤੀ ਰਾਜਸੱਤਾ ਜਨਮ ਤੋਂ ਹੀ ਲੋਕ ਵਿਰੋਧੀ ਅਤੇ ਅਮੀਰ ਪੱਖੀ ਹੈ। ਇਸਦਾ ਲੋਕ ਵਿਰੋਧੀ ਕਿਰਦਾਰ ਦਿਨ-ਬ-ਦਿਨ ਵਧਦਾ ਗਿਆ ਹੈ।

# ਲੰਦਨ ਚ 'ਰਾਇਸ਼ੁਮਾਰੀ 2020 ਸ਼ੋਅ

## ਸਸਤੀ ਸ਼ੋਹਰਤ ਦੇ ਇਸ ਸਟੰਟ 'ਤੇ ਭਾਰਤ ਗੰਭੀਰ

ਕੁਝ ਮੂਲਵਾਦੀਆਂ ਵੱਲੋਂ ਲੰਦਨ 'ਚ ਕਰਵਾਈ ਗਈ 'ਪੰਜਾਬ ਰਾਇਸ਼ੁਮਾਰੀ 2020 ਰੈਲੀ ਨੂੰ ਮੁੱਢੋਂ ਰੱਦ ਕਰਨ ਵਾਸਤੇ ਉਸ ਨੂੰ 'ਬਿਨਾ ਵੁੱਕਤ ਦੇ ਸਟੰਟ' ਆਖ ਦੇਣਾ ਕੁਝ ਚੰਗਾ ਲੱਗਦਾ ਹੈ -- ਦਰਅਸਲ ਇਹ ਗੱਲ ਇੰਗਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਮਾਰਗ੍ਰੇਟ ਥੈਚਰ ਅਕਸਰ ਗੜਬੜਗ੍ਰਸਤ ਉੱਤਰੀ ਆਇਰਲੈਂਡ ਬਾਰੇ ਐਮਨੈਸਟੀ-ਇੰਟਰਨੈਸ਼ਨਲ ਦੀਆਂ ਰਿਪੋਰਟਾਂ ਨੂੰ ਕੂੜੇ ਦੀ ਟੋਕਰੀ 'ਚ ਸੁੱਟਦੇ ਸਮੇਂ ਆਖਦੇ ਹੁੰਦੇ ਸਨ।

ਪਰ ਐਤਵਾਰ ਨੂੰ ਲੰਦਨ ਦੇ ਟ੍ਰਾਫ਼ਲਗਰ ਸਕੁਏਰ 'ਤੇ ਹੋਈ ਰੈਲੀ ਦੌਰਾਨ ਜਿਸ ਤਰ੍ਹਾਂ ਵੱਖਰੇ 'ਸਿੱਖ ਹੋਮਲੈਂਡ ਲਈ ਹਮਾਇਤ ਹਾਸਲ ਕਰਨ ਦਾ ਜਤਨ ਕੀਤਾ ਗਿਆ ਹੈ, ਉਹ ਸਸਤੀ ਸ਼ੋਹਰਤ ਖੱਟਣ ਦੇ ਸਟੰਟ ਤੋਂ ਇਲਾਵਾ ਹੋਰ ਕੁਝ ਨਹੀਂ ਸੀ। ਉਸ ਰੈਲੀ 'ਚ ਕੁਝ ਕੱਟੜ ਕਿਸਮ ਦੇ 2,500 ਪਰਵਾਸੀ ਸਿੱਖਾਂ ਨੇ ਭਾਗ ਲਿਆ; ਜਿਨ੍ਹਾਂ 'ਚੋਂ ਬਹੁਤੇ ਇੰਗਲੈਂਡ ਤੋਂ ਸਨ। ਇਹ ਸਾਰੇ ਉਹ ਸਿੱਖ ਸਨ, ਜਿਹੜੇ ਕਦੋਂ ਦੇ ਵੇਲਾ-ਵਿਹਾਅ ਚੁੱਕੇ ਖ਼ਾਲਿਸਤਾਨ ਦੇ ਮੁੱਦੇ ਨੂੰ ਹਾਲ਼ੇ ਵੀ ਚੁੱਕੀ ਫਿਰਦੇ ਹਨ।

ਕੁਝ ਹੋਰਨਾਂ ਦੇਸ਼ਾਂ 'ਚ ਰਹਿੰਦੇ ਪਰ ਹੁਣ ਖੇਰੂੰ-ਖੇਰੂੰ ਹੋ ਚੁੱਕੇ ਕੱਟੜਪ੍ਰਸਤ ਸਮੂਹਾਂ ਨੂੰ ਆਸ ਸੀ ਕਿ ਲੰਦਨ ਦੇ ਇਸ 'ਰਾਇਸ਼ੁਮਾਰੀ' ਸਮਾਰੋਹ ਰਾਹੀਂ ਉਹ ਕੌਮਾਂਤਰੀ ਪੱਧਰ 'ਤੇ ਸਭ ਦਾ ਧਿਆਨ ਆਪਣੇ ਵੱਲ ਖਿੱਚ ਸਕਣਗੇ। ਇੱਧਰ ਭਾਰਤੀ ਸੁਰੱਖਿਆ ਏਜੰਸੀਆਂ ਇਸ ਨੂੰ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈਐੱਸਆਈ ਦੀ ਇੱਕ ਕੋਝੀ ਚਾਲ ਮੰਨ ਰਹੀਆਂ ਹਨ। ਦਰਅਸਲ, ਇਹ ਆਈਐੱਸਆਈ ਦਾ ਇੱਕ ਪ੍ਰੋਜੈਕਟ ਸੀ, ਜਿਸ ਨੂੰ ਕੋਡ-ਨਾਂਅ 'ਓਪ ਐਕਸਪ੍ਰੈੱਸ' ਦਿੱਤਾ ਗਿਆ ਸੀ ਤੇ ਇਸ ਰਾਹੀਂ ਸ਼ਾਂਤੀਪੂਰਨ ਪੰਜਾਬ 'ਚ ਗੜਬੜੀ ਫੈਲਾਉਣ ਲਈ ਸਿੱਖ-ਪੱਤਾ ਖੇਡਿਆ ਗਿਆ ਹੈ।

ਇਹ ਸਾਰੇ ਭਿਆਨਕ ਕਿਸਮ ਦੇ ਸੰਕੇਤ ਬੇਬੁਨਿਆਦ ਨਹੀਂ ਹਨ। 'ਸਿੱਖ ਰਾਇਸ਼ੁਮਾਰੀ ਦੇ ਸੱਦੇ ਵਾਲੇ ਪੋਸਟਰ ਅਮਰੀਕੀ ਜੱਥੇਬੰਦੀ 'ਸਿੱਖਸ ਫ਼ਾਰ ਜਸਟਿਸ ਨੇ ਤਿਆਰ ਕਰਵਾਏ ਸਨ ਤੇ ਇਹ ਪਿਛਲੇ ਕੁਝ ਮਹੀਨਿਆਂ ਦੌਰਾਨ ਪਾਕਿਸਤਾਨ ਦੇ ਵੱਡੇ ਗੁਰਦੁਆਰਾ ਸਾਹਿਬਾਨ ਵਿੱਚ ਵਿਖਾਈ ਦੇਣੇ ਸ਼ੁਰੂ ਹੋ ਗਏ ਸਨ, ਜਿਨ੍ਹਾਂ ਦੇ ਦਰਸ਼ਨ ਕਰਨ ਲਈ ਸਿੱਖ ਸ਼ਰਧਾਲੂ ਹਰ ਸਾਲ ਜਾਂਦੇ ਹਨ।

ਲੰਦਨ ਦੇ ਇਸ 'ਰਾਇਸ਼ੁਮਾਰੀ ਸਮਾਰੋਹ ਪਿੱਛੇ ਜਿਹੜੇ ਕੁਝ ਵਿਅਕਤੀਆਂ ਦਾ ਦਿਮਾਗ਼ ਸੀ, ਭਾਰਤੀ ਸੁਰੱਖਿਆ ਏਜੰਸੀਆਂ ਦੀਆਂ ਫ਼ਾਈਲਾਂ 'ਚ ਉਨ੍ਹਾਂ ਦੇ ਨਾਂਅ 'ਤੇ ਪਹਿਲਾਂ ਅਪਰਾਧਕ-ਖਾੜਕੂ ਇਤਿਹਾਸ/ਪਿਛੋਕੜ ਦਰਜ ਹਨ। ਭਾਰਤ ਤੋਂ ਫ਼ਰਾਰ ਹੋਣ ਤੋਂ ਪਹਿਲਾਂ ਉਹ ਅਜਿਹੇ ਖ਼ਤਰਨਾਕ ਅਪਰਾਧ ਹੀ ਕਰਦੇ ਸਨ। ਭਾਰਤ ਨੇ ਇਸੇ ਲਈ ਇਸ 'ਰਾਇਸ਼ੁਮਾਰੀ ਸਮਾਰੋਹ 'ਤੇ ਚਿੰਤਾ ਵੀ ਪ੍ਰਗਟਾਈ ਸੀ ਪਰ ਭਾਰਤੀ ਕੂਟਨੀਤਕਾਂ ਵੱਲੋਂ ਰਸਮੀ ਤੌਰ 'ਤੇ ਆਖਣ ਦੇ ਬਾਵਜੂਦ ਇੰਗਲੈਂਡ ਦੀ ਸਰਕਾਰ ਨੇ ਇਸ 'ਰਾਇਸ਼ੁਮਾਰੀ ਪੱਖੀ ਸਮਾਰੋਹ 'ਤੇ ਕੋਈ ਪਾਬੰਦੀ ਲਾਉਣ ਦਾ ਜਤਨ ਨਹੀਂ ਕੀਤਾ। ਵੈਸਟਮਿੰਸਟਰ ਨੇ ਉਨ੍ਹਾਂ ਕੱਟੜਪ੍ਰਸਤਾਂ ਦੇ ਇਸ ਸਮਾਰੋਹ ਨੂੰ ਰੋਕਣ ਦੀ ਥਾਂ ਸਗੋਂ ਇਹ ਦਲੀਲ ਦਿੱਤੀ ਕਿ ਸਭ ਨੂੰ ਆਪੋ-ਆਪਣੇ ਵਿਚਾਰ ਪ੍ਰਗਟਾਉਣ ਦਾ ਹੱਕ ਹੁੰਦਾ ਹੈ। ਨਵੀਂ ਦਿੱਲੀ ਨੂੰ ਬੱਸ ਇੰਨੀ ਕੁ ਰਾਹਤ ਜ਼ਰੂਰ ਮਿਲੀ ਕਿ ਇੰਗਲੈਂਡ 'ਚ ਰਹਿੰਦੇ ਪਰਵਾਸੀ ਭਾਰਤੀਆਂ ਨੇ ਉਸ 'ਰਾਇਸ਼ੁਮਾਰੀ ਸਮਾਰੋਹ ਦੇ ਬਰਾਬਰ ਆਪਣਾ 'ਭਾਰਤ-ਪੱਖੀ ਸ਼ੋਅ ਵੀ ਰੱਖ ਦਿੱਤਾ।

ਇੱਧਰ ਪੰਜਾਬ 'ਚ ਹੁਣ ਕਿਤੇ ਵੀ ਖ਼ਾਲਿਸਤਾਨ ਦਾ ਕੋਈ ਨਾਮਲੇਵਾ ਨਹੀਂ ਰਿਹਾ - ਦਲ ਖ਼ਾਲਸਾ ਤੇ ਅਕਾਲੀ ਦਲ (ਅੰਮ੍ਰਿਤਸਰ) ਜਿਹੇ ਖ਼ਾਲਿਸਤਾਨ-ਪੱਖੀ ਸਮੂਹ ਵੀ ਨਹੀਂ। ਹੁਣ ਤਾਂ ਸਿਆਸੀ ਪਾਰਟੀਆਂ ਨੇ ਖ਼ਾਲਿਸਤਾਨ ਦੀ ਨਿਖੇਧੀ ਕਰਨੀ ਵੀ ਬੰਦ ਕਰ ਦਿੱਤੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੰਦਨ ਦੇ ਇਸ ਤਾਜ਼ਾ ਸਮਾਰੋਹ ਨੂੰ 'ਵਿਦੇਸ਼ਾਂ 'ਚ ਰਹਿੰਦੇ ਆਈਐੱਸਆਈ ਦੀ ਹਮਾਇਤ ਪ੍ਰਾਪਤ ਮੁੱਠੀ-ਭਰ ਤੇ ਨਿਰਾਸ਼ ਸਿੱਖਾਂ ਦੀ ਭਾਰਤ 'ਚ ਗੜਬੜੀ ਫੈਲਾਉਣ ਦੀ ਇੱਕ ਕੋਸ਼ਿਸ਼' ਕਰਾਰ ਦਿੱਤਾ ਹੈ। ਨਰਮ-ਖ਼ਿਆਲੀ ਸ਼੍ਰੋਮਣੀ ਅਕਾਲੀ ਦਲ ਨੇ ਵੀ ਇਹ ਆਖਦਿਆਂ ਖ਼ਾਲਿਸਤਾਨ ਦੇ ਹਮਾਇਤੀਆਂ ਦੀ ਸਖ਼ਤ ਨਿਖੇਧੀ ਕੀਤੀ ਹੈ ਕਿ ਵਿਦੇਸ਼ 'ਚ ਜਿਹੜੇ ਲੋਕ ਇਸ ਵੇਲੇ 'ਰਾਇਸ਼ੁਮਾਰੀ 2020 ਦੇ ਪਿੱਛੇ ਹਨ, ਉਨ੍ਹਾਂ ਨੇ ਕਦੇ ਪੰਜਾਬ ਨਹੀਂ ਆਉਣਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ - "ਇਹ ਇੱਕ ਅਜਿਹਾ ਫ਼ਿਜ਼ੂਲ ਦਾ ਸਮਾਰੋਹ ਹੈ, ਜਿਸ ਨੂੰ ਪੰਜਾਬ 'ਚ ਕੋਈ ਨਹੀਂ ਪੁੱਛਦਾ।

ਇਸ ਸਮਾਰੋਹ ਦਾ ਸਿੱਧਾ ਅਸਰ ਭਾਰਤ ਤੇ ਇੰਗਲੈਂਡ ਦੇ ਸਬੰਧਾਂ 'ਤੇ ਪੈਣਾ ਹੈ। ਭਾਰਤ ਨੇ ਇੰਗਲੈਂਡ ਨੂੰ ਇਹ ਜਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਕਿ 'ਇਹ ਇੱਕ ਅਜਿਹੀ ਵੱਖਵਾਦੀ ਗਤੀਵਿਧੀ ਹੈ, ਜਿਹੜੀ ਭਾਰਤ ਦੀ ਸੰਘੀ ਅਖੰਡਤਾ ਲਈ ਇੱਕ ਖ਼ਤਰਾ ਹੈ ਤੇ ਇਸ ਦਾ ਮਕਸਦ ਸਿੱਧੇ ਤੌਰ 'ਤੇ ਹਿੰਸਾ, ਵੱਖਵਾਦ ਤੇ ਨਫ਼ਰਤ ਫੈਲਾਉਣਾ ਹੈ। ਕੱਟੜਪ੍ਰਸਤਾਂ ਨੇ ਇਸ ਸਮਾਰੋਹ ਲਈ ਲੰਦਨ ਨੂੰ ਹੀ ਕਿਉਂ ਚੁਣਿਆ, ਭਾਰਤੀ ਖ਼ੁਫ਼ੀਆ ਏਜੰਸੀਆਂ ਨੂੰ ਇਸ ਦੇ ਸੰਭਾਵੀ ਖ਼ਤਰਿਆਂ ਦੀ ਵੀ ਚਿੰਤਾ ਹੈ। 1980ਵਿਆਂ ਦੌਰਾਨ ਇੰਗਲੈਂਡ ਖ਼ਾਲਿਸਤਾਨ-ਪੱਖੀ ਲਹਿਰ ਦਾ ਮੁੱਖ ਕੇਂਦਰ ਬਣ ਕੇ ਰਹਿ ਗਿਆ ਸੀ ਤੇ ਉਦੋਂ ਇਸ ਲਹਿਰ ਦੀ ਵਾਗਡੋਰ ਜਗਜੀਤ ਸਿੰਘ ਚੌਹਾਨ ਨੇ ਸੰਭਾਲੀ ਹੋਈ ਸੀ। ਭਾਰਤ ਤੇ ਇੰਗਲੈਂਡ ਦੇ ਆਪਸੀ ਸਬੰਧ ਤਾਂ ਪਹਿਲਾਂ ਤੋਂ ਹੀ ਕਦੇ ਬਹੁਤੇ ਸੁਖਾਵੇਂ ਨਹੀਂ ਰਹੇ ਤੇ ਹੁਣ ਇਸ ਸਮਾਰੋਹ ਕਾਰਨ ਦੋਵੇਂ ਦੇਸ਼ਾਂ ਵਿਚਾਲੇ ਤਣਾਅ ਹੋਰ ਵਧ ਗਿਆ ਹੈ। ਇੰਗਲੈਂਡ ਪਹਿਲਾਂ ਹੀ 'ਬ੍ਰੈਗਜ਼ਿਟ (ਯੂਰੋਪੀਅਨ ਯੂਨੀਅਨ ਤੋਂ ਵੱਖ ਹੋਣ ਦੀ ਪ੍ਰਕਿਰਿਆ) ਦੇ ਦੌਰ 'ਚੋਂ ਲੰਘ ਰਿਹਾ ਹੈ; ਇਸ ਦਾ ਅਸਰ ਦੁਵੱਲੇ ਵਪਾਰ 'ਤੇ ਵੀ ਪਵੇਗਾ। ਪਰ ਇਹ ਨਿਸ਼ਚਤ ਹੈ ਕਿ ਕੁਝ ਹੋਰਨਾਂ ਦੇਸ਼ਾਂ 'ਚ ਸਰਗਰਮ ਸਿੱਖ ਮੂਲਵਾਦੀਆਂ ਵਿਰੁੱਧ ਭਾਰਤ ਆਪਣਾ ਸਟੈਂਡ ਪਹਿਲਾਂ ਵਾਂਗ ਸਖ਼ਤ ਹੀ ਰੱਖੇਗਾ। ਇਸ ਤੋਂ ਪਹਿਲਾਂ, ਨਵੀਂ ਦਿੱਲੀ ਨੇ ਕੈਨੇਡਾ ਨੂੰ ਵੀ ਸਮਝਾਇਆ ਸੀ ਕਿ ਉਹ ਕੁਝ ਪਰਵਾਸੀ ਸਿੱਖਾਂ 'ਚ ਪਾਏ ਜਾਣ ਵਾਲੇ ਭਾਰਤ-ਵਿਰੋਧੀ ਰੌਂਅ ਪ੍ਰਤੀ ਕੋਈ ਅਰਥਹੀਣ ਪਹੁੰਚ ਨਾ ਅਪਣਾਏ ਤੇ ਇਸ ਸਬੰਧੀ ਉਸ ਦੀ ਬੋਦੀ ਪਹੁੰਚ ਨੂੰ ਜ਼ਬਰਦਸਤੀ ਠੀਕ ਵੀ ਕਰਵਾਇਆ ਗਿਆ ਸੀ। ਸੁਰੱਖਿਆ ਏਜੰਸੀਆਂ ਨੂੰ ਹੁਣ ਲੱਗਦਾ ਹੈ ਕਿ ਮੂਲਵਾਦ ਦਾ ਜਿਹੜਾ ਇਹ ਏਜੰਡਾ ਮੁੜ ਉਠਾਇਆ ਗਿਆ ਹੈ, ਉਸ ਦੇ ਕੀਟਾਣੂਆਂ ਦਾ ਖ਼ਾਤਮਾ ਸ਼ੁਰੂ 'ਚ ਹੀ ਕਰ ਦੇਣਾ ਚਾਹੀਦਾ ਹੈ। ਸਿੱਖਾਂ ਦੀ ਵਧੇਰੇ ਆਬਾਦੀ ਵਾਲੇ ਦੋ ਦੇਸ਼ਾਂ ਕੈਨੇਡਾ ਤੇ ਆਸਟ੍ਰੇਲੀਆ 'ਚ ਮੂਲਵਾਦੀਆਂ ਵੱਲੋਂ ਦੇਖਾਦੇਖੀ ਕੀਤੀਆਂ ਜਾਣ ਵਾਲੀਆਂ ਰੈਲੀਆਂ ਕਾਰਨ ਬੇਚੈਨੀ ਵਧਦੀ ਜਾ ਰਹੀ ਹੈ। ਅਜਿਹੇ ਹਾਲਾਤ ਦੇ ਮੱਦੇਨਜ਼ਰ, ਲੰਦਨ ਦੇ ਇਸ ਸਮਾਰੋਹ ਤੋਂ ਬਾਅਦ ਹੁਣ ਭਾਰਤ ਨੂੰ ਚੌਕਸ ਰਹਿਣ ਦੀ ਜ਼ਰੂਰਤ ਹੈ ਕਿ ਸੁਰੱਖਿਆ ਤੇ ਕੂਟਨੀਤਕ ਮੋਰਚਿਆਂ 'ਤੇ ਕਿਤੇ ਕੋਈ ਢਿੱਲ-ਮੱਠ ਨਾ ਰਹਿ ਜਾਵੇ।

ਪੰਜਾਬੀ ਦੁਨੀਆ
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੇਸਪੌਂਡੈਂਸ :
ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ
Published by Punjabi Duniya.com LLC
(A Division of Media Partners Capital , Inc.)

Address :
P.O Box 7005 Hicksville New York 11801
Phone: 917 612 3158 TelFax : 516 342 1076
editor@thesouthasianinsider.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# ਅਮਰੀਕਾ 'ਚ ਗਵਰਨਰਸ਼ਿੱਪ ਅਤੇ ਸਦਨ ਦੀਆਂ ਚੋਣਾਂ ਵਿੱਚ ਨਵਾਂ ਰੁਝਾਨ ਸਾਹਮਣੇ ਆਇਆ

- ਨਾਮਜ਼ਦਗੀਆਂ 'ਚ ਔਰਤ ਉਮੀਦਵਾਰਾਂ ਦੀ ਗਿਣਤੀ ਸਭ ਤੋਂ ਵੱਧ
- ਅਮਰੀਕੀ ਮੀਡੀਆ ਮੁਤਾਬਕ ਰਿਪਬਲਿਕਨ ਅਤੇ ਡੈਮੋਕ੍ਰੇਟਸ ਵਿਚਾਲੇ ਕਾਂਟੇ ਦੀ ਟੱਕਰ
- ਅਮਰੀਕੀ ਕਾਂਗਰਸ 'ਚ ਪਹਿਲੀ ਵਾਰ ਸ਼ਾਮਲ ਹੋਵੇਗੀ ਮੁਸਲਿਮ ਮਹਿਲਾ



ਵਾਸ਼ਿੰਗਟਨ (ਪੰ. ਦੁ. ਬਿਊਰੋ) : ਨਵੰਬਰ ਮਹੀਨੇ 'ਚ ਅਮਰੀਕਾ 'ਚ ਹੋਣ ਜਾ ਰਹੀਆਂ ਗਵਰਨਰਸ਼ਿੱਪ ਅਤੇ ਸਦਨ ਦੀਆਂ ਸੀਟਾਂ ਲਈ ਮੱਧ-ਵਰਤੀ ਚੋਣਾਂ ਵਿੱਚ ਇੱਕ ਨਵਾਂ ਰੁਝਾਨ ਸਾਹਮਣੇ ਆਇਆ ਹੈ।ਮੁਲਕ ਦੇ ਇਤਿਹਾਸ ਵਿੱਚ ਪਹਿਲੀ ਵਾਰ ਮੱਧ-ਵਰਤੀ ਚੋਣਾਂ ਲਈ ਹੋਈਆਂ ਨਾਮਜ਼ਦਗੀਆਂ 'ਚ ਔਰਤ ਉਮੀਦਵਾਰਾਂ ਦੀ ਗਿਣਤੀ ਸਭ ਤੋਂ ਵੱਧ ਦੱਸੀ ਜਾ ਰਹੀ ਹੈ।ਚਾਰ ਸੂਬਿਆਂ ਦੀਆਂ ਮੁਢਲੀਆਂ ਨਾਮਜ਼ਦਗੀਆਂ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਹਾਸਲ ਹੋਏ ਅੰਕੜਿਆਂ ਮੁਤਾਬਕ 11 ਔਰਤਾਂ ਗਵਰਨਰ ਦੇ ਅਹੁਦੇ ਲਈ ਚੋਣ ਮੈਦਾਨ ਵਿੱਚ ਨਿੱਤਰੀਆਂ ਹਨ ਜਦਕਿ ਮੁਲਕ ਦੀ ਸੰਸਦ ਤੱਕ ਪਹੁੰਚਣ ਲਈ 182 ਔਰਤਾਂ ਜ਼ੋਰ ਅਜ਼ਮਾਇਸ਼ ਕਰਨ ਜਾ ਰਹੀਆਂ ਹਨ। ਇਸ ਰੁਝਾਨ ਨੂੰ ਅਮਰੀਕਾ ਵਿੱਚ ਔਰਤ ਸਿਆਸੀ ਕਾਰਕੁਨਾਂ ਦੀ ਸਫਲਤਾ ਦੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ। ਜਿਨ੍ਹਾਂ ਰਾਜਾਂ ਤੋਂ ਸੰਸਦ ਲਈ ਚੋਣਾਂ ਹੋਣੀਆਂ ਹਨ ਉਨ੍ਹਾਂ ਵਿੱਚੋਂ ਉਹਾਓ ਸੂਬਾ ਵੀ ਸ਼ਾਮਲ ਹੈ ਜਿੱਥੋਂ ਰਾਸ਼ਟਰਪਤੀ ਡੌਨਲਡ ਟਰੰਪ ਨੇ ਜਿੱਤ ਹਾਸਲ ਕੀਤੀ ਸੀ।ਅਮਰੀਕੀ ਮੀਡੀਆ ਮੁਤਾਬਕ ਮੁਲਕ ਦੀਆਂ ਦੋਹੇਂ ਪ੍ਰਮੁੱਖ ਸਿਆਸੀ ਧਿਰਾਂ ਰਿਪਬਲਿਕਨ ਅਤੇ ਡੈਮੋਕ੍ਰੇਟਸ ਵਿਚਾਲੇ ਕਾਂਟੇ ਦੀ ਟੱਕਰ ਹੈ। 1983 ਤੋਂ ਜਿਹੜੀਆਂ ਰਿਪਬਲਿਕਨ ਪਾਰਟੀ ਦੀਆਂ ਸੁਰੱਖਿਅਤ ਸੀਟਾਂ ਸਮਝੀਆਂ ਜਾਂਦੀਆਂ ਹਨ, ਉਨ੍ਹਾਂ 'ਤੇ ਵੀ ਮੁਕਾਬਲਾ ਸਖ਼ਤ ਵੇਖਣ ਨੂੰ ਮਿਲ ਰਿਹਾ ਹੈ।ਨਵੰਬਰ ਦੀਆਂ ਚੋਣਾਂ ਵਿੱਚ ਦੇਖਣਾ ਰੋਚਕ ਹੋਵੇਗਾ ਕਿ ਡੈਮੋਕ੍ਰੇਟ ਬਾਜ਼ੀ ਮਾਰਦੇ ਹਨ ਜਾਂ ਨਹੀਂ।

**ਔਰਤ ਸਿਆਸਤਦਾਨਾਂ ਲਈ ਵੱਡਾ ਮੌਕਾ:** ਜਿਨ੍ਹਾਂ ਚਾਰ ਸੂਬਿਆਂ ਵਿੱਚ ਮੁਢਲੀਆਂ ਵੋਟਾਂ ਦਾ ਕੰਮ ਸਿਰੇ ਚੜ੍ਹਿਆ ਹੈ ਉਨ੍ਹਾਂ ਵਿੱਚ ਕਾਂਸਸ, ਮਿਸ਼ੀਗਨ, ਮਿਸੂਰੀ ਤੇ ਵਾਸ਼ਿੰਗਟਨ ਸ਼ਾਮਲ ਹਨ। ਇਨ੍ਹਾਂ ਦੇ ਨਤੀਜਿਆਂ ਤੋਂ ਸਾਫ ਹੋਇਆ ਹੈ ਕਿ ਔਰਤ ਸਿਆਸਤਦਾਨ ਇਸ ਵਾਰ ਕੋਈ ਨਵਾਂ ਕੀਰਤੀਮਾਨ ਬਣਾ ਸਕਦੀਆਂ ਹਨ। ਇਹ ਨਾਮਜ਼ਦਗੀਆਂ ਉਨ੍ਹਾਂ ਨੂੰ ਸਿਆਸਤ ਵਿੱਚ ਇੱਕ ਵੱਡਾ ਮੌਕਾ ਮਿਲਣ ਵੱਲ ਇਸ਼ਾਰਾ ਕਰਦਾ ਹੈ। ਮਿਸ਼ੀਗਨ ਤੋਂ ਗ੍ਰੈਚਨ ਵਾਈਟਮਰ ਅਤੇ ਕਾਂਸਸ ਤੋਂ ਲੌਰਾ ਕੈਲੀ ਦਾ ਡੈਮੋਕ੍ਰੇਟਸ ਉਮੀਦਵਾਰ ਵਜੋਂ ਮੁਢਲੀਆਂ ਚੋਣਾਂ ਜਿੱਤਣ ਦਾ ਅਰਥ ਹੈ ਕਿ ਨਵੰਬਰ ਦੀਆਂ ਗਵਰਨਰਸ਼ਿੱਪ ਚੋਣਾਂ ਵਿੱਚ 11 ਔਰਤ ਸਿਆਸਤਦਾਨ ਕਿਸਮਤ ਅਜ਼ਮਾਣਗੀਆਂ। ਦੂਜੇ ਪਾਸੇ ਸੰਸਦ ਦੀਆਂ ਸੀਟਾਂ 'ਤੇ ਔਰਤਾਂ ਦੀ ਨਾਮਜ਼ਦਗੀ ਦੀ ਗਿਣਤੀ ਘੱਟੋ ਘੱਟ 182 ਤੱਕ ਪਹੁੰਚ ਗਈ ਹੈ। ਇਹ ਵੀ 2016 ਦੇ 167 ਸੀਟਾਂ ਦੇ ਰਿਕਾਰਡ ਤੋਂ ਕਿਤੇ ਵੱਧ ਹੈ। ਰੋਚਕ ਗੱਲ ਇਹ ਹੈ ਕਿ ਅਜੇ ਤਿੰਨ ਹੋਰ ਔਰਤ ਸਿਆਸਤਦਾਨ ਕਾਂਟੇ ਦੀ ਟੱਕਰ ਵਿੱਚ ਲੀਡ ਕਰ ਰਹੀਆਂ ਹਨ।

**ਪਹਿਲੀ ਫਲਸਤੀਨ ਅਮੈਰੀਕਨ ਕਾਂਗਰਸ ਵੂਮੈਨ:** ਮਿਸ਼ੀਗਨ ਸੂਬੇ ਵਿੱਚ ਡੈਮੋਕ੍ਰੇਟਸ ਦੀਆਂ ਟਿਕਟਾਂ ਉੱਤੇ ਜਿਹੜੀਆਂ ਚਾਰ ਔਰਤ ਉਮੀਦਵਾਰ ਸਭ ਤੋਂ ਤਾਕਤਵਰ ਹਨ ਉਨ੍ਹਾਂ ਵਿੱਚ ਵਾਈਟਮਰ ਸਭ ਤੋਂ ਅੱਗੇ ਹੈ। ਇਨ੍ਹਾਂ ਚੋਣਾਂ ਦੀ ਖਾਸ ਗੱਲ ਇਹ ਹੈ ਕਿ ਪਹਿਲੀ ਵਾਰ ਅਮਰੀਕੀ ਸੰਸਦ ਵਿੱਚ ਕੋਈ ਮੁਸਲਮਾਨ ਔਰਤ ਪਹੁੰਚੇਗੀ। ਰਸ਼ੀਦਾ ਲਾਇਬ ਨੇ ਡੈਮੋਕ੍ਰੇਟ ਉਮੀਦਵਾਰ ਦੀ ਨਾਮਜ਼ਦਗੀ ਦੀ ਚੋਣ ਜਿੱਤ ਲਈ ਹੈ ਅਤੇ ਨਵੰਬਰ ਦੀਆਂ ਚੋਣਾਂ ਵਿੱਚ ਰਿਪਬਲੀਕਨ ਪਾਰਟੀ ਨੇ ਉਸ ਖਿਲਾਫ ਉਮੀਦਵਾਰ ਨਾ ਖੜ੍ਹਾ ਕਰਨ ਦਾ ਫੈਸਲਾ ਲਿਆ ਹੈ। ਇਸ ਲਈ ਉਸਦਾ ਸੰਸਦ ਵਿੱਚ ਪਹੁੰਚਣਾ ਤੈਅ ਹੋ ਗਿਆ ਹੈ ਅਤੇ ਉਹ ਅਮਰੀਕੀ ਕਾਂਗਰਸ ਦੀ ਪਹਿਲੀ ਫਲਸਤੀਨ ਅਮੈਰੀਕਨ ਕਾਂਗਰਸ ਵੂਮੈਨ ਹੋਵੇਗੀ। ਡੈਮੋਕ੍ਰੇਟ ਲੀਜ਼ਾ ਬ੍ਰਾਊਨ ਦਾ ਟਾਕਰਾ ਕੈਥੀ ਮੈਕਮੌਰਿਸ ਰੌਜਰਜ਼ ਨਾਲ ਹਾਊਸ ਸੀਟ ਲਈ ਹੋਵੇਗਾ ਜਦਕਿ ਰਿਪਬਲੀਕਨ ਸੁਸਾਨ ਹਚੀਸਨ ਨੂੰ ਸੈਨੇਟਰ ਮਾਰੀਆ ਕਾਂਟਵੈਲ ਨਾਲ ਟੱਕਰ ਲੈਣੀ ਪਵੇਗੀ।

### ਟਰੰਪ ਦੀ ਚੇਤਾਵਨੀ

## ਮੇਰੇ ਖ਼ਿਲਾਫ਼ ਚੋਣਾਂ ਲੜਨ ਵਾਲੇ ਨੂੰ ਭੁਗਤਨੇ ਪੈਣਗੇ ਨਤੀਜੇ

ਵਾਸ਼ਿੰਗਟਨ (ਪੰ. ਦੁ. ਬਿਊਰੋ) : ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਨਿਊਯਾਰਕ ਦੇ ਗਵਰਨਰ ਐਂਡਰਿਊ ਕੋਓਮੋ ਨੂੰ 2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਉਨ੍ਹਾਂ ਦੇ ਖਿਲਾਫ ਖੜ੍ਹੇ ਹੋਣ ਦੀ ਚਿਤਾਵਨੀ ਦਿੱਤੀ ਤੇ ਕਿਹਾ ਕਿ "ਜੋ ਵੀ ਟ੍ਰੰਪ ਦੇ ਖ਼ਿਲਾਫ਼ ਖੜ੍ਹਾਂ ਹੋਵੇਗਾ, ਉਸਨੂੰ ਨਤੀਜੇ ਭੁਗਤਣੇ ਪੈਣਗੇ।" ਟਰੰਪ ਨੇ ਕੱਲ੍ਹ ਕਿਹਾ ਸੀ ਕਿ ਕੁਓਮੋ ਨੇ ਉਸ ਨੂੰ ਇਕ ਵਾਰ ਬੁਲਾਇਆ ਸੀ ਅਤੇ ਵਾਅਦਾ ਕੀਤਾ ਸੀ ਕਿ ਉਹ ਉਸ ਦੇ ਖਿਲਾਫ ਚੋਣਾਂ ਨਹੀਂ ਲੜਣਗੇ। ਕੁਓਮੋ ਦੇ ਦਫਤਰ ਨੇ ਅਜੇ ਇਸ ਦਾਅਵੇ ਨੂੰ ਖਾਰਜ ਨਹੀਂ ਕੀਤਾ ਹੈ। ਰਿਪਬਲਿੰਕਨ ਪਾਰਟੀ ਦੀ ਮੈਂਬਰ ਕਲੌਡੀਆ ਟੇਨੀ ਲਈ ਦਾਨ ਇਕੱਤਰ ਕਰਨ ਲਈ ਕੀਤੀ ਗਈ ਇੱਕ ਰੈਲੀ ਵਿੱਚ ਟ੍ਰੈਂਪ ਨੇ ਇਹ ਬਿਆਨ ਦਿੱਤਾ। ਇਹ 2016 ਵਿੱਚ



ਰਾਸ਼ਟਰਪਤੀ ਚੋਣ ਜਿੱਤਣ ਤੋਂ ਬਾਅਦ ਟਰੰਪ ਦਾ ਪਹਿਲਾ ਯੂਟੀਕਾ ਦੌਰਾ ਹੈ। ਟਰੰਪ ਨੇ ਕਿਹਾ ਕਿ ਕੁਓਮੋ ਨੇ ਉਨ੍ਹਾਂ ਨੂੰ ਕਿਹਾ ਸੀ, "ਮੈਂ ਤੁਹਾਡੇ ਵਿਰੁੱਧ ਰਾਸ਼ਟਰਪਤੀ ਚੋਣ ਨਹੀਂ ਲੜਾਂਗਾ।" ਕੁਓਮੋ 'ਸੈਕਸ ਐਂਡ ਦਿ ਸਿਟੀ ਦੀ ਅਦਾਕਾਰਾ ਸਿੰਥੇਆ ਨਿਕਸਨ ਦੇ ਖਿਲਾਫ ਲੜ ਰਹੇ ਹਨ। ਟਰੰਪ ਨੇ ਕਿਹਾ, "ਪਰ ਮੈਨੂੰ ਲਗਦਾ ਹੈ ਕਿ ਉਹ ਚੋਣਾਂ ਲੜਨਾ ਚਾਹੁੰਦੇ ਹਨ। ਜੀ ਕਿਰਪਾ ਕਰਕੇ ਅਜਿਹਾ ਕਰੋ। ਪਰ ਇਕ ਗੱਲ ਯਾਦ ਰੱਖੋ ਜੋ ਵਿਅਕਤੀ ਟਰੰਪ ਦੇ ਖਿਲਾਫ ਚੋਣ ਲੜੇਗਾ, ਉਸ ਨੂੰ ਨਤੀਜੇ ਭੁਗਤਣੇ ਪੈਣਗੇ।"

## ਅਮਰੀਕਾ ਰਹਿੰਦੇ.ਗੈਰ ਕਾਨੂੰਨੀ ਪ੍ਰਵਾਸੀਆਂ 'ਤੇ ਵੱਡੀ ਕਾਰਵਾਈ

ਨਿਊਯਾਰਕ (ਪੰ. ਦੁ. ਬਿਊਰੋ): ਆਪਣੇ ਦੇਸ਼ ਵਿੱਚ ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਰਹਿ ਰਹੇ ਵਿਦੇਸ਼ੀ ਲੋਕਾਂ ਵਿਰੁੱਧ ਕਾਰਵਾਈ ਕਰਦਿਆਂ ਅਮਰੀਕਾ ਨੇ 100 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ ਵਿੱਚ ਕੁਝ ਭਾਰਤੀ ਵੀ ਸ਼ਾਮਲ ਹਨ। ਹਾਲਾਂਕਿ, ਭਾਰਤੀਆਂ ਦੀ ਗਿਣਤੀ ਦਾ ਫਿਲਹਾਲ ਪਤਾ ਨਹੀਂ ਲੱਗਾ ਹੈ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਵਿੱਚ ਗ਼ੈਰ ਕਾਨੂੰਨੀ ਢੰਗ ਨਾਲ ਬਾਰਡਰ ਪਾਰ ਕਰਨ ਵਾਲੇ ਵੀ ਸ਼ਾਮਲ ਹਨ।ਅਮਰੀਕੀ ਇੰਮੀਗ੍ਰੇਸ਼ਨ ਤੇ ਕਸਟਮ ਇਨਫੋਰਸਮੈਂਟ (935) ਵਿਭਾਗ ਦੇ ਇਨਫੋਰਸਮੈਂਟ ਐਂਡ ਰਿਮੂਲਵ ਆਪ੍ਰੇਸ਼ਨ (ERO) ਤਹਿਤ ਨੇ ਆਪਣੀ ਪੰਜ ਦਿਨਾਂ ਵਾਲੀ ਮੁਹਿੰਮ ਦੌਰਾਨ ਇਕੱਲੇ ਹਿਊਸਟਨ ਇਲਾਕੇ ਵਿੱਚੋਂ ਹੀ 45 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਹਾਲਾਂਕਿ, ਇਨ੍ਹਾਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਵਿੱਚ ਭਾਰਤੀਆਂ ਦੀ ਸਟੀਕ ਗਿਣਤੀ ਹਾਲੇ ਪਤਾ ਨਹੀਂ ਹੈ।ਆਈਈਸੀ ਤੋਂ ਮਿਲੀ ਜਾਣਕਾਰੀ ਮੁਤਾਬਕ ਭਾਰਤ, ਕਿਊਬਾ, ਨਾਈਜੀਰੀਆ, ਚਿੱਲੀ, ਤੁਰਕੀ, ਹੌਂਡੂਰਸ, ਐਲ ਸਾਲਵੇਡੋਰ, ਮੈਕਸੀਕੋ ਤੇ ਗੁਆਟੇਮਾਲਾ ਦੇ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਏਜੰਸੀ ਨੇ ਮੁਤਾਬਕ ਇਨ੍ਹਾਂ ਵਿੱਚੋਂ ਕੁਝ ਨੂੰ ਡਿਪੋਰਟ ਕੀਤੇ ਜਾਣ ਦੇ ਬਾਵਜੂਦ ਦੁਬਾਰਾ ਅਮਰੀਕਾ ਵਿੱਚ ਦਾਖ਼ਲ ਹੋਣ ਦੌਰਾਨ ਕਾਬੂ ਕੀਤਾ ਗਿਆ ਹੈ। ਪਿਛਲੇ ਹਫ਼ਤੇ ਟੈਕਸਾਸ ਵਿੱਚ ਇੱਕ ਨਾਕੇ ਦੌਰਾਨ ਇੱਕ ਰੈਫ਼ਰੀਜਰੇਟਿਡ ਟਰਾਲੇ ਵਿੱਚੋਂ 78 ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਕਾਬੂ ਕੀਤਾ ਗਿਆ ਹੈ, ਜੋ ਮੂਲ ਤੌਰ 'ਤੇ ਭਾਰਤ, ਮੈਕਸੀਕੋ, ਗੁਆਟੇਮਾਲਾ, ਹੌਂਡੂਰਸ, ਐਲ ਸਾਲਵੇਡੋਰ, ਬ੍ਰਾਜ਼ੀਲ, ਇਕੁਏਡੋਰ ਤੇ ਡੋਮਿਨੀਕੈਨ ਰਿਪਬਲਿਕ ਦੇ ਰਹਿਣ ਵਾਲੇ ਸਨ। ਇਸ ਤੋਂ ਪਹਿਲਾਂ ਤਕਰੀਬਨ 100 ਭਾਰਤੀਆਂ ਨੂੰ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬੀ ਸਨ, ਨੂੰ ਅਮਰੀਕਾ ਦੇ ਦੱਖਣੀ ਬਾਰਡਰ ਤੋਂ ਗ਼ੈਰ ਕਾਨੂੰਨੀ ਤਰੀਕੇ ਨਾਲ ਸਰਹੱਦ ਟੱਪਦਿਆਂ ਕਾਬੂ ਕੀਤਾ ਗਿਆ ਸੀ।


ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ



ਪੰਜਾਬੀ ਦੁਨੀਆ
PUNJABI DUNIYA
ਨਿਊਯਾਰਕ ਤੋਂ ਪ੍ਰਕਾਸ਼ਿਤ ਹੁੰਦੇ ਪੰਜਾਬੀ ਅਖ਼ਬਾਰ ਲਈ ਦੇਸ਼ ਵਿਦੇਸ਼ ਵਿਚੋਂ ਪੱਤਰਕਾਰਾਂ ਦੀ ਲੋੜ ਹੈ
ਪੰਜਾਬੀ ਦੁਨੀਆ ਟੀ. ਵੀ. ਲਈ ਕੈਮਰਾਮੈਨ ਦੀ ਲੋੜ
editor@punjabiduniya.com, www.punjabiduniya.com

# ਨਵੀਂ ਪੀੜ੍ਹੀ ਦੇ ਸੰਭਾਵੀ ਸਿਆਸਤਦਾਨ ਨੇ ਨਿਰਵਾਣ, ਅਰਜਨ ਤੇ ਮਹਿਤਾਬ

ਚੰਡੀਗੜ੍ਹ (ਪੰ. ਦੁ. ਬਿਊਰੋ): ਪੰਜਾਬ ਦੇ ਜ਼ਿਆਦਾਤਰ ਸੀਨੀਅਰ ਆਗੂਆਂ ਨੇ ਹੁਣ ਆਪਣੀਆਂ ਅਗਲੀਆਂ ਨਸਲਾਂ ਨੂੰ ਹੌਲੀ-ਹੌਲੀ ਸਿਆਸੀ-ਦ੍ਰਿਸ਼ 'ਚ ਲਿਆਉਣਾ ਸ਼ੁਰੂ ਕਰ ਦਿੱਤਾ ਹੈ। ਅਗਲੇ ਵਰ੍ਹੇ ਦੀਆਂ ਲੋਕ ਸਭਾ ਚੋਣਾਂ 'ਚ ਕੁਝ ਨੂੰ ਚੋਣ ਮੈਦਾਨ 'ਚ ਵੀ ਉਤਾਰਿਆ ਜਾ ਸਕਦਾ ਹੈ।


ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਵਰ੍ਹੇ ਦੀਆਂ ਸੂਬਾਈ ਚੋਣਾਂ ਦੌਰਾਨ ਖ਼ੁਦ ਇਹ ਆਖਿਆ ਸੀ ਕਿ ਇੱਕ ਪਰਿਵਾਰ 'ਚੋਂ ਸਿਰਫ਼ ਇੱਕ ਜਣੇ ਨੂੰ ਹੀ ਪਾਰਟੀ ਉਮੀਦਵਾਰ ਬਣਾਇਆ ਜਾਵੇਗਾ। ਉਨ੍ਹਾਂ ਆਪਣੇ ਇਕਲੌਤੇ ਪੁੱਤਰ ਰਣਇੰਦਰ ਸਿੰਘ ਨੂੰ ਚੋਣ ਮੁਕਾਬਲਿਆਂ ਤੋਂ ਬਾਹਰ ਰੱਖਿਆ ਹੈ। ਉਹ ਦੋ ਵਾਰ ਚੋਣ ਹਾਰ ਚੁੱਕਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪਰਨੀਤ ਕੌਰ ਤਿੰਨ ਵਾਰ ਪਟਿਆਲਾ ਤੋਂ ਐੱਮਪੀ ਚੁਣੇ ਜਾ ਚੁੱਕੇ ਹਨ ਤੇ ਉਹ ਅਗਲੀਆਂ ਲੋਕ ਸਭਾ ਚੋਣਾਂ 'ਚ ਉਮੀਦਵਾਰੀ ਲਈ ਆਪਣੀ ਦਾਅਵੇਦਾਰੀ ਪੇਸ਼ ਕਰ ਸਕਦੇ ਹਨ।

**ਪਟਿਆਲਾ 'ਚ ਨਵਾਂ ਸ਼ਾਹੀ ਚਿਹਰਾ ਨਿਰਵਾਣ ਸਿੰਘ**

ਕੈਪਟਨ ਅਮਰਿੰਦਰ ਸਿੰਘ ਦੀ ਧੀ ਜਯਾ ਇੰਦਰ ਕੌਰ ਦੇ ਛੋਟੇ ਪੁੱਤਰ (ਕੈਪਟਨ ਦਾ ਦੋਹਤਾ) ਨਿਰਵਾਣ ਸਿੰਘ ਨੂੰ ਹੁਣ ਸੂਬਾਈ ਸਿਆਸਤ ਲਈ ਤਿਆਰ ਕੀਤਾ ਜਾ ਰਿਹਾ ਹੈ। ਉਹ ਦਿੱਲੀ ਦੇ ਸੇਂਟ ਸਟੀਫ਼ਨਜ਼ ਕਾਲਜ ਤੋਂ ਇਤਿਹਾਸ (ਆਨਰਜ਼) ਵਿਸ਼ੇ 'ਚ ਗ੍ਰੈਜੂਏਸ਼ਨ ਤੇ ਇੰਗਲੈਂਡ ਦੀ ਯੂਨੀਵਰਸਿਟੀ ਤੋਂ ਕੌਮਾਂਤਰੀ ਸਬੰਧਾਂ ਵਿਸ਼ੇ 'ਤੇ ਪੋਸਟ-ਗ੍ਰੈਜੂਏਸ਼ਨ ਕਰ ਚੁੱਕਾ ਹੈ।

ਉਸ ਨੇ ਦਿੱਲੀ ਦੀ ਰੈਪ-ਇੰਡੀਆ ਨਾਂਅ ਦੀ ਫ਼ਰਮ ਲਈ ਵੀ ਕੰਮ ਕੀਤਾ ਹੈ ਤੇ ਉੱਥੇ ਚੋਣਾਂ ਦੌਰਾਨ ਸੋਸ਼ਲ ਮੀਡੀਆ ਨੂੰ ਚਲਾਉਣ ਦੇ ਸਾਰੇ ਤਰੀਕੇ ਸਿੱਖੇ ਹਨ। ਅਗਲੇ ਵਰ੍ਹੇ ਦੀਆਂ ਚੋਣਾਂ ਤੋਂ ਪਹਿਲਾਂ ਉਸ ਨੇ ਆਪਣੀ ਇਹ ਸਿਖਲਾਈ ਮੁਕੰਮਲ ਕਰ ਲਈ ਹੈ।

77 ਸਾਲਾ ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਨੂੰ ਪਹਿਲਾਂ ਸਮਾਰਟਫ਼ੋਨ ਚਲਾਉਣਾ ਵੀ ਔਖਾ ਜਾਪਦਾ ਸੀ, ਉਹ ਹੁਣ ਜੇ ਟਵਿਟਰ 'ਤੇ ਪੂਰੀ ਤਰ੍ਹਾਂ ਸਰਗਰਮ ਹਨ, ਤਾਂ ਉਹ ਸਿਰਫ਼ ਨਿਰਵਾਣ ਸਿੰਘ ਕਰ ਕੇ ਹਨ। ਕੈਪਟਨ ਅਮਰਿੰਦਰ ਸਿੰਘ ਭਾਵੇਂ ਪੰਜਾਬ 'ਚ ਹੋਣ ਚਾਹੇ ਨਾ, ਨਿਰਵਾਣ ਸਿੰਘ ਉਨ੍ਹਾਂ ਨੂੰ ਟਵਿਟਰ ਤੇ ਫ਼ੇਸਬੁੱਕ ਪੋਸਟਾਂ 'ਤੇ ਲਗਾਤਾਰ ਸਰਗਰਮ ਤੇ ਹਾਜ਼ਰ ਰੱਖਦਾ ਹੈ। ਕੈਪਟਨ ਹੁਣ ਆਪਣੇ ਵਿਰੋਧੀਆਂ ਨੂੰ ਵੀ ਜਵਾਬ ਟਵਿਟਰ 'ਤੇ ਦੇ ਰਹੇ ਹਨ, ਰੋਜ਼ਾਨਾ ਦੀਆਂ ਸਰਕਾਰੀ ਮੀਟਿੰਗਾਂ, ਨੀਤੀਆਂ ਤੇ ਪ੍ਰੋਗਰਾਮਾਂ ਬਾਰੇ ਦੱਸਦੇ ਹਨ।


**ਮਨਪ੍ਰੀਤ ਸਿੰਘ ਬਾਦਲ ਦਾ ਪੁੱਤਰ ਅਰਜਨ ਸਿੰਘ**


ਪੰਜਾਬ ਦੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ 22 ਸਾਲਾ ਪੁੱਤਰ ਅਰਜਨ ਬਾਦਲ ਆਪਣੇ ਪਿਤਾ ਲਈ ਥੰਮ੍ਹ ਬਣ ਕੇ ਖਲੋ ਰਿਹਾ ਹੈ। ਇਹ ਗੱਲ ਖ਼ੁਦ ਉਸ ਦੇ ਪਿਤਾ ਹੀ ਆਖਦੇ ਹਨ। ਅਰਜਨ ਇਸ ਵੇਲੇ ਇੰਗਲੈਂਡ ਦੀ ਕੈਂਬ੍ਰਿਜ ਯੂਨੀਵਰਸਿਟੀ ਤੋਂ ਇਤਿਹਾਸ ਵਿਸ਼ੇ 'ਚ ਗ੍ਰੈਜੂਏਸ਼ਨ ਕਰ ਰਿਹਾ ਹੈ। ਜਦੋਂ ਉਸ ਦੇ ਪਿਤਾ ਨੇ ਤਤਕਾਲੀਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਆਪਣੇ ਤਾਏ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਬਗ਼ਾਵਤ ਕੀਤੀ ਸੀ, ਅਰਜਨ ਤਦ ਤੋਂ ਹੀ ਆਪਣੇ ਪਿਤਾ ਵੱਲ ਹੈ। ਆਪਣੇ ਪਿਤਾ ਦਾ ਸਾਥ ਦੇਣ ਲਈ ਉਹ ਆਪਣੇ ਸਕੂਲ ਤੇ ਕਾਲਜ ਦੀਆਂ ਕਲਾਸਾਂ ਵੀ ਖੁੰਝਾਉਂਦਾ ਰਿਹਾ ਹੈ।

**ਸੁਖਪਾਲ ਸਿੰਘ ਖਹਿਰਾ ਦਾ ਪੁੱਤਰ ਮਹਿਤਾਬ ਖਹਿਰਾ**

ਆਮ ਆਦਮੀ ਪਾਰਟੀ ਨੇ ਨਾਅਰਾ ਦਿੱਤਾ ਸੀ ਕਿ ਉਹ ਪਰਿਵਾਰਵਾਦ ਦੀ ਸਿਆਸਤ 'ਚ ਨਹੀਂ ਪਵੇਗੀ ਪਰ ਫਿਰ ਵੀ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਆਪਣੇ ਵਕੀਲ ਪੁੱਤਰ ਮਹਿਤਾਬ ਖਹਿਰਾ ਨੂੰ ਜ਼ਿਆਦਾਤਰ ਆਪਣੇ ਨਾਲ ਰੱਖ ਰਹੇ ਹਨ। ਖਹਿਰਾ ਜਦੋਂ ਵੀ ਕਦੇ ਕਿਸੇ ਕਾਨੂੰਨੀ ਗੁੰਝਲਾਂ 'ਚ ਪੈਂਦੇ ਹਨ, ਤਦ ਮਹਿਤਾਬ ਹੀ ਉਨ੍ਹਾਂ ਦੀ ਸਭ ਤੋਂ ਵੱਧ ਮਦਦ ਕਰ ਸਕਿਆ ਹੈ। ਮਹਿਤਾਬ ਨੇ ਆਪਣੇ ਦਾਦੇ ਸੁਖਜਿੰਦਰ ਸਿੰਘ ਤੇ ਪਿਤਾ ਨੂੰ ਸਿਆਸਤ 'ਚ ਸੰਘਰਸ਼ ਕਰਦਿਆਂ ਤੱਕਿਆ ਹੈ, ਇਸੇ ਕਰ ਕੇ ਉਸ ਨੂੰ ਸਿਆਸਤ ਦੀ ਚੰਗੀ ਸਮਝ ਹੈ। ਉਹ ਪਿਛਲੇ ਚਾਰ ਵਰ੍ਹਿਆਂ ਤੋਂ ਵਕੀਲ ਵਜੋਂ ਪ੍ਰੈਕਟਿਸ ਕਰ ਰਿਹਾ ਹੈ ਤੇ ਸਿਆਸਤ 'ਚ ਆਉਣ ਦੀ ਉਸ ਦੀ ਕੋਈ ਯੋਜਨਾ ਨਹੀਂ ਹੈ। 28 ਸਾਲਾ ਮਹਿਤਾਬ ਦਾ ਕਹਿਣਾ ਹੈ ਕਿ ਉਹ ਆਪਣੀ ਪਛਾਣ ਖ਼ੁਦ ਬਣਾਉਣੀ ਚਾਹੁੰਦਾ ਹੈ ਤੇ ਉਹ ਸਿਰਫ਼ ਸੁਖਪਾਲ ਸਿੰਘ ਖਹਿਰਾ ਦਾ ਪੁੱਤਰ ਅਖਵਾ ਕੇ ਸੰਤੁਸ਼ਟ ਨਹੀਂ ਹੋ ਸਕਦਾ। ਉਹ ਦੱਸਦਾ ਹੈ ਕਿ ਉਸ ਨੇ ਆਪਣੇ ਪਿਤਾ ਲਈ ਘਰੋਂ-ਘਰੀਂ ਜਾ ਕੇ ਵੀ ਚੋਣ ਪ੍ਰਚਾਰ ਕੀਤਾ ਹੈ ਪਰ ਉਸ ਦੀ ਵਧੇਰੇ ਦਿਲਚਸਪੀ ਕਾਨੂੰਨ 'ਚ ਹੀ ਹੈ।

# ਦਿੱਲੀ 'ਚੋਂ 500 ਲਗਜ਼ਰੀ ਕਾਰਾਂ ਦਾ ਸ਼ਾਹੀ ਚੋਰ ਗ੍ਰਿਫ਼ਤਾਰ

## ਹੈਦਰਾਬਾਦ ਤੋਂ ਰਾਜਧਾਨੀ ਆਉਂਦਾ ਸੀ ਜਹਾਜ਼ 'ਚ



ਨਵੀਂ ਦਿੱਲੀ (ਪੰ. ਦੁ. ਬਿਊਰੋ): ਆਖ਼ਰ ਦਿੱਲੀ ਪੁਲਿਸ ਨੇ 500 ਲਗਜ਼ਰੀ ਕਾਰਾਂ ਦੇ ਚੋਰ ਸਫ਼ਰੁੱਦੀਨ (29) ਨੂੰ ਗ੍ਰਿਫ਼ਤਾਰ ਕਰ ਹੀ ਲਿਆ। ਸਿਰਫ਼ ਮਹਿੰਗੀਆਂ ਤੇ ਕੀਮਤੀ ਕਾਰਾਂ ਚੋਰੀ ਕਰਨ ਵਾਲੇ ਇਸ ਮੁਲਜ਼ਮ ਦੀ ਪੁਲਿਸ ਨੂੰ ਪਿਛਲੇ ਪੰਜ ਵਰ੍ਹਿਆਂ ਤੋਂ ਤਲਾਸ਼ ਸੀ ਅਤੇ ਉਸ ਨੂੰ ਫੜਾਉਣ ਵਾਲੇ ਨੂੰ ਇੱਕ ਲੱਖ ਰੁਪਏ ਇਨਾਮ ਵਜੋਂ ਦੇਣ ਦਾ ਐਲਾਨ ਕੀਤਾ ਹੋਇਆ ਸੀ। ਦਿੱਲੀ 'ਚ ਇਹ ਸ਼ਾਹੀ ਚੋਰ ਨੰਦ ਨਗਰੀ ਇਲਾਕੇ 'ਚ ਵੀ ਰਹਿੰਦਾ ਰਿਹਾ ਹੈ। ਉਹ ਅਤੇ ਉਸ ਦੇ ਗਿਰੋਹ ਦੇ ਮੈਂਬਰ ਆਮ ਤੌਰ 'ਤੇ ਆਂਧਰਾ ਪ੍ਰਦੇਸ਼ ਦੀ ਰਾਜਧਾਨੀ ਹੈਦਰਾਬਾਦ ਤੋਂ ਹਵਾਈ ਜਹਾਜ਼ ਰਾਹੀਂ ਦਿੱਲੀ ਆਉਂਦੇ ਸਨ ਤੇ ਗ੍ਰਿਫ਼ਤਾਰੀ ਤੋਂ ਬਚਣ ਲਈ ਉਵੇਂ ਹੀ ਪਰਤ ਵੀ ਜਾਂਦੇ ਸਨ। ਬੀਤੀ 3 ਅਗਸਤ ਨੂੰ ਇੰਸਪੈਕਟਰ ਨੀਰਜ ਚੌਧਰੀ ਤੇ ਸਬ-ਇੰਸਪੈਕਟਰ ਕੁਲਦੀਪ ਦੀ ਅਗਵਾਈ ਹੇਠਲੀ ਇੱਕ ਟੀਮ ਨੇ ਗਗਨ ਸਿਨੇਮਾ ਲਾਗੇ ਇੱਕ ਕਾਰ ਨੂੰ ਰੋਕਿਆ। ਡਰਾਇਵਰ ਦੀ ਸ਼ਨਾਖ਼ਤ ਸਫ਼ਰੁੱਦੀਨ ਵਜੋਂ ਹੋਈ। ਉਹ ਉੱਥੋਂ ਕਿਵੇਂ ਨਾ ਕਿਵੇਂ ਭੱਜਣ 'ਚ ਕਾਮਯਾਬ ਹੋ ਗਿਆ ਪਰ ਪੁਲਿਸ ਨੇ ਉਸ ਦਾ ਪਿੱਛਾ ਨਾ ਛੱਡਿਆ। ਲਗਭਗ 50 ਕਿਲੋਮੀਟਰ ਦੂਰ ਪ੍ਰਗਤੀ ਮੈਦਾਨ ਤੱਕ ਉਸ ਦਾ ਪਿੱਛਾ ਕਰ ਕੇ ਆਖ਼ਰ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਫ਼ਰੁੱਦੀਨ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਇੱਕ ਸਾਲ ਅੰਦਰ ਦਿੱਲੀ 'ਚੋਂ 100 ਮਹਿੰਗੀਆਂ ਸ਼ਾਹੀ ਕਾਰਾਂ ਚੋਰੀ ਕਰਨ ਦਾ ਟੀਚਾ ਮਿੱਥਿਆ ਸੀ। ਉਸ ਦਾ ਇੱਕ ਸਾਥੀ ਮੁਹਿੰਮਦ ਸ਼ਰੀਕ ਸੀ ਅਤੇ ਉਸ ਦੇ ਗਿਰੋਹ ਦੇ ਹੋਰ ਮੈਂਬਰ ਵੀ ਨਾਲ ਹੁੰਦੇ ਸਨ। ਉਹ ਆਪਣੇ ਲੈਪਟਾਪ ਸਮੇਤ ਹੈਦਰਾਬਾਦ ਤੋਂ ਉਡਾਣ ਰਾਹੀਂ ਦਿੱਲੀ ਆਉਂਦਾ ਸੀ। ਉਹ ਸ਼ਾਹੀ ਕਿਸਮ ਦੀਆਂ ਕਾਰਾਂ ਦੇ ਸਾਫ਼ਟਵੇਅਰ, ਜੀਪੀਐੱਸ ਤੇ ਸੈਂਟਰਲਾਈਜ਼ਡ ਲੌਕਿੰ ?ਗ ਸਿਸਟਮ ਸਭ ਕੁਝ ਤੋੜਨਾ ਜਾਣਦਾ ਹੈ। ਵਾਰਦਾਤ ਕਰਨ ਤੋਂ ਬਾਅਦ ਉਹ ਸਾਰੇ ਹੈਦਰਾਬਾਦ ਪਰਤ ਜਾਂਦੇ ਸਨ। ਬੀਤੀ 5 ਜੂਨ ਨੂੰ ਸਫ਼ਰੁੱਦੀਨ ਤੇ ਉਸ ਦੇ ਚਾਰ ਸਾਥੀਆਂ ਨੇ ਵਿਵੇਕ ਵਿਹਾਰ 'ਚ ਪੁਲਿਸ ਦੀ ਇੱਕ ਟੀਮ 'ਤੇ ਗੋਲ਼ੀਬਾਰੀ ਵੀ ਕੀਤੀ ਸੀ। ਉਸ ਦਾ ਇੱਕ ਸਾਥੀ ਨੂਰ ਮੁਹੰਮਦ ਮਾਰਿਆ ਗਿਆ ਸੀ ਤੇ ਇੱਕ ਹੋਰ ਸਾਥੀ ਰਵੀ ਕੁਲਦੀਪ ਗ੍ਰਿਫ਼ਤਾਰ ਹੋ ਗਿਆ ਸੀ। ਇਹ ਗਿਰੋਹ ਦਿੱਲੀ ਤੋਂ ਕੀਮਤੀ ਕਾਰਾਂ ਚੋਰੀ ਕਰ ਕੇ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼ ਤੇ ਹੋਰ ਸੂਬਿਆਂ 'ਚ ਰਹਿੰਦੇ ਆਪਣੇ ਜਾਣਕਾਰਾਂ ਨੂੰ ਵੇਚਦਾ ਰਿਹਾ ਸੀ।

# ਅਜਿਹਾ ਕਾਲਜ ਜਿੱਥੇ ਲੜਕਿਆਂ ਨਾਲੋਂ ਲੜਕੀਆਂ ਜ਼ਿਆਦਾ ਪੀਦੀਆਂ ਨੇ ਸ਼ਰਾਬ



ਗੋਆ (ਪੰ.ਦੁ.ਬਿਊਰੋ): ਗੋਆ ਦੇ ਇਕ ਮੈਡੀਕਲ ਕਾਲਜ ਚ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ। ਇਕ ਤਾਜ਼ਾ ਅਧਿਐਨ ਚ ਸਾਹਮਣੇ ਆਇਆ ਹੈ ਕਿ ਇੱਥੇ ਲੜਕਿਆਂ ਦੇ ਮੁਕਾਬਲੇ ਜ਼ਿਆਦਾ ਲੜਕੀਆਂ ਸ਼ਰਾਬ ਪੀਂਦੀਆਂ ਹਨ। ਅਧਿਐਨ ਚ ਇਹ ਵੀ ਦੱਸਿਆ ਗਿਆ ਹੈ ਕਿ ਲੜਕੇ ਵਿਸਕੀ ਅਤੇ ਬੀਅਰ ਪੀਣਾ ਜ਼ਿਆਦਾ ਪਸੰਦ ਕਰਦੇ ਹਨ, ਜਦੋਂ ਕਿ ਲੜਕੀਆਂ ਵਾਈਨ ਅਤੇ ਘੱਟ ਅਲਕੋਹਲ ਵਾਲੀ ਸ਼ਰਾਬ ਪੀਣਾ ਜ਼ਿਆਦਾ ਪਸੰਦ ਕਰਦੀਆਂ ਹਨ। ਇੰਟਰਨੈਸ਼ਨਲ ਜਨਰਲ ਆਫ ਕਮਊਨਿਟੀ ਮੈਡੀਸਿਨ ਐਂਡ ਪਬਲਿਕ ਹੈਲਥ ਦੇ ਜੁਲਾਈ ਸੰਸਕਰਨ ਚ ਪ੍ਰਕਾਸ਼ਤ ਰਿਪੋਰਟ ਚ ਕਿਹਾ ਗਿਆ ਹੈ ਕਿ ਗੋਆ ਚ ਡ੍ਰਿਕ ਕਰਨ ਦਾ ਰੁਝਾਨ 39.4 ਫੀਸਦੀ ਹੈ, ਕਾਲਜ ਦੀ 40.6 ਵਿਦਿਆਰਥਣਾਂ ਸ਼ਰਾਬ ਪੀਦੀਆਂ ਹਨ। ਜਦੋਂ ਕਿ ਇੱਥੇ 38 ਫੀਸਦੀ ਵਿਦਿਆਰਥੀ ਹੀ ਸ਼ਰਾਬ ਪੀਂਦੇ ਹਨ। 20 ਫੀਸਦੀ ਵਿਦਿਆਰਥੀ ਪਣਜੀ ਦੇ ਆਸਪਾਸ ਰਹਿਣ ਵਾਲੇ ਹਨ। ਅਧਿਐਨ ਚ ਵਿਸ਼ਵ ਸਿਹਤ ਸੰਗਠਨ (ਡਬਲਿਊਐਚਓ) ਵੱਲੋਂ ਵਿਕਸਤ ਉਪਕਰਨ (ਏਯੂਡੀਆਈਟੀ) ਦੀ ਵਰਤੋਂ ਕੀਤੀ ਗਈ। ਇਸ ਉਪਕਰਨ ਦੀ ਵਰਤੋਂ ਅਲਕੋਹਲ ਦਾ ਉਪਭੋਗ, ਪੀਣ ਦਾ ਵਿਵਹਾਰ ਅਤੇ ਅਲਕੋਹਲ ਨਾਲ ਸਬੰਧਤ ਸਮੱਸਿਆਵਾਂ ਮੁਲੰਕਣ ਕੀਤਾ ਜਾਂਦਾ ਹੈ।

# ਆਨਲਾਈਨ ਚੋਰੀ: ਹੈਕਰਾਂ ਨੇ ਖਾਤੇ 'ਚੋਂ ਉਡਾਏ 94 ਕਰੋੜ ਰੁਪਏ



ਪੁਣੇ: (ਪੰ. ਦੁ. ਬਿਊਰੋ) ਕਾਸਮਾਸ ਬੈਂਕ ਦੇ ਪੁਣੇ ਸਥਿਤ ਮੁੱਖ ਦਫਤਰ ਦਾ ਸਰਵਰ ਹੈਕ ਕਰਕੇ ਕਥਿਤ ਤੌਰ 'ਤੇ 94 ਕਰੋੜ ਰੁਪਏ ਦੇਸ਼ ਤੋਂ ਬਾਹਰ ਟਰਾਂਸਫਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਬੈਂਕ ਨੇ ਮੰਗਲਵਾਰ ਨੂੰ ਇਲਾਕੇ ਦੇ ਪੁਲਿਸ ਥਾਣੇ ਵਿੱਚ ਇਸ ਸਬੰਧੀ ਪਰਚਾ ਦਰਜ ਕਰਾਇਆ ਹੈ। ਇਸ ਸਬੰਧੀ ਅੱਜ ਬੈਂਕ ਵੱਲੋਂ ਕਾਨਫਰੰਸ ਵੀ ਕੀਤੀ ਗਈ ਹੈ। ਐਫਆਈਆਰ ਮੁਤਾਬਕ ਇਸ ਮਾਮਲੇ ਵਿੱਚ ਹਾਂਗਕਾਂਗ ਦੀ ਕੰਪਨੀ ਤੇ ਇੱਕ ਅਣਪਛਾਤੇ ਵਿਅਕਤੀ ਨੂੰ ਮੁਲਜ਼ਮ ਬਣਾਇਆ ਗਿਆ ਹੈ। ਦੱਸਿਆ ਜਾਂਦਾ ਹੈ ਕਿ ਕਾਸਮਾਸ ਦੇਸ਼ ਦੇ ਪੁਰਾਣੇ ਕੋਆਪਰੇਟਿਵ ਬੈਂਕਾਂ ਵਿੱਚੋਂ ਇੱਕ ਹੈ ਜਿਸ ਦੀ ਸਥਾਪਨਾ 1906 ਵਿੱਚ ਕੀਤੀ ਗਈ ਸੀ। ਬੈਂਕ ਮੁਤਾਬਕ ਮਾਲਵੇਅਰ (ਨੁਕਸਾਨਦਾਇਕ) ਸਾਫਟਵੇਅਰ ਜ਼ਰੀਏ ਉਨ੍ਹਾਂ ਦਾ ਸਰਵਰ ਹੈਕ ਕਰਕੇ ਦੋ ਵਾਰ ਟ੍ਰਾਂਜ਼ੈਕਸ਼ਨਾਂ ਕੀਤੀਆਂ ਗਈਆਂ। ਪਹਿਲਾਂ ਡੈਬਿਟ ਕਾਰਡ ਨਾਲ 14,849 ਟ੍ਰਾਂਜ਼ੈਕਸ਼ਨਜ਼ ਕੀਤੀਆਂ ਗਈਆਂ ਤੇ 80.5 ਕਰੋੜ ਰੁਪਏ ਬੈਂਕ ਖਾਤਿਆਂ ਵਿੱਚੋਂ ਚੋਰੀ ਕਰ ਕੇ ਵਿਦੇਸ਼ੀ ਖਾਤਿਆਂ ਵਿੱਚ ਜਮ੍ਹਾ ਕਰ ਦਿੱਤੇ ਗਏ। ਇਸ ਦੌਰਾਨ ਹਜ਼ਾਰਾਂ ਡੈਬਿਟ ਕਾਰਡ ਹੈਕ ਕੀਤੇ ਗਏ। ਦੂਜੀ ਵਾਰ ਸਵਿਫਟ ਦੀ ਵਰਤੋਂ ਕੀਤੀ ਗਈ। ਇਸ ਵਿੱਚ 13.9 ਕਰੋੜ ਰੁਪਏ ਦੀ ਰਕਮ ਵਿਦੇਸ਼ੀ ਖਾਤਿਆਂ 'ਚ ਭੇਜੀ ਗਈ।

# ਮਹਿਲਾ ਡੱਬੇ ਚ ਯਾਤਰਾ ਕਰਨ ਵਾਲੇ 1400 ਪੁਰਸ਼ ਯਾਤਰੀ ਗ੍ਰਿਫ਼ਤਾਰ

ਨਵੀਂ ਦਿੱਲੀ (ਪੰ. ਦੁ. ਬਿਊਰੋ) ਰੇਲਵੇ ਪੁਲਿਸ ਬਲ (ਆਰਪੀਐਫ) ਨੇ ਉਤਰ ਰੇਲਵੇ ਖੇਤਰ ਚ ਚਾਲੂ ਸਾਲ ਚ ਮਹਿਲਾ ਡੱਬੇ ਚ ਯਾਤਰਾ ਕਰਨ ਵਾਲੇ 1400 ਪੁਰਸ਼ ਯਾਤਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਰੇਲਵੇ ਵੱਲੋਂ ਇਕ ਬਿਆਨ ਰਾਹੀਂ ਇਹ ਜਾਣਕਾਰੀ ਦਿੱਤੀ ਗਈ। ਉਤਰ ਰੇਲਵੇ ਚ ਆਰਪੀਐਫ ਫਿਲਹਾਲ 220 ਗੱਡੀਆਂ ਚ ਸੁਰੱਖਿਆ ਪ੍ਰਦਾਨ ਕਰਦੀ ਹੈ। ਇਸ ਸਾਲ ਰੇਲ ਅਧਿਨਿਯਮ ਦੀਆਂ ਵੱਖ ਵੱਖ ਧਾਰਾਵਾਂ ਦੇ ਤਹਿਤ ਹੁਣ ਤੱਕ 61,211 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਤੋਂ 1.5 ਕਰੋੜ ਜ਼ੁਰਮਾਨਾ ਵਸੂਲਿਆ ਗਿਆ ਹੈ। ਸਾਲ 2018 ਚ (ਜੁਲਾਈ ਤੱਕ) ਆਰਪੀਐਫ ਨੇ ਯਾਤਰੀਆਂ ਨਾਲ ਜੁੜੇ ਅਪਰਾਧ ਚ ਸ਼ਾਮਲ 250 ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਹੈ ਤੇ ਜੀਆਰਪੀ ਨੂੰ ਸੌਂਪ ਦਿੱਤਾ। ਇਸ ਚ ਕਿਹਾ ਗਿਆ ਹੈ ਕਿ ਰੇਲ ਮੰਤਰੀ ਨੇ ਸਾਲ 2018 ਨੂੰ ਮਹਿਲਾ ਤੇ ਬਾਲ ਸੁਰੱਖਿਆ ਸਾਲ ਵਜੋਂ ਐਲਾਨ ਕੀਤਾ ਗਿਆ ਹੈ। ਇਸ ਸਾਲ ਮਹਿਲਾ ਡੱਬਿਆਂ ਚ ਯਾਤਰਾ ਕਰਦੇ ਹੋਏ 1384 ਪੁਰਸ਼ ਯਾਤਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਰੇਲ ਸੰਪਤੀ (ਗੈਰ ਕਾਨੂੰਨੀ ਢੰਗ ਨਾਲ ਰੱਖਣਾ) ਅਧਿਨਿਯਮ ਦੇ ਤਹਿਤ 484 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 25,52,101 ਰੁਪਏ ਮੁੱਲ ਦੀ ਰੇਲ ਸੰਪਤੀ ਬਰਾਮਦ ਕੀਤੀ ਗਈ। ਇਸ ਸਾਲ ਜੁਲਾਈ ਤੱਕ 221 ਲੜਕੀਆਂ ਸਮੇਤ 2137 ਬੱਚਿਆਂ ਨੂੰ ਮੁਕਤ ਕਰਵਾਇਆ ਗਿਆ ਅਤੇ ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਕੋਲ ਭੇਜਣ ਲਈ ਵੱਖ ਵੱਖ ਐਨਜੀਓ ਨੂੰ ਸੌਂਪਿਆਂ ਗਿਆ।



## ਖ਼ੁਸ਼ਬੂਦਾਰ ਪਾਊਡਰ ਨੇ ਪੰਜਾਬ ਚ ਲੈ ਲਈਆਂ ਕਈ ਜਾਨਾਂ: ਅਮਰਿੰਦਰ ਸਿੰਘ

ਚੰਡੀਗੜ੍ਹ (ਪੰ. ਦੁ. ਬਿਊਰੋ) ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਦਾਅਵਾ ਕੀਤਾ ਹੈ ਕਿ ਸੂਬੇ ਚ ਖ਼ੁਸ਼ਬੂਦਾਰ (ਟੈਲਕਮ) ਪਾਊਡਰ ਨੇ ਹੀ ਕਈ ਜਾਨਾਂ ਲੈ ਲਈਆਂ ਹਨ। ਉਨ੍ਹਾਂ ਇਸ ਬਾਰੇ ਵਿਸਥਾਰਪੂਰਬਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੈਰੋਇਨ ਦੀ ਕੀਮਤ 1,200 ਰੁਪਏ ਪ੍ਰਤੀ ਗ੍ਰਾਮ ਤੋਂ ਵਧ ਕੇ 6,000 ਰੁਪਏ ਪ੍ਰਤੀ ਗ੍ਰਾਮ ਹੋ ਗਈ ਸੀ ਤੇ ਫਿਰ ਅਚਾਨਕ ਇਹ ਨਸ਼ੀਲਾ ਪਦਾਰਥ ਬਾਜ਼ਾਰ ਚੋਂ ਗ਼ਾਇਬ ਹੋ ਗਿਆ।ਕੈਪਟਨ ਅਮਰਿੰਦਰ ਸਿੰਘ ਹੁਰਾਂ ਅੱਗੇ ਦੱਸਿਆ ਕਿ ਤਦ ਨਸ਼ਿਆਂ ਲਈ ਸਮੱਗਲਰਾਂ ਤੇ ਨਸ਼ਾ-ਪੀੜਤਾਂ ਨੇ ਮੈਡੀਕਲ ਦਵਾਈਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੂੰ ਹੋਰ ਕੁਝ ਨਹੀਂ ਲੱਭਿਆ, ਤਾਂ ਮੈਡੀਕਲ ਗੋਲ਼ੀਆਂ ਤੇ ਕੈਪਸੂਲਾਂ ਨਾਲ ਖ਼ੁਸ਼ਬੂਦਾਰ ਪਾਊਡਰ ਮਿਲਾ ਕੇ ਪੀਣਾ ਸ਼ੁਰੂ ਕਰ ਦਿੱਤਾ। ਕੁਝ ਨੇ ਜਿਵੇਂ ਹੀ ਇਸ ਦਾ ਇੰਜੈਕਸ਼ਨ ਭਰ ਕੇ ਲਾਇਆ, ਉਹ ਤੁਰੰਤ ਦਮ ਤੋੜ ਗਏ। ਉਨ੍ਹਾਂ ਦੱਸਿਆ ਕਿ ਇਹ ਟੈਲਕਮ ਪਾਊਡਰ ਇੱਕਦਮ ਮਨੁੱਖੀ ਦਿਲ ਦੀ ਧੜਕਣ ਰੋਕ ਦਿੰਦਾ ਹੈ। "ਤੁਸੀਂ ਵੇਖਿਆ ਹੀ ਹੋਵੇਗਾ ਕਿ ਬਹੁਤ ਸਾਰੇ ਨਸ਼ਾ-ਪੀੜਤਾਂ ਦੀਆਂ ਮ੍ਰਿਤਕ ਦੇਹਾਂ ਅਜਿਹੇ ਹਾਲਾਤ ਚ ਮਿਲੀਆਂ ਸਨ ਕਿ ਉਨ੍ਹਾਂ ਦੀਆਂ ਬਾਹਾਂ ਚ ਸਿਰਿੰਜ ਹਾਲੇ ਲੱਗੀ ਹੀ ਹੁੰਦੀ ਸੀ, ਉਸ ਨੂੰ ਕੱਢਣ ਦਾ ਵੀ ਮੌਕਾ ਇਹ ਟੈਲਕਮ ਪਾਊਡਰ ਨਹੀਂ ਦਿੰਦਾ। ਪਰ ਜੋ ਕੁਝ ਵੀ ਵਾਪਰਿਆ, ਉਹ ਬਹੁਤ ਦੁਖਦਾਈ ਹੈ ਮੁੱਖ ਮੰਤਰੀ ਨੇ ਹਿਕਾ ਕਿ ਇਹ ਠੀਕ ਹੈ ਕਿ ਅਸੀਂ ਬਹੁਤ ਸਾਰੇ ਨੌਜਵਾਨਾਂ ਦੀਆਂ ਜਾਨਾਂ ਅਜਾਈਂ ਗੁਆ ਲਈਆਂ ਪਰ ਉਸ ਦਾ ਨਤੀਜਾ ਇਹ ਨਿੱਕਲਿਆ ਕਿ ਹੁਣ ਬਹੁਤ ਸਾਰੇ ਨਸ਼ਾ-ਪੀੜਤਾਂ ਨੇ ਦੇਖਾ-ਦੇਖੀ ਨਸ਼ਾ-ਛੁਡਾਊ ਕੇਂਦਰਾਂ ਚ ਜਾ ਕੇ ਆਪਣਾ ਇਲਾਜ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਚ ਇਸ ਵੇਲੇ 92 ਪ੍ਰਾਈਵੇਟ ਤੇ 54 ਸਰਕਾਰ ਨਸ਼ਾ-ਛੁਡਾਊ ਕੇਂਦਰ ਹਨ, ਜਿਹੜੇ ਇਸ ਵੇਲੇ ਨਸ਼ਾ-ਪੀੜਤਾਂ ਨਾਲ ਨੱਕੋ-ਨੱਕ ਭਰੇ ਹੋਏ ਹਨ।

# ਪੰਜਾਬ ਸਰਕਾਰ ਲਿਆਏਗੀ ਨਵਾਂ ਐਨ. ਆਰ. ਆਈ. ਲੋਕਪਾਲ

## ਸ਼ਿਕਾਇਤਾਂ ਨਿਪਟਾਉਣ 'ਚ ਆਵੇਗੀ ਤੇਜ਼ੀ

ਚੰਡੀਗੜ੍ਹ (ਪੱਤਰ ਪ੍ਰੇਰਕ) :ਪੰਜਾਬ ਸਰਕਾਰ ਜਲਦ ਹੀ ਐਨ ਆਰ ਆਈ ਕਮਿਸ਼ਨ ਦੀਆਂ ਸ਼ਕਤੀਆਂ ਨੂੰ ਘੱਟ ਕਰ ਕੇ ਇਸਦੀ ਥਾਂ ਐਨ. ਆਰ. ਆਈ. ਲੋਕਪਾਲ ਲਿਆਵੇਗੀ ਜੋ ਕਿ ਐਨ ਆਰ ਆਈ ਨਾਲ ਸਬੰਧਤ ਸਭ ਤਰ੍ਹਾਂ ਦੀਆਂ ਸ਼ਿਕਾਇਤਾਂ ਸੁਣਕੇ ਉਨ੍ਹਾਂ ਉੱਤੇ ਫੈਸਲਾ ਕਰ ਸਕੇ। ਇਸ ਨਾਲ ਸ਼ਿਕਾਇਤਾਂ ਨੂੰ ਨਿਪਟਾਉਣ ਦੀ ਰਫਤਾਰ ਵਧੇਗੀ। ਇਸਦਾ ਡਰਾਫਟ ਬਿਲ ਤਿਆਰ ਕਰ ਲਿਆ ਗਿਆ ਹੈ ਅਤੇ ਮਨਜ਼ੂਰੀ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭੇਜ ਦਿੱਤਾ ਹੈ।

ਕੈਪਟਨ ਐਨ ਆਰ ਆਈ ਮਾਮਲਿਆਂ ਦੇ ਮੰਤਰੀ ਵੀ ਹਨ। ਵਿਭਾਗ ਦੇ ਪ੍ਰਮੁੱਖ ਸਕੱਤਰ ਐਸ ਆਰ ਲੱਦੜ ਨੇ ਨਵਾਂ ਐਨ ਆਰ ਆਈ ਲੋਕਪਾਲ ਲਿਆਉਣ ਦੀ ਕਵਾਇਦ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਜੇਕਰ ਸੀ ਐਮ ਨੇ ਡਰਾਫਟ ਬਿਲ ਦੇ ਕਿਸੇ ਮਦ ਉੱਤੇ ਇਤਰਾਜ਼ ਨਹੀਂ ਕੀਤਾ ਤਾਂ ਕੋਸ਼ਿਸ਼ ਹੋਵੇਗੀ ਕਿ ਵਿਧਾਨ ਸਭਾ ਦੇ ਅਗਲੇ ਸੈਸ਼ਨ ਵਿੱਚ ਇਸਨੂੰ ਪਾਸ ਕਰਵਾ ਲਿਆ ਜਾਵੇ।




ਨਵਾਂ ਐਨ ਆਰ ਆਈ ਲੋਕਪਾਲ ਬਹੁ ਮੈਂਬਰੀ ਹੋਵੇਗਾ ਇਸਦੇ 7 ਮੈਂਬਰ ਹੋਣਗੇ ਜਿਨ੍ਹਾਂ ਦਾ ਚੇਅਰਮੈਨ ਪ੍ਰਿੰਸੀਪਲ ਸੈਕਟਰੀ ਰੈਂਕ ਦਾ ਆਈ ਏ ਐਸ ਅਧਿਕਾਰੀ ਹੋਵੇਗਾ, ਜਦੋਂ ਕਿ ਇੱਕ ਅਧਿਕਾਰੀ ਏ ਡੀ ਜੀ ਪੀ ਰੈਂਕ ਦਾ ਰਿਟਾਇਰਡ ਆਈ ਪੀ ਐਸ ਹੋਵੇਗਾ। ਇਸਦੇ ਇਲਾਵਾ ਪੰਜ ਹੋਰ ਮੈਂਬਰ ਹੋਣਗੇ, ਜੋ ਸਮਾਜ ਦੇ ਵੱਖਰੇ ਵਰਗਾਂ ਵਲੋਂ ਲਏ ਜਾ ਸਕਦੇ ਹਨ ਜਿਨ੍ਹਾਂ ਨੂੰ ਐਨ ਆਰ ਆਈ ਮਾਮਲਿਆਂ ਦੀ ਜਾਣਕਾਰੀ ਹੋਵੇਗੀ।

ਐਨ ਆਰ ਆਈ ਮਾਮਲਿਆਂ ਦੇ ਕੇਸ ਹੁਣ ਹੇਠਲੀ ਅਦਾਲਤਾਂ ਵਿੱਚ ਨਾ ਜਾ ਕੇ ਸਿੱਧਾ ਲੋਕਪਾਲ ਦੇ ਕੋਲ ਆਉਣਗੇ ਅਤੇ ਜੇਕਰ ਲੋਕਪਾਲ ਦੇ ਫੈਸਲੇ ਤੋਂ ਕੋਈ ਐਨ ਆਰ ਆਈ ਜਾਂ ਦੂਜੀ ਸਬੰਧਤ ਪਾਰਟੀ ਸਹਿਮਤ ਨਹੀਂ ਹੁੰਦੀ ਹੈ ਤਾਂ ਉਹ ਇਸਦੀ ਅਪੀਲ ਹਾਈਕੋਰਟ ਵਿੱਚ ਹੀ ਕਰ ਸਕੇਗੀ। ਨਵੇਂ ਬਿਲ ਵਿੱਚ ਐਨ ਆਰ ਆਈ ਕਮਿਸ਼ਨ ਨੂੰ ਅਡਵਾਇਜ਼ਰੀ ਬਣਾਇਆ ਗਿਆ ਹੈ ਜੋ ਐਨ ਆਰ ਆਈ ਨਾਲ ਸਬੰਧਤ ਸ਼ਿਕਾਇਤਾਂ ਦੇ ਅਧਾਰ ਉੱਤੇ ਨਵੀਂ ਪਾਲਿਸੀ ਬਣਾਉਣ ਸਬੰਧੀ ਸਰਕਾਰ ਨੂੰ ਸੁਝਾਅ ਦੇ ਸਕਦੇ ਹਨ।

**ਲੰਮੀ ਸੁਣਵਾਈ ਨਾਲ ਹੁੰਦਾ ਹੈ ਨੁਕਸਾਨ**

ਐਨ .ਆਰ .ਆਈਜ਼ ਨੂੰ ਅਕਸਰ ਸ਼ਿਕਾਇਤ ਰਹਿੰਦੀ ਹੈ ਕਿ ਉਨ੍ਹਾਂ ਦੇ ਮਾਮਲਿਆਂ ਦੀ ਸੁਣਵਾਈ ਛੇਤੀ ਨਹੀਂ ਹੁੰਦੀ। ਉਨ੍ਹਾਂਨੂੰ ਆਪਣੀ ਜ਼ਮੀਨ ਜਾਇਦਾਦ ਅਤੇ ਵਿਆਹ ਆਦਿ ਦੇ ਮਾਮਲਿਆਂ ਨੂੰ ਲੈ ਕੇ ਅਦਾਲਤਾਂ ਦੇ ਚੱਕਰ ਕੱਟਣੇ ਪੈਂਦੇ ਹਨ। ਹਾਲਾਂਕਿ ਉਨ੍ਹਾਂ ਦੇ ਕੋਲ ਨਿਸ਼ਚਿਤ ਮਿਆਦ ਦਾ ਹੀ ਵੀਜ਼ਾ ਹੁੰਦਾ ਹੈ ਅਜਿਹੇ ਵਿੱਚ ਅਦਾਲਤਾਂ ਵਿੱਚ ਲੰਮੀਆਂ ਸੁਣਵਾਈਆਂ ਦੇ ਚਲਦੇ ਉਨ੍ਹਾਂ ਦਾ ਕਾਫ਼ੀ ਨੁਕਸਾਨ ਹੋ ਜਾਂਦਾ ਹੈ।

**ਸ਼ਿਕਾਇਤਾਂ 'ਤੇ ਬਣਿਆ ਸੀ ਕਮਿਸ਼ਨ**

ਸਾਬਕਾ ਅਕਾਲੀ-ਭਾਜਪਾ ਸਰਕਾਰ ਵਲੋਂ ਕਰਵਾਏ ਗਏ ਐਨ ਆਰ ਆਈ ਸੰਮੇਲਨਾਂ ਵਿੱਚ ਸ਼ਿਕਾਇਤਾਂ ਦੇ ਬਾਅਦ ਸਰਕਾਰ ਨੇ ਜਿੱਥੇ ਐਨ ਆਰ ਆਈ ਕਮਿਸ਼ਨ ਦਾ ਗਠਨ ਕੀਤਾ ਸੀ, ਉਥੇ ਹੀ ਇਨ੍ਹਾਂ ਦੇ ਲਈ ਖਾਸ ਥਾਣੇ ਬਣਾਉਣ ਦਾ ਵੀ ਪ੍ਰਾਵਧਾਨ ਕੀਤਾ ਗਿਆ। ਵਿਦੇਸ਼ ਵਿੱਚ ਵਸਣ ਵਾਲੇ ਲੋਕ ਆਪਣੇ ਘਰ ਪੈਸੇ ਭੇਜਦੇ ਹਨ ਤਾਂ ਉਸ ਤੋਂ ਪੰਜਾਬ ਸਰਕਾਰ ਨੂੰ ਵੀ ਮਾਮਲਾ ਪ੍ਰਾਪਤ ਹੁੰਦਾ ਹੈ, ਇਸ ਲਈ ਸਰਕਾਰ ਉਨ੍ਹਾਂ ਦੀ ਸਹੂਲਤਾਂ ਦਾ ਖਿਆਲ ਰੱਖਣ ਦੀ ਕੋਸ਼ਿਸ਼ ਕਰਦੀ ਹੈ।

# 15 ਸਾਲਾ ਬਲਾਤਕਾਰ ਪੀੜਤ ਦੀ ਮਾਂ ਨੇ ਅਦਾਲਤ ਤੋਂ ਮੰਗੀ ਗਰਭਪਾਤ ਦੀ ਇਜਾਜ਼ਤ

ਚੰਡੀਗੜ੍ਹ (ਪੰ. ਦੁ. ਬਿਊਰੋ): ਬਲਾਤਕਾਰ ਦੀ 15 ਸਾਲਾ ਪੀੜਤ ਕੁੜੀ ਇਸ ਵੇਲੇ ਗਰਭਵਤੀ ਹੈ। ਉਸ ਦੀ ਮਾਂ ਨੇ ਜ਼ਿਲ੍ਹਾ ਅਦਾਲਤ ਕੋਲ ਪਹੁੰਚ ਕਰ ਕੇ ਛੇ ਮਹੀਨਿਆਂ ਦੇ ਭਰੂਣ ਨੂੰ ਹੁਣ ਗਰਭਪਾਤ ਰਾਹੀਂ ਖ਼ਤਮ ਕਰਨ ਦੀ ਇਜਾਜ਼ਤ ਮੰਗੀ ਹੈ। ਇਸ ਅਰਜ਼ੀ ਤੇ ਸੁਣਵਾਈ ਵੀਰਵਾਰ ਨੂੰ ਵਧੀਕ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਪੂਨਮ ਆਰ. ਜੋਸ਼ੀ ਕਰਨਗੇ।

ਪੁਲਿਸ ਨੇ ਬੀਤੀ 9 ਅਗਸਤ ਨੂੰ ਪੀੜਤ ਕੁੜੀ ਦੇ 17 ਸਾਲਾ ਬੁਆਏ-ਫ਼ਰੈਂਡ ਨੂੰ ਕਥਿਤ ਤੌਰ ਤੇ ਬਲਾਤਕਾਰ ਕਰਨ ਤੇ ਆਪਣੀ ਗਰਲ-ਫ਼ਰੈਂਡ ਨੂੰ ਗਰਭਵਤੀ ਕਰਨ ਦੇ ਇਲਜ਼ਾਮ ਹੇਠ ਗ੍ਰਿਫ਼ਤਾਰ ਕੀਤਾ ਸੀ। ਉਸ ਨੂੰ ਪਹਿਲਾਂ ਜੁਵੇਨਾਇਲ ਜਸਟਿਸ ਬੋਰਡ ਸਾਹਵੇਂ ਪੇਸ਼ ਕੀਤਾ ਗਿਆ ਤੇ ਫਿਰ ਉਸ ਨੂੰ ਜੁਵੇਨਾਇਲ ਹੋਮ (ਬਾਲ ਸੁਧਾਰ ਘਰ) ਭੇਜ ਦਿੱਤਾ ਗਿਆ।

ਬਿਲਕੁਲ ਅਜਿਹੀ ਇੱਕ ਅਰਜ਼ੀ ਪਿਛਲੇ ਵਰ੍ਹੇ ਵੀ ਇਸੇ ਅਦਾਲਤ ਚ ਆਈ ਸੀ। ਤਦ 10 ਸਾਲਾ ਬੱਚੀ ਦੀ ਅਰਜ਼ੀ ਸੀ ਪਰ ਉਹ ਰੱਦ ਕਰ ਦਿੱਤੀ ਗਈ ਸੀ। ਉਸ ਨਾਲ ਵੀ ਜਬਰ-ਜਨਾਹ ਹੋਇਆ ਸੀ ਤੇ ਉਸ ਨੂੰ ਉਸ ਦੇ ਅਖੌਤੀ ਅੰਕਲਾਂ ਨੇ ਹੀ ਗਰਭਵਤੀ ਕਰ ਦਿੱਤਾ ਸੀ, ਜਿਨ੍ਹਾਂ ਨੂੰ ਹੁਣ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ।

ਹੁਣ ਤਾਜ਼ਾ ਮਾਮਲਾ ਬੀਤੀ 8 ਅਗਸਤ ਨੂੰ ਉਦੋਂ ਸਾਹਮਣੇ ਆਇਆ, ਜਦੋਂ 15 ਸਾਲਾ ਕੁੜੀ ਨੂੰ ਉਸ ਦੀ ਮਾਂ ਨੇ ਪੁੱਛਿਆ ਕਿ ਉਸ ਦੀ ਮਾਹਵਾਰੀ ਆਉਣ ਚ ਦੇਰੀ ਕਿਉਂ ਹੋ ਰਹੀ ਹੈ। ਫਿਰ ਮਾਂ ਨੇ ਜਦੋਂ ਉਸ ਦੀ ਸਿਹਤ ਬਾਰੇ ਪੁੱਛਿਆ, ਤਾਂ ਕੁੜੀ ਨੇ ਆਪਣੇ ਨਾਲ ਹੋਏ ਜਬਰ-ਜਨਾਹ ਬਾਰੇ ਦੱਸਿਆ। ਉਸ ਦਾ ਪਰਿਵਾਰ ਉਸ ਨੂੰ ਤੁਰੰਤ ਚੰਡੀਗੜ੍ਹ ਦੇ ਇੱਕ ਸਥਾਨਕ ਹਸਪਤਾਲ ਚ ਲੈ ਕੇ ਗਿਆ, ਜਿੱਥੇ ਡਾਕਟਰਾਂ ਦੀ ਇੱਕ ਪੂਰੀ ਟੀਮ ਨੇ ਪੂਰੇ ਚੈੱਕਅਪ ਤੋਂ ਬਾਅਦ ਦੱਸਿਆ ਕਿ ਉਹ ਤਾਂ ਛੇ ਮਹੀਨਿਆਂ ਦੀ ਗਰਭਵਤੀ ਹੈ। ਉਹ ਕੁੜੀ ਕਿਉਂਕਿ ਨਾਬਾਲਗ਼ ਸੀ, ਇਸੇ ਲਈ ਡਾਕਟਰਾਂ ਨੇ ਉਸ ਬਾਰੇ ਪੁਲਿਸ ਨੂੰ ਸੂਚਿਤ ਕਰ ਦਿੱਤਾ।



ਨਾਬਾਲਗ਼ ਕੁੜੀ ਦੇ ਮਾਪਿਆਂ ਨੇ ਦੋਸ਼ ਲਾਇਆ ਕਿ ਲੜਕੇ ਦੀ ਮਾਂ ਦਾ ਦੇਹਾਂਤ ਹੋ ਚੁੱਕਾ ਹੈ ਤੇ ਜਦੋਂ ਉਸ ਦੇ ਪਿਤਾ ਕੰਮ ਤੇ ਚਲੇ ਜਾਂਦੇ ਸਨ, ਤਦ ਉਹ ਉਨ੍ਹਾ ਦੀ ਧੀ ਨੂੰ ਆਪਣੇ ਘਰ ਲੈ ਜਾਂਦਾ ਸੀ ਤੇ ਉਸ ਨਾਲ ਬਲਾਤਕਾਰ ਕਰਦਾ ਸੀ। ਇਹ ਪਿਛਲੇ ਕੁਝ ਮਹੀਨਿਆਂ ਤੋਂ ਹੋ ਰਿਹਾ ਸੀ। ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਕੁੜੀ ਦੇ ਪਰਿਵਾਰ ਨੇ ਡਾਕਟਰਾਂ ਨੂੰ ਉਸ ਭਰੂਣ ਦਾ ਗਰਭਪਾਤ ਕਰਨ ਦੀ ਬੇਨਤੀ ਕੀਤੀ ਸੀ ਪਰ ਉਨ੍ਹਾਂ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ।

# ਦੇਸ਼-ਵਿਦੇਸ਼ 'ਚ ਸਿੱਖਾਂ ਦੀ ਆਜ਼ਾਦੀ 'ਤੇ ਹੋ ਰਹੇ ਨੇ ਹਮਲੇ : ਗਿ. ਗੁਰਬਚਨ ਸਿੰਘ


ਅੰਮ੍ਰਿਤਸਰ (ਪੰ. ਦੁ. ਬਿਊਰੋ): ਦੇਸ਼ 'ਚ ਸਿੱਖਾਂ 'ਤੇ ਹੋ ਰਹੇ ਕਥਿਤ ਹਮਲਿਆਂ 'ਤੇ ਚਿੰਤਾ ਪ੍ਰਗਟਾਉਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ "ਇੰਝ ਜਾਪਦਾ ਹੈ ਕਿ ਸਿੱਖਾਂ ਨੂੰ ਭਾਰਤ 'ਚ ਕੋਈ ਆਜ਼ਾਦੀ ਨਹੀਂ ਹੈ।"



ਇੱਥੇ ਜਾਰੀ ਕੀਤੇ ਗਏ ਇੱਕ ਬਿਆਨ 'ਚ ਗਿਆਨੀ ਗੁਰਬਚਨ ਸਿੰਘ ਨੇ ਕਿਹਾ,"ਭਾਰਤ ਤੇ ਵਿਦੇਸ਼ 'ਚ ਸਿੱਖਾਂ ਲਈ ਹਾਲਾਤ ਸਾਜ਼ਗਾਰ ਨਹੀਂ ਹਨ। ਸਿੱਖ ਭਲਵਾਨਾਂ ਨੂੰ ਕੁਸ਼ਤੀ ਦੌਰਾਨ ਪਟਕਾ ਪਹਿਨਣ ਤੋਂ ਵਰਜਿਆ ਜਾ ਰਿਹਾ ਹੈ। ਸਿੱਖ ਵਿਦਿਆਰਥੀਆਂ ਨੂੰ ਕ੍ਰਿਪਾਨ ਤੇ ਕੜੇ ਜਿਹੇ ਜ਼ਰੂਰੀ ਧਾਰਮਿਕ ਕਕਾਰਾਂ ਸਮੇਤ ਇਮਤਿਹਾਨ ਨਹੀਂ ਦੇਣ ਦਿੱਤਾ ਜਾਂਦਾ। ਉਨ੍ਹਾਂ ਨਾਲ ਗਾਲੀ-ਗਲੋਚ ਕਰ ਕੇ ਉਨ੍ਹਾਂ ਨੂੰ ਅਪਮਾਨਿਤ ਕੀਤਾ ਜਾ ਰਿਹਾ ਹੈ।

ਜੱਥੇਦਾਰ ਨੇ ਅੱਗੇ ਕਿਹਾ,"ਸਿੱਖਾਂ 'ਤੇ ਸਮੁੱਚੇ ਦੇਸ਼ 'ਚ ਹੀ ਤਸ਼ੱਦਦ ਢਾਹਿਆ ਜਾ ਰਿਹਾ ਹੈ। ਮੇਘਾਲਿਆ ਤੇ ਮੁੰਬਈ 'ਚ ਉਨ੍ਹਾਂ ਨੂੰ ਉਨ੍ਹਾਂ ਦੇ ਘਰਾਂ 'ਚੋਂ ਜ਼ਬਰਦਸਤੀ ਬਾਹਰ ਕੱਢਿਆ ਜਾ ਰਿਹਾ ਹੈ। ਆਜ਼ਾਦ ਭਾਰਤ 'ਚ ਹਾਲੇ ਤੱਕ ਕਿਸੇ ਨੂੰ ਸਿੱਖ ਧਰਮ ਦੀਆਂ ਖ਼ਾਸ ਗੱਲਾਂ ਬਾਰੇ ਹੀ ਪਤਾ ਨਹੀਂ ਹੈ। ਇੰਝ ਜਾਪਦਾ ਹੈ ਕਿ ਸਿੱਖਾਂ ਨੂੰ ਇਸ ਦੇਸ਼ ਵਿੱਚ ਕੋਈ ਆਜ਼ਾਦੀ ਹੀ ਨਹੀਂ ਹੈ। ਆਪਣੇ ਬਿਆਨ 'ਚ ਸਿੰਘ ਸਾਹਿਬ ਨੇ ਸਨੌਰ ਘਟਨਾ ਦਾ ਵਰਨਣ ਵੀ ਕੀਤਾ ਹੈ, ਜਿਸ ਵਿੱਚ ਪੁਲਿਸ ਨੇ ਥਾਣੇ ਅੰਦਰ ਸੱਤ ਸਿੱਖ ਨੌਜਵਾਨਾਂ 'ਤੇ ਤਸ਼ੱਦਦ ਢਾਹਿਆ ਸੀ ਤੇ ਅਤੇ ਰਾਜਸਥਾਨ ਦੇ ਸ਼ਹਿਰ ਹਨੂਮਾਨਗੜ੍ਹ 'ਚ ਸਿੱਖ ਵਿਦਿਆਰਥੀਆਂ ਨੂੰ ਕਕਾਰਾਂ ਸਮੇਤ ਇਮਤਿਹਾਨ ਨਹੀਂ ਦੇਣ ਦਿੱਤਾ ਗਿਆ। ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ,"ਭਾਰਤ 'ਚ ਬਹੁਤ ਸਾਰੇ ਵੱਖੋ-ਵੱਖਰੇ ਧਰਮਾਂ ਦੇ ਲੋਕ ਵਸਦੇ ਹਨ ਤੇ ਹਰੇਕ ਧਰਮ ਦੇ ਸ਼ਰਧਾਲੂਆਂ ਦੀ ਸੁਰੱਖਿਆ ਦੇ ਇੰਤਜ਼ਾਮ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ।

ਸਿੱਖ ਧਰਮ ਦੀਆਂ ਆਪਣੀਆਂ ਰਹਿਤ ਮਰਿਆਦਾਵਾਂ ਤੇ ਆਪਣੇ ਧਾਰਮਿਕ ਸਿਧਾਂਤ ਹਨ। ਇਹ ਸਰਕਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਆਪਣੇ ਹਰੇਕ ਵਿਭਾਗ ਨੂੰ ਇਨ੍ਹਾਂ ਮਰਿਆਦਾਵਾਂ ਤੇ ਸਿਧਾਂਤਾਂ ਤੋਂ ਜਾਣੂ ਕਰਵਾਏ ਤੇ ਉਹ ਆਪਣੀ ਡਿਊਟੀ ਚੰਗੀ ਤਰ੍ਹਾਂ ਨਿਭਾਉਣ, ਤਾਂ ਜੋ ਸਿੱਖਾਂ ਤੇ ਉਨ੍ਹਾਂ ਦੇ ਬੱਚਿਆਂ ਨਾਲ ਕਿਤੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।" ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸਿੱਖ ਜੱਥੇਬੰਦੀਆਂ ਨੂੰ ਧਾਰਮਿਕ ਸਾਹਿਤ, ਇੰਟਰਨੈੱਟ ਤੇ ਇਲੈਕਟ੍ਰੌਨਿਕ ਮੀਡੀਆ ਰਾਹੀਂ ਸਿੱਖ ਧਰਮ ਬਾਰੇ ਆਮ ਜਨਤਾ ਵਿੱਚ ਜਾਗਰੂਕਤਾ ਫੈਲਾਉਣੀ ਚਾਹੀਦੀ ਹੈ।





# ਹਿਮਾਲਿਆ ਦੀ ਗੋਦ 'ਚ ਵੱਸਿਆ

# ਗੁਲਮਰਗ

ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ ਦੀ ਸੈਂਜ ਘਾਟੀ ਵਿੱਚ ਸਥਿਤ ਪਿੰਡ ਸ਼ਾਂਘੜ ਦੁਨੀਆਂ ਦੇ ਝਮੇਲਿਆਂ ਤੋਂ ਦੂਰ ਹਿਮਾਲਿਆ ਦੀ ਗੋਦ 'ਚ ਵੱਸਿਆ ਇੱਕ ਛੋਟਾ ਜਿਹਾ ਪਿੰਡ ਹੈ। ਇਹ ਪਿੰਡ ਗ੍ਰੇਟ ਹਿਮਾਲਿਅਨ ਨੈਸ਼ਨਲ ਪਾਰਕ ਖੇਤਰ ਵਿੱਚ ਸਥਿਤ ਹੈ। ਇਹ ਕੁੱਲੂ ਤੋਂ ਸੱਠ ਕਿਲੋਮੀਟਰ ਅਤੇ ਮੰਡੀ ਤੋਂ ਤਕਰੀਬਨ ਅੱਸੀ ਕਿਲੋਮੀਟਰ ਦੂਰ ਹੈ। ਸੈਲਾਨੀਆਂ ਦੀ ਨਜ਼ਰ ਤੋਂ ਬਚਿਆ ਹੋਣ ਕਰਕੇ ਇੱਥੇ ਕੁਦਰਤੀ ਖ਼ੂਬਸੂਰਤੀ ਅਤੇ ਸ਼ਾਂਤੀ ਹਾਲੇ ਵੀ ਬਰਕਰਾਰ ਹੈ। ਸੇਬਾਂ ਦੇ ਬਗੀਚੇ, ਲੱਕੜ ਤੋਂ ਬਣੇ ਰਵਾਇਤੀ ਘਰ ਅਤੇ ਸੰਘਣੇ ਜੰਗਲ ਕੁਦਰਤੀ ਸੁੰਦਰਤਾ ਦਾ ਅਲੌਕਿਕ ਨਜ਼ਾਰਾ ਪੇਸ਼ ਕਰਦੇ ਹਨ।

ਦੁਰਗਮ ਪਹਾੜਾਂ ਵਿੱਚ ਸਥਿਤ ਹੋਣ ਕਾਰਨ ਸ਼ਾਂਘੜ ਨੂੰ ਜਾਣ ਵਾਲਾ ਰਸਤਾ ਵੀ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਹੈ ਜੋ ਮੰਡੀ ਅਤੇ ਕੁੱਲੂ ਦੇ ਵਿਚਕਾਰ ਸਥਿਤ ਔਟ ਤੋਂ ਸ਼ੁਰੂ ਹੁੰਦਾ ਹੈ। ਔਟ ਵਿਖੇ ਪਹਾੜ ਨੂੰ ਚੀਰ ਕੇ ਸੁਰੰਗ ਬਣਾਈ ਗਈ ਹੈ। ਸੈਂਜ ਘਾਟੀ ਜਾਣ ਲਈ ਇਸ ਸੁਰੰਗ ਤੋਂ ਬਿਲਕੁਲ ਪਹਿਲਾਂ ਸੱਜੇ ਹੱਥ ਸੜਕ ਮੁੜਦੀ ਹੈ। ਕੁਝ ਦੂਰ ਜਾ ਕੇ ਲਾਰਜੀ ਪਿੰਡ ਦੇ ਬਾਹਰ ਸੈਂਜ ਅਤੇ ਤੀਰਥਨ ਘਾਟੀ ਵਿੱਚ ਦਾਖਲ ਹੋਣ ਵਾਲਿਆਂ ਲਈ ਸਵਾਗਤੀ ਗੇਟ ਬਣਿਆ ਹੋਇਆ ਹੈ। ਲਾਰਜੀ ਪਿੰਡ ਤੋਂ ਇੱਕ ਸੜਕ ਤੀਰਥਨ ਘਾਟੀ ਨੂੰ ਚਲੀ ਜਾਂਦੀ ਹੈ ਜਦੋਂਕਿ ਦੂਜੀ ਸੜਕ ਪਾਰਬਤੀ ਨਦੀ ਦੇ ਨਾਲ ਨਾਲ ਸੈਂਜ ਘਾਟੀ ਵਿੱਚ ਪ੍ਰਵੇਸ਼ ਕਰਦੀ ਹੈ। ਰਸਤੇ ਵਿੱਚ ਥਾਂ ਥਾਂ ਸਥਾਨਕ ਲੋਕ ਆਪੋ ਆਪਣੇ ਦੇਵਤਾ ਨੂੰ ਪਾਲਕੀ ਵਿੱਚ ਸਜਾ ਕੇ ਕੁੱਲੂ ਵਿਖੇ ਦੁਸਹਿਰਾ ਮਨਾਉਣ ਜਾ ਰਹੇ ਸਨ। ਇਸ ਰਸਤੇ ਕਈ ਥਾਂ ਪਾਰਬਤੀ ਨਦੀ ਉੱਪਰ ਬੰਨ੍ਹ ਮਾਰ ਕੇ ਜਲ ਬਿਜਲੀ ਘਰ ਸਥਾਪਿਤ ਕੀਤੇ ਗਏ ਹਨ। ਘਾਟੀ ਦਾ ਮੁੱਖ ਕਸਬਾ ਸੈਂਜ ਪਾਰਬਤੀ ਨਦੀ ਦੇ ਇਰਦ-ਗਿਰਦ ਵਸਿਆ ਹੈ। ਇੱਥੇ ਕਾਫ਼ੀ ਵੱਡਾ ਬਾਜ਼ਾਰ ਹੈ ਜਿੱਥੋਂ ਜ਼ਰੂਰਤ ਦੀਆਂ ਲਗਪਗ ਸਾਰੀਆਂ ਚੀਜ਼ਾਂ ਮਿਲ ਜਾਂਦੀਆਂ ਹਨ। ਸੈਂਜ ਤੋਂ ਅਗਲਾ ਰਸਤਾ ਹੋਰ ਵੀ ਸ਼ਾਂਤ ਅਤੇ ਰਮਣੀਕ ਹੈ। ਨਾ ਕੋਈ ਟ੍ਰੈਫਿਕ, ਨਾ ਭੀੜ ਭੜੱਕਾ। ਅੱਗੇ ਰੋਪਾ ਨਾਂ ਦਾ ਖ਼ੂਬਸੂਰਤ ਪਿੰਡ ਆਉਂਦਾ ਹੈ। ਇੱਥੋਂ ਤਕ ਇੱਕ-ਦੋ ਬੱਸਾਂ ਵੀ ਚਲਦੀਆਂ ਹਨ, ਪਰ ਇਸ ਤੋਂ ਅੱਗੇ ਟੈਕਸੀ ਜਾਂ ਆਪਣੇ ਨਿੱਜੀ ਵਾਹਨ ਰਾਹੀਂ ਹੀ ਜਾਣਾ ਪੈਂਦਾ ਹੈ। ਰੋਪਾ ਵਿੱਚ ਗ੍ਰੇਟ ਹਿਮਾਲਿਅਨ ਨੈਸ਼ਨਲ ਪਾਰਕ ਦਾ ਦਫ਼ਤਰ ਅਤੇ ਰੈਸਟ ਹਾਊਸ ਬਣਿਆ ਹੋਇਆ ਹੈ। ਗ੍ਰੇਟ ਹਿਮਾਲਿਅਨ ਨੈਸ਼ਨਲ ਪਾਰਕ ਨੂੰ ਯੂਨੈਸਕੋ ਵੱਲੋਂ ਵਿਸ਼ਵ ਵਿਰਾਸਤ ਐਲਾਨਿਆ ਗਿਆ ਹੈ। ਰੋਪਾ ਤੋਂ ਅੱਗੇ ਕੱਚਾ ਉੱਬੜ-ਖਾਬੜ ਰਾਹ ਸ਼ੁਰੂ ਹੋ ਜਾਂਦਾ ਹੈ। ਸ਼ਾਂਘੜ ਤਕ ਸੱਤ ਕਿਲੋਮੀਟਰ ਦਾ ਇਹ ਰਸਤਾ ਬੇਹੱਦ ਖਰਾਬ ਤੇ ਚੜ੍ਹਾਈ ਵਾਲਾ ਹੋਣ ਦੇ ਬਾਵਜੂਦ ਬੇਮਿਸਾਲ ਕੁਦਰਤੀ ਦ੍ਰਿਸ਼ਾਂ ਨਾਲ ਲਬਰੇਜ਼ ਹੈ। ਪਾਰਬਤੀ ਨਦੀ ਪਿੱਛੇ ਰਹਿ ਜਾਂਦੀ ਹੈ ਅਤੇ ਵਲ-ਵਲੇਵੇਂ ਖਾਂਦਾ ਰਾਹ ਪਹਾੜਾਂ ਦੇ ਉੱਪਰ ਵੱਲ ਵਧਣ ਲੱਗਦਾ ਹੈ। ਉੱਪਰ ਤੋਂ ਛੋਟੇ ਛੋਟੇ ਪਹਾੜੀ ਪਿੰਡਾਂ ਦੇ ਦ੍ਰਿਸ਼ ਬੜੇ ਹੀ ਮਨਮੋਹਣੇ ਲੱਗਦੇ ਹਨ। ਮੌਨਸੂਨ ਮਗਰੋਂ ਬਨਸਪਤੀ ਨਿੱਖਰੀ ਨਿੱਖਰੀ ਜਾਪਦੀ ਹੈ।

ਆਧੁਨਿਕਤਾ ਦੀ ਚਕਾਚੌਂਧ ਤੋਂ ਦੂਰ ਪਿੰਡ ਸ਼ਾਂਘੜ ਦੀ ਪਹਿਲੀ ਝਲਕ ਪਾ ਕੇ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਕੋਈ ਸੁਪਨਾ ਸੱਚ ਹੋ ਗਿਆ ਹੋਵੇ। ਤੰਗ ਜਿਹੀ ਘਾਟੀ ਤਿੰਨ ਪਾਸੇ ਤੋਂ ਪਹਾੜਾਂ ਨਾਲ ਘਿਰੀ ਹੋਈ ਹੈ ਅਤੇ ਵਿਚਕਾਰ ਇਹ ਪਿੰਡ ਵੱਸਿਆ ਹੈ। ਪਿੰਡ ਦੇ ਵਿਚਕਾਰ ਦੀ ਕਲਕਲ ਵਹਿੰਦਾ ਛੋਟਾ ਜਿਹਾ ਸ਼ਾਂਘੜੀ ਨਾਲਾ ਇਸ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦਾ ਹੈ ਅਤੇ ਨਾਲ ਹੀ ਲੋਕਾਂ ਦੀ ਪਾਣੀ ਦੀ ਜ਼ਰੂਰਤ ਪੂਰੀ ਕਰਦਾ ਹੈ। ਪਿੰਡ ਵਿੱਚ ਨਾ ਤਾਂ ਵੱਡੇ ਵੱਡੇ ਹੋਟਲ ਜਾਂ ਰੈਸਤਰਾਂ ਮੌਜੂਦ ਹਨ ਅਤੇ ਨਾ ਹੀ ਵੱਡਾ ਬਾਜ਼ਾਰ। ਇੱਕ ਦੋ ਛੋਟੀਆਂ ਛੋਟੀਆਂ ਦੁਕਾਨਾਂ ਹਨ ਅਤੇ ਇੱਕ ਛੋਟਾ ਜਿਹਾ ਢਾਬਾ। ਵਣ ਵਿਭਾਗ ਦਾ ਰੈਸਟ ਹਾਊਸ ਪਿੰਡ ਤੋਂ ਅੱਗੇ ਜਾ ਕੇ ਪਹਾੜੀ ਦੇ ਉੱਪਰ ਸਥਿਤ ਹੈ। ਪਿੰਡ ਦੇ ਇੱਕ ਘਰ ਵਿੱਚ ਸਾਨੂੰ ਵਾਜਬ ਕੀਮਤ 'ਤੇ ਰਹਿਣ ਲਈ ਕਮਰਾ ਮਿਲ ਗਿਆ।

ਕਮਰੇ ਵਿੱਚ ਆਪਣਾ ਸਾਮਾਨ ਰੱਖਣ ਮਗਰੋਂ ਅਸੀਂ ਸ਼ਾਂਘੜ ਦਾ ਮੈਦਾਨ ਦੇਖਣ ਤੁਰ ਪਏ। ਇਹ ਮੈਦਾਨ ਹੀ ਇੱਥੋਂ ਦਾ ਮੁੱਖ ਆਕਰਸ਼ਣ ਹੈ। ਆਲੇ-ਦੁਆਲੇ ਦੇਵਦਾਰ ਦਾ ਸੰਘਣਾ ਜੰਗਲ, ਵਿਚਕਾਰ ਘਾਹ ਚਰ ਰਹੀਆਂ ਮੱਝਾਂ ਤੇ ਗਾਵਾਂ, ਖੇਡਦੇ ਕੁੱਦਦੇ ਬੱਚੇ ਅਤੇ ਦੂਰ ਪਿੰਡ ਤੋਂ ਪਾਰ ਚਮਕਦੇ ਬਰਫ਼ਾਂ ਲੱਦੇ ਪਹਾੜ ਦਿਖਾਈ ਦਿੰਦੇ ਹਨ। ਇਸ ਖ਼ੂਬਸੂਰਤ ਮੈਦਾਨ ਕਾਰਨ ਸ਼ਾਂਘੜ ਨੂੰ 'ਹਿਮਾਚਲ ਦਾ ਗੁਲਮਰਗ' ਕਿਹਾ ਜਾਂਦਾ ਹੈ। ਸ਼ਾਂਤੀ ਅਤੇ ਸਾਫ਼ ਸਫ਼ਾਈ ਦੇ ਪੱਖ ਤੋਂ ਇਹ ਗੁਲਮਰਗ ਤੇ ਖਜਿਆਰ ਨਾਲੋਂ ਵੀ ਅੱਗੇ ਹੈ। ਸਥਾਨਕ ਲੋਕ ਇਸ ਮੈਦਾਨ ਨੂੰ ਬੜਾ ਪਵਿੱਤਰ ਮੰਨਦੇ ਹਨ। ਮੈਦਾਨ ਵਿੱਚ ਸ਼ਰਾਬ ਪੀ ਕੇ ਜਾਣ, ਰੌਲਾ ਪਾਉਣ, ਕੂੜਾ ਕਰਕਟ ਖਿਲਾਰਨ ਅਤੇ ਲੜਾਈ ਝਗੜਾ ਕਰਨ ਦੀ ਸਖ਼ਤ ਮਨਾਹੀ ਹੈ। ਇਸ ਦੀ ਉਲੰਘਣਾ ਕਰਨ ਵਾਲੇ ਨੂੰ ਜੁਰਮਾਨਾ ਕੀਤਾ ਜਾਂਦਾ ਹੈ। ਨੇੜਲੇ ਕਈ ਪਿੰਡਾਂ ਦੇ ਲੋਕ ਇਸ ਮੈਦਾਨ ਨੂੰ ਆਪੋ ਆਪਣੇ ਕੁਲ ਦੇਵਤਿਆਂ ਦਾ ਟਿਕਾਣਾ ਮੰਨਦੇ ਹਨ ਜਿਸ ਕਰਕੇ ਇੱਥੇ ਕਈ ਛੋਟੇ ਛੋਟੇ ਧਾਰਮਿਕ ਸਥਾਨ ਬਣੇ ਹੋਏ ਹਨ। ਇਸ ਇਲਾਕੇ ਵਿੱਚ ਸ਼ੰਗਚੂਲ ਦੇਵਤਾ ਸਭ ਤੋਂ ਹਰਮਨ ਪਿਆਰਾ ਹੈ। ਸ਼ਾਂਘੜ ਤੇ ਆਲੇ-ਦੁਆਲੇ ਦੇ ਖੇਤਰ ਵਿੱਚ ਸ਼ੰਗਚੂਲ ਦੇਵਤਾ ਪ੍ਰਤੀ ਅਥਾਹ ਸ਼ਰਧਾ ਹੈ। ਜੇਠ ਅਤੇ ਸਾਉਣ ਮਹੀਨਿਆਂ ਦੌਰਾਨ ਇਸ ਮੈਦਾਨ ਵਿੱਚ ਸ਼ੰਗਚੂਲ ਦੇਵਤਾ ਨੂੰ ਸਮਰਪਿਤ ਮੇਲਾ ਵੀ ਲੱਗਦਾ ਹੈ। ਲੋਕ ਚਾਈਂ ਚਾਈਂ ਮੇਲਾ ਦੇਖਣ ਆਉਂਦੇ ਹਨ। ਪੁਰਾਤਨ ਸਮਿਆਂ ਵਿੱਚ ਇਹ ਖੇਤਰ ਬੁਸ਼ਹਿਰ ਰਿਆਸਤ ਦੇ ਅਧੀਨ ਹੁੰਦਾ ਸੀ। ਬੁਸ਼ਹਿਰ ਰਿਆਸਤ ਦਾ ਇੱਕ ਰਾਜਾ ਸ਼ੰਗਚੂਲ ਦੇਵਤਾ ਦਾ ਬਹੁਤ ਵੱਡਾ ਸ਼ਰਧਾਲੂ ਸੀ। ਉਸ ਨੇ ਆਪਣੇ ਦੇਵਤਾ ਨੂੰ ਖ਼ੁਸ਼ ਕਰਨ ਲਈ ਆਸ-ਪਾਸ ਦੀ ਜ਼ਮੀਨ ਸ਼ੰਗਚੂਲ ਦੇਵਤਾ ਦੇ ਨਾਮ ਕਰ ਦਿੱਤੀ। ਹੁਣ ਵੀ ਇਹ ਜ਼ਮੀਨ ਸ਼ੰਗਚੂਲ ਦੇਵਤਾ ਦੇ ਹੀ ਨਾਮ ਹੈ। ਇਸੇ ਕਰਕੇ ਇਸ ਮੈਦਾਨ ਨੂੰ ਸ਼ੰਗਚੂਲ ਦੇਵਤਾ ਦਾ ਮੈਦਾਨ ਕਿਹਾ ਜਾਂਦਾ ਹੈ। ਮਿਥਿਹਾਸ ਦੀ ਗੱਲ ਕਰੀਏ ਤਾਂ ਇਸ ਮੈਦਾਨ ਦਾ ਸਬੰਧ ਮਹਾਂਭਾਰਤ ਕਾਲ ਨਾਲ ਜੁੜਦਾ ਹੈ। ਕਹਿੰਦੇ ਹਨ ਕਿ ਆਪਣੇ ਗੁਪਤਵਾਸ ਦੌਰਾਨ ਪਾਂਡਵ ਕੁਝ ਸਮਾਂ ਸ਼ਾਂਘੜ ਦੇ ਮੈਦਾਨ ਵਿੱਚ ਵੀ ਠਹਿਰੇ ਸਨ। ਇਸ ਦੌਰਾਨ ਉਨ੍ਹਾਂ ਨੇ ਮਿੱਟੀ ਛਾਣ ਕੇ ਖੇਤ ਤਿਆਰ ਕੀਤੇ ਅਤੇ ਇੱਥੇ ਚਾਵਲ ਉਗਾਏ। ਉਸ ਖੇਤਾਂ ਵਾਲੀ ਥਾਂ ਹੁਣ ਖ਼ੂਬਸੂਰਤ ਮੈਦਾਨ ਬਣ ਗਿਆ ਹੈ। ਮੈਦਾਨ ਦੇ ਵਿਚਕਾਰੋਂ ਇੱਕ ਪਗਡੰਡੀ ਪਟਾਹਰੀ ਪਿੰਡ ਨੂੰ ਜਾਂਦੀ ਹੈ। ਪੁਰਾਤਨ ਸ਼ੈਲੀ ਵਿੱਚ ਬਣੇ ਇਸ ਪਿੰਡ ਦੇ ਘਰ ਬਹੁਤ ਆਕਰਸ਼ਕ ਜਾਪਦੇ ਹਨ। ਇੱਥੇ ਸ਼ੰਗਚੂਲ ਦੇਵਤਾ ਦਾ ਖ਼ੂਬਸੂਰਤ ਮੰਦਿਰ ਸਥਿਤ ਹੈ। ਲੱਕੜੀ ਅਤੇ ਪੱਥਰਾਂ ਨਾਲ ਬਣੇ ਮੰਦਿਰ ਦੀ ਉੱਚੀ ਇਮਾਰਤ ਦੂਰੋਂ ਹੀ ਨਜ਼ਰ ਆਉਂਦੀ ਹੈ। ਇਸ ਪਿੰਡ ਦੀ ਇੱਕ ਹੋਰ ਅਨੋਖੀ ਪਰੰਪਰਾ ਹੈ ਕਿ ਲੋਕ ਪ੍ਰੇਮ ਵਿਆਹ ਕਰਵਾ ਕੇ ਘਰੋਂ ਭੱਜੇ ਜੋੜੇ ਦੀ ਰੱਖਿਆ ਕਰਨਾ ਆਪਣਾ ਪਰਮ ਕਰਤੱਵ ਸਮਝਦੇ ਹਨ। ਇਸ ਨੂੰ ਸ਼ੰਗਚੂਲ ਦੇਵਤਾ ਦਾ ਹੁਕਮ ਮੰਨ ਕੇ ਪਿੰਡ ਦੇ ਲੋਕ ਸ਼ਰਨ ਵਿੱਚ ਆਏ ਪ੍ਰੇਮੀ ਜੋੜੇ ਦੀ ਹਰ ਸੰਭਵ ਮੱਦਦ ਕਰਦੇ ਹਨ। ਪਿੰਡ ਦੇ ਮੋਹਤਬਰ ਕੁੜੀ ਤੇ ਮੁੰਡੇ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਨੂੰ ਬੈਠ ਕੇ ਸਮਝਾਉਂਦੇ ਹਨ ਅਤੇ ਸਭ ਕੁਝ ਠੀਕ ਹੋਣ ਉਪਰੰਤ ਉਨ੍ਹਾਂ ਨੂੰ ਘਰ ਛੱਡ ਆਉਂਦੇ ਹਨ। ਇਹ ਪਰੰਪਰਾ ਇੱਥੇ ਸਦੀਆਂ ਤੋਂ ਚੱਲੀ ਆ ਰਹੀ ਹੈ। ਇਨ੍ਹਾਂ ਪਿੰਡਾਂ ਦੇ ਲੋਕ ਮੁੰਡੇ-ਕੁੜੀਆਂ ਦਾ ਵਿਆਹ ਅਕਸਰ ਛੋਟੀ ਉਮਰ ਵਿੱਚ ਹੀ ਕਰ ਦਿੰਦੇ ਹਨ। ਕੁੜੀਆਂ ਨੂੰ ਉਚੇਰੀ ਪੜ੍ਹਾਈ ਕਰਵਾਉਣ ਤੋਂ ਪਹਿਲਾਂ ਹੀ ਅਕਸਰ ਉਨ੍ਹਾਂ ਦਾ ਵਿਆਹ ਕਰ ਦਿੱਤਾ ਜਾਂਦਾ ਹੈ। ਖੇਤੀਬਾੜੀ ਅਤੇ ਬਾਗਬਾਨੀ ਆਮਦਨੀ ਦਾ ਮੁੱਖ ਸਰੋਤ ਹਨ। ਔਰਤਾਂ ਵੀ ਖੇਤੀਬਾੜੀ ਦੇ ਕੰਮ ਵਿੱਚ ਹੱਥ ਵਟਾਉਂਦੀਆਂ ਹਨ। ਪਸ਼ੂ ਪਾਲਣਾ ਹਰ ਪਰਿਵਾਰ ਦਾ ਸਹਾਇਕ ਧੰਦਾ ਹੈ। ਲੋਕਾਂ ਦੀਆਂ ਲੋੜਾਂ ਬਹੁਤ ਸੀਮਿਤ ਹਨ। ਲੱਕੜੀ ਇੱਥੇ ਆਸਾਨੀ ਨਾਲ ਉਪਲੱਬਧ ਹੋ ਜਾਂਦੀ ਹੈ ਜਿਸ ਕਾਰਨ ਜ਼ਿਆਦਤਰ ਘਰ ਲੱਕੜੀ ਦੇ ਹੀ ਬਣੇ ਹੋਏ ਹਨ। ਦਿਨ ਢਲਦਿਆਂ ਹੀ ਇੱਥੋਂ ਦਾ ਮੌਸਮ ਠੰਢਾ ਹੋਣ ਲੱਗਦਾ ਹੈ। ਢਲਦੇ ਸੂਰਜ ਦੀਆਂ ਕਿਰਨਾਂ ਉੱਚੇ ਹਿਮ ਸਿਖਰਾਂ 'ਤੇ ਪੈਂਦੀਆਂ ਹਨ ਤਾਂ ਪਹਾੜ ਵੀ ਸੁਨਹਿਰੀ ਰੰਗ 'ਚ ਰੰਗੇ ਜਾਂਦੇ ਹਨ। ਸਵੇਰ ਦਾ ਨਜ਼ਾਰਾ ਹੋਰ ਵੀ ਮਨਮੋਹਕ ਹੁੰਦਾ ਹੈ। ਆਧੁਨਿਕ ਸੁੱਖ ਸਹੂਲਤਾਂ ਤੋਂ ਦੂਰ ਕੁਦਰਤ ਸੰਗ ਕੁਝ ਪਲ ਗੁਜ਼ਾਰਨੇ ਹੋਣ ਤਾਂ ਇਹ ਪਿੰਡ ਢੁਕਵੀਂ ਥਾਂ ਹੈ।

**ਹਰਜਿੰਦਰ ਅਨੂਪਗੜ੍ਹ**
**ਸੰਪਰਕ:** 95018-62600



# ਸੈਨਿਕਾ ਲਈ ਬਣੀ ਹੈ ਇਹ ਖਾਸ ਜੈਕਿਟ, ਜੇਬ 'ਚ ਚੱਲੇਗਾ ਪੱਖਾ ਤੇ ਚਾਰਜ ਹੋਵੇਗਾ ਮੋਬਾਇਲ

☛ 18 ਛੋਟੇ ਸੋਲਰ ਪੈਨਲ ਲੱਗੇ ਹਨ ਜੈਕੇਟ ਦੀ ਪਿੱਠ ਉੱਤੇ ☛ 4 ਹਜਾਰ ਰੁਪਏ ਆਈ ਹੈ ਲਾਗਤ ☛ਜੀ ਪੀ ਐਸ ਲਗਾਉਣ 'ਤੇ ਲਾਗਤ ਵੱਧ

ਨਵੀਂ ਦਿੱਲੀ (ਪੰ. ਦੁ. ਬਿਊਰੋ).ਸਾਇੰਸ ਐਂਡ ਟੈਕਨੌਲਜੀ ਡਿਪਾਰਟਮੈਂਟ ਨੇ ਦੂਰ-ਦਰਾਜ ਇਲਾਕਿਆਂ ਵਿੱਚ ਤੈਨਾਤ ਸੈਨਿਕਾਂ ਅਤੇ ਵਨਕਰਮੀਆਂ ਲਈ ਇੱਕ ਅਜਿਹਾ ਸੋਲਰ ਜੈਕੇਟ ਤਿਆਰ ਕੀਤਾ ਹੈ, ਜੋ ਰਾਤ ਵਿੱਚ ਟਾਰਚ ਦੀ ਰੋਸ਼ਨੀ ਦੇਵੇਗਾ, ਜੇਬ ਵਿੱਚ ਬਣੇ ਪੁਆਇੰਟ ਤੋਂ ਮੋਬਾਇਲ ਚਾਰਜ ਹੋ ਸਕੇਗਾ । ਨੇਮ ਪਲੇਟ ਚਮਕੇਗੀ ਅਤੇ ਗਰਮੀ ਹੋਣ ਉੱਤੇ ਪਾਕੇਟ ਸੋਲਰ ਫੈਨ ਵੀ ਚਲਾਇਆ ਜਾ ਸਕਦਾ ਹੈ । ਇਸ ਵਿੱਚ ਜੀ ਪੀ ਐਸ ਵੀ ਹੋਵੇਗਾ । ਸਾਇੰਸ ਐਂਡ ਟੈਕਨੌਲਜੀ ਮੰਤਰੀ ਡਾ. ਹਰਸ਼ਵਰਧਨ ਨੇ ਆਪਣੇ ਘਰ ਇਹ ਜੈਕੇਟ ਪਹਿਨ ਕੇ ਵਿਖਾਈ ਅਤੇ ਇਸ ਦੀ ਖੂਬੀਆਂ ਬਾਰੇ ਵੀ ਦੱਸਿਆ । ਇਸਨੂੰ ਡਿਪਾਰਟਮੈਂਟ ਦੇ ਤਹਿਤ ਆਉਣ ਵਾਲੇ ਕੋਲਕਾਤਾ ਸਥਿਤ ਇੰਸਟੀਚਿਊਟ ਆਫ ਸਾਇੰਸ ਐਂਡ ਇੰਜੀਨਿਅਰਿੰਗ ਦੇ ਵਿਗਿਆਨੀ ਅਤੇ ਸੋਲਰ ਐਕਸਪਰਟ ਐਸ ਪੀ ਗੋਨ ਚੌਧਰੀ ਨੇ ਤਿਆਰ ਕੀਤਾ ਹੈ । ਠੰਡੇ ਪ੍ਰਦੇਸ਼ ਵਿੱਚ ਪ੍ਰਯੋਗ ਹੋਣ ਵਾਲੇ ਇੰਸਓਲੇਟਿੰਗ ਮੈਟੀਰੀਅਲ ਦਾ ਕੀਤਾ ਇਸਤੇਮਾਲ ਕੀਤਾ ਗਿਆ ਹੈ। ਪੱਛਮ ਬੰਗਾਲ ਪੁਲਿਸ ਇਸਦਾ ਟਰੇਲ ਕਰ ਰਹੀ ਹੈ । ਸੋਲਰ ਵਾਟਰ





ਪਿਊਰੀਫਾਇਰ ਵੀ ਬਣਾਇਆ - ਇੱਕ ਦਿਨ ਵਿੱਚ ਸਾਫ਼ ਕਰ ਦੇਵੇਗਾ 400 ਲਿਟਰ ਪਾਣੀ
ਚੌਧਰੀ ਨੇ ਹੀ ਸੋਲਰ ਐਨਰਜੀ ਨਾਲ ਚੱਲਣ ਵਾਲਾ ਇੱਕ ਵਾਟਰ ਪਿਊਰੀਫਾਇਰ ਵੀ ਤਿਆਰ ਕੀਤਾ ਹੈ। ਇਸ ਵਿੱਚ ਅਸ਼ੁੱਧ ਪਾਣੀ ਤੋਂ ਆਇਰਨ ਅਤੇ ਹੋਰ ਅਸ਼ੁੱਧੀਆਂ ਦੇ ਇਲਾਵਾ ਅਲਟਰਾ ਫਿਲਟਰੇਸ਼ਨ ਅਤੇ ਅਲਟਰਾਵਾਇਲੇਟ ਰੇਂਜ ਦੇ ਜਰੀਏ ਪਾਣੀ ਨੂੰ ਪੂਰੀ ਤਰ੍ਹਾਂ ਬੈਕਟੀਰੀਆ ਮੁਕਤ ਕਰਨ ਦੀ ਵਿਵਸਥਾ ਹੈ ।ਇਸਦੇ ਲਈ ਇਨਵਰਟਰ ਜਾਂ ਬੈਟਰੀ ਦੀ ਜ਼ਰੂਰਤ ਨਹੀਂ ਹੈ । ਇਹ ਉਪਕਰਣ ਇੱਕ ਦਿਨ ਵਿੱਚ ਚਾਰ ਸੌ ਲਿਟਰ ਤੱਕ ਪਾਣੀ ਸਾਫ਼ ਕਰ ਸਕਦਾ ਹੈ ਅਤੇ 200 ਲਿਟਰ ਤੱਕ ਪਾਣੀ ਦਾ ਸਟੋਰੇਜ ਕਰਨ ਦੀ ਇਸ ਵਿੱਚ ਵਿਵਸਥਾ ਹੈ। 35 - 40 ਹਜਾਰ ਰੁਪਏ ਪ੍ਰਤੀ ਪਿਊਰੀਫਾਇਰ ਇਸਦੀ ਲਾਗਤ ਹੈ।

### ਸੋਲਰ ਬਾਇਓਮੈਟਰਿਕ ਏ ਟੀ ਐਮ ਕੇਵਲ ਉਂਗਲੀ ਦਿਖਾ ਕੇ ਹੀ ਮਿਲ ਜਾਵੇਗਾ ਪੈਸਾ

ਸੋਲਰ ਐਨਰਜੀ ਚਲਣ ਵਾਲੇ ਇਸ ਦੋ ਸਮੱਗਰੀਆਂ ਦੇ ਇਲਾਵਾ ਸੋਲਰ ਬਾਇਓਮੈਟਰਿਕ ਏ ਟੀ ਐਮ ਦਾ ਪਾਇਲਟ ਵੀ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਕੋਈ ਵੀ ਵਿਅਕਤੀ ਸਿੱਧੇ ਆਪਣੀ ਉਂਗਲ ਦੇ ਇਸਤੇਮਾਲ ਨਾਲ ਏ ਟੀ ਐਮ ਤੋਂ ਪੈਸਾ ਕੱਢ ਸਕੇਗਾ । ਇਸਨੂੰ ਪੇਂਡੂ ਇਲਾਕੀਆਂ ਵਿੱਚ ਉਨ੍ਹਾਂ ਅਣਪੜ੍ਹ ਲੋਕਾਂ ਨੂੰ ਧਿਆਨ ਵਿੱਚ ਰੱਖਕੇ ਤਿਆਰ ਕੀਤਾ ਜਾ ਰਿਹਾ ਹੈ ਜੋ ਕਾਰਡ ਦਾ ਇਸਤੇਮਾਲ ਕਰਕੇ ਚਾਰ ਡਿਜਟ ਦਾ ਪਿੰਨ ਵੀ ਦਾਖਲ ਨਹੀਂ ਕਰ ਸਕਦੇ ਅਤੇ ਜਿਨ੍ਹਾਂ ਇਲਾਕਿਆਂ ਵਿੱਚ ਬਿਜਲੀ ਦੀ ਵੀ ਪਰੇਸ਼ਾਨੀ ਹੈ।

# ਇਟਲੀ ਪੁਲ਼ ਢਹਿਣ ਨਾਲ 30 ਮੌਤਾਂ, 5 ਦੀ ਹਾਲਤ ਨਾਜ਼ੁਕ

ਇਟਲੀ ਦੇ ਬੰਦਰਗਾਹ ਸ਼ਹਿਰ ਜਨੋਵਾ ਚ ਹਾਈਵੇਅ ਦਾ ਇੱਕ ਪੁਲ਼ ਢਹਿ-ਢੇਰੀ ਹੋ ਜਾਣ ਕਾਰਨ 30 ਵਿਅਕਤੀ ਮਾਰੇ ਗਏ ਹਨ। ਮੋਰਾਂਡੀ ਨਾਂਅ ਦਾ ਇਹ ਪੁਲ਼ ਸ਼ਹਿਰ ਦੇ ਉਦਯੋਗਿਕ ਇਲਾਕੇ ਚ ਸਥਿਤ ਹੈ। ਇਹ ਪੁਲ਼ ਅਚਾਨਕ ਇੱਕ ਭਿਆਨਕ ਤੂਫ਼ਾਨ ਤੋਂ ਬਾਅਦ ਡਿੱਗਿਆ। ਉਸ ਵੇਲੇ ਉਸ ਉੱਪਰੋਂ ਦੀ ਲੰਘ ਰਹੇ 20 ਵਾਹਨ 80 ਮੀਟਰ ਹੇਠਾਂ ਜਾ ਕੇ ਮਲਬੇ ਤੇ ਡਿੱਗੇ। ਇਹ ਪੁਲ਼ ਇਟਲੀ ਨੂੰ ਫ਼ਰਾਂਸ ਨਾਲ ਜੋੜਦਾ ਹੈ। ਇਤਾਲਵੀ ਖ਼ਬਰ ਏਜੰਸੀ ਏਐੱਨਐੱਸਏ ਅਨੁਸਾਰ ਪੰਜ ਜ਼ਖ਼ਮੀਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਅੱਗ ਬੁਝਾਉਣ ਵਾਲੇ ਅਮਲਿਆਂ ਨੂੰ ਵੀ ਰਾਹਤ ਟੀਮਾਂ ਚ ਸ਼ਾਮਲ ਕੀਤਾ ਗਿਆ ਹੈ। ਇੱਕ ਨਿਜੀ ਰੇਡੀਓ ਦੀ ਰਿਪੋਰਟ ਮੁਤਾਬਕ ਮੋਰਾਂਡੀ ਪੁਲ਼ ਦਾ 200 ਮੀਟਰ ਹਿੱਸਾ ਢੱਠਿਆ ਹੈ। ਅੱਗ-ਬੁਝਾਊ ਅਮਲੇ ਦੇ ਮੰਬਰ ਅਮਾਲੀਆ ਟੇਡੇਸ਼ੀ ਨੇ ਦੱਸਿਆ ਕਿ ਪੁਲ਼ ਢਹਿ ਜਾਣ ਤੋਂ ਬਾਅਦ ਜ਼ਮੀਨਦੋਜ਼ ਗੈਸ ਪਾਈਪਲਾਈਨਾਂ ਫਟ ਗਈਆਂ ਤੇ ਕੁਝ ਧਮਾਕੇ ਵੀ ਸੁਣੇ ਗਏ ਹਨ। 90 ਮੀਟਰ ਉੱਚੇ ਮੋਰਾਂਡੀ ਪੁਲ਼ ਦਾ ਉਦਘਾਟਨ 1967 ਚ ਕੀਤਾ ਗਿਆ ਸੀ। ਇਸ ਦੀ ਲੰਬਾਈ ਇੱਕ ਕਿਲੋਮੀਟਰ ਤੋਂ ਥੋੜ੍ਹੀ ਵੱਧ ਹੈ। ਹੁਣ ਇਸ ਪੁਲ਼ ਦਾ ਢਾਂਚਾ ਕਮਜ਼ੋਰ ਪੈ ਜਾਣ ਕਾਰਨ ਸ਼ਾਇਦ ਇਹ ਹਾਦਸਾ ਵਾਪਰਿਆ ਹੈ।

# ਬੀਐਮਡਬਲਿਊ ਗੱਡੀਆਂ ਤੇ ਲਗਾਈ ਪਾਬੰਦੀ




ਵਾਸ਼ਿਗਟਨ : (ਪੰ. ਦੁ. ਬਿਊਰੋ) ਅੱਗ ਲੱਗਣ ਦੀਆਂ ਕਈ ਘਟਨਾਵਾਂ ਦੇ ਬਾਅਦ ਦੱਖਣੀ ਕੋਰੀਆ ਚ ਕੱਲ ਤੋਂ ਉਨ੍ਹਾਂ ਬੀਐਮਡਬਲਿਊ ਕਾਰਾਂ ਤੇ ਪਾਬੰਦੀ ਲਗਾ ਦਿੱਤੀ ਗਈ ਹੈ ਜਿਨ੍ਹਾਂ ਦੀ ਹੁਣ ਤੱਕ ਸੁਰੱਖਿਆ ਜਾਂਚ ਨਹੀਂ ਕੀਤੀ ਗਈ। ਇਨ੍ਹਾਂ ਕਾਰਾਂ ਚ ਤੁਰੱਟੀਆਂ ਕਾਰਨ ਗੈਸ ਨਿਕਾਸੀ ਉਪਕਰਣ ਹੋਣ ਦੀ ਸ਼ਿਕਾਇਤ ਦੇ ਚਲਦੇ ਕੰਪਨੀ ਨੇ ਇਨ੍ਹਾਂ ਨੂੰ ਵਾਪਸ ਮੰਗਾਇਆ ਹੈ। ਦੱਖਣੀ ਕੋਰੀਆਂ ਦੇ ਭੂਮੀ, ਅਵਸੰਰਚਨਾ ਅਤੇ ਟਰਾਂਸਪੋਰਟ ਮੰਤਰਾਲੇ ਨੇ ਅੱਜ ਕਿਹਾ ਕਿ ਇਹ ਪਾਬੰਦੀ ਕੱਲ੍ਹ ਤੋਂ ਲਾਗੂ ਹੋਵੇਗੀ। ਇਸ ਨਾਲ ਕਰੀਬ 20,000 ਵਾਹਨ ਪ੍ਰਭਾਵਿਤ ਹੋਣਗੇ।

ਡਰਾਈਵਰ ਬਿਨ੍ਹਾਂ ਸੁਰੱਖਿਆ ਜਾਂਚ ਦੇ ਇਨ੍ਹਾਂ ਕਾਰਾਂ ਨੂੰ ਸੜਕਾਂ ਤੇ ਨਹੀਂ ਚਲਾ ਸਕਣਗੇ। ਜ਼ਿਕਰਯੋਗ ਹੈ ਕਿ ਬੀਐਮਡਬਲਿਊ ਦੀਆਂ ਕਰੀਬ 40 ਕਾਰਾਂ ਚ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਸਨ। ਪਿੱਛਲੇ ਮਹੀਨੇ ਬੀਐਮਡਬਲਿਊ ਨੇ 42 ਅਲੱਗ ਅਲੱਗ ਮਾਡਲਾਂ ਦੀਆਂ ਕੁਲ 1,06,000 ਕਾਰਾਂ ਨੂੰ ਵਾਪਸ ਮੰਗਾਇਆ ਸੀ। ਮੰਤਰਾਲੇ ਦੇ ਅਨੁਸਾਰ ਕੱਲ੍ਹ ਤੱਕ 27,000 ਵਾਹਨਾਂ ਦੀ ਹੀ ਸੁਰੱਖਿਆ ਜਾਂਚ ਹੋਈ ਹੈ। ਸਰਕਾਰ ਨੂੰ ਉਮੀਦ ਹੈ ਕਿ ਰੋਕ ਲਾਗੂ ਹੋਣ ਤੋਂ ਪਹਿਲਾਂ ਕਈ ਹੋਰ ਕਾਰਾਂ ਦੀ ਜਾਂਚ ਵੀ ਪੂਰੀ ਕਰ ਲਈ ਜਾਵੇਗੀ।

# ਜਦੋਂ ਸਮੁੰਦਰ ਦੀਆਂ ਲਹਿਰਾਂ 'ਚ ਮਸਤੀ ਕਰ ਰਹੀ ਔਰਤ ਨੇ ਦਿੱਤਾ ਬੱਚੇ ਨੂੰ ਜਨਮ

ਕਾਹਿਰਾ (ਪੰ. ਦੁ. ਬਿਊਰੋ) — ਜ਼ਿਆਦਾਤਰ ਔਰਤਾਂ ਹਸਪਤਾਲ ਜਾਂ ਘਰ ਵਿਚ ਬੱਚੇ ਨੂੰ ਜਨਮ ਦਿੰਦੀਆਂ ਹਨ। ਅੱਜ-ਕਲ੍ਹ ਅਜਿਹੀਆਂ ਖਬਰਾਂ ਆਮ ਦੇਖਣ-ਸੁਨਣ ਨੂੰ ਮਿਲਦੀਆਂ ਹਨ ਕਿ ਕਿਸੇ ਔਰਤ ਨੇ ਹਸਪਤਾਲ ਵਿਚ ਫਰਸ਼ 'ਤੇ ਬੱਚੇ ਨੂੰ ਜਨਮ ਦਿੱਤਾ ਜਾਂ ਫਿਰ ਟਰੇਨ ਵਿਚ। ਅੱਜ ਅਸੀਂ ਤੁਹਾਨੂੰ ਜਿਸ ਡਿਲੀਵਰੀ ਬਾਰੇ ਦੱਸਣ ਜਾ ਰਹੇ ਹਾਂ ਉਹ ਹੈਰਾਨ ਕਰ ਦੇਣ ਵਾਲੀ ਹੈ। ਇਕ ਰੂਸੀ ਔਰਤ ਨੇ ਸਹਾਰਾ ਸ਼ਹਿਰ ਵਿਚ ਯਾਤਰਾ ਦੌਰਾਨ ਸਮੁੰਦਰ ਵਿਚ ਪਾਣੀ ਦੇ ਅੰਦਰ ਬੱਚੇ ਨੂੰ ਜਨਮ ਦਿੱਤਾ ਹਾਦਿਆ ਹੋਸਨੀ ਈ ਸੈਦ ਨੇ ਆਪਣੇ ਫੇਸਬੁੱਕ ਅਕਾਊਂਟ 'ਤੇ ਕੁਝ ਤਸਵੀਰਾਂ ਪੋਸਟ ਕੀਤੀਆਂ ਹਨ। ਇਨ੍ਹਾਂ ਤਸਵੀਰਾਂ ਨਾਲ ਉਨ੍ਹਾਂ ਨੇ ਲਿਖਿਆ ਹੈ ਕਿ ਇਕ ਔਰਤ ਨੇ ਸਮੁੰਦਰ ਦੇ ਪਾਣੀ ਵਿਚ ਬੱਚੇ ਨੂੰ ਜਨਮ ਦਿੱਤਾ। ਉਸ ਨਾਲ ਇਕ ਬਜ਼ੁਰਗ ਵਿਅਕਤੀ ਵੀ ਸੀ,ਜਿਸ ਨੇ ਬੱਚੇ ਦੇ ਜਨਮ ਵਿਚ ਮਦਦ ਕੀਤੀ। ਹਾਦਿਆ ਨੇ ਇਹ ਤਸਵੀਰਾਂ ਆਪਣੇ ਚਾਚੇ ਦੇ ਘਰ ਦੀ ਬਾਲਕੋਨੀ ਤੋਂ ਖਿੱਚੀਆਂ ਹਨ।

ਤਸਵੀਰਾਂ ਵਿਚ ਦੇਖਿਆ ਜਾ ਸਕਦਾ ਹੈ ਕਿ ਇਕ ਬਜ਼ੁਰਗ ਵਿਅਕਤੀ ਪਾਣੀ ਵਿਚੋਂ ਬੱਚੇ ਨੂੰ ਗੋਦੀ ਵਿਚ ਲਏ ਬਾਹਰ ਨਿਕਲਦਾ ਹੈ। ਉਸ ਦੇ ਥੋੜ੍ਹੀ ਹੀ ਦੇਰ ਬਾਅਦ ਔਰਤ ਵੀ ਪਾਣੀ ਵਿਚੋਂ ਬਾਹਰ ਆਉਂਦੀ ਹੈ। ਉਸ ਨੂੰ ਦੇਖ ਕੇ ਲੱਗ ਹੀ ਨਹੀਂ ਹੀ ਰਿਹਾ ਸੀ ਕਿ ਉਸ ਨੇ ਹੁਣੇ-ਹੁਣੇ ਬੱਚੇ ਨੂੰ ਜਨਮ ਦਿੱਤਾ ਹੈ। ਉੱਧਰ ਬੀਚ ਤੇ ਇਕ ਛੋਟਾ ਬੱਚਾ ਤੇ ਇਕ ਵਿਅਕਤੀ ਉਨ੍ਹਾਂ ਦਾ ਇੰਤਜ਼ਾਰ ਕਰਦੇ ਦਿੱਸ ਰਹੇ ਹਨ। ਉਹ ਸ਼ਾਇਦ ਔਰਤ ਦਾ ਪਾਰਟਨਰ ਅਤੇ ਬੱਚਾ ਹੈ। ਹਾਦਿਆ ਵੱਲੋਂ ਪੋਸਟ ਕੀਤੀਆਂ ਇਹ ਤਸਵੀਰਾਂ ਸੋਸ਼ਲ





ਮੀਡੀਆ 'ਤੇ ਵਾਇਰਲ ਹੋ ਚੁੱਕੀਆਂ ਹਨ। ਇਨ੍ਹਾਂ ਤਸਵੀਰਾਂ ਨੂੰ 2700 ਤੋਂ ਜ਼ਿਆਦਾ ਲੋਕਾਂ ਨੇ ਸ਼ੇਅਰ ਕੀਤਾ ਹੈ ਅਤੇ ਲੱਗਭਗ 4 ਹਜ਼ਾਰ ਲੋਕ ਹੁਣ ਤੱਕ ਲਾਈਕ ਕਰ ਚੁੱਕੇ ਹਨ। ਇਹ ਤਸਵੀਰਾਂ ਮਿਸਰ ਦੇ ਲਾਲ ਸਾਗਰ ਦੀਆਂ ਹਨ, ਜਿੱਥੇ ਔਰਤ ਨੇ ਬੱਚੇ ਨੂੰ ਜਨਮ ਦਿੱਤਾ। ਹਾਲਾਂਕਿ ਔਰਤ ਦੀ ਪਛਾਣ ਗੁਪਤ ਰੱਖੀ ਗਈ ਹੈ ਅਤੇ ਬੱਚੇ ਦੀ ਸਥਿਤੀ ਬਾਰੇ ਜਾਣਕਾਰੀ ਨਹੀਂ ਹੈ ਪਰ ਹਾਦਿਆ ਮੁਤਾਬਕ ਬੱਚਾ ਅਤੇ ਮਾਂ ਦੋਵੇ ਖੁਸ਼ ਅਤੇ ਤੰਦਰੁਸਤ ਸਨ। ਅੱਜ-ਕਲ੍ਹ ਔਰਤਾਂ ਵਿਚ ਪਾਣੀ ਵਿਚ ਬੱਚੇ ਨੂੰ ਜਨਮ ਦੇਣ ਦਾ ਟਰੈਂਡ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਮੰਨਿਆ ਜਾਂਦਾ ਹੈ ਕਿ ਪਾਣੀ ਵਿਚ ਬੱਚੇ ਨੂੰ ਜਨਮ ਦੇਣ ਨਾਲ ਔਰਤ ਨੂੰ ਘੱਟ ਦਰਦ ਹੁੰਦਾ ਹੈ ਅਤੇ ਇਹ ਬੱਚੇ ਲਈ ਵੀ ਫਾਇਦੇਮੰਦ ਹੁੰਦਾ ਹੈ। ਪਾਣੀ ਵਿਚ ਜਨਮੇ ਬੱਚੇ ਦੀ ਡਿਲੀਵਰੀ ਆਸਾਨ ਹੁੰਦੀ ਹੈ ਅਤੇ ਉਹ ਜਨਮ ਮਗਰੋਂ ਘੱਟ ਰੋਂਦਾ ਹੈ।

# ਫੇਸਬੁੱਕ 'ਤੇ ਬੈਠੇ-ਬੈਠੇ ਬਣ ਗਿਆ 22 ਬੱਚਿਆਂ ਦਾ ਪਿਓ !

ਲੰਡਨ (ਪੰ. ਦੁ. ਬਿਊਰੋ)— ਸਮਾਜਸੇਵਾ 'ਚ ਲੋਕਾਂ ਨੂੰ ਕਿਸੇ ਦੀ ਭਲਾਈ ਲਈ ਖੂਨਦਾਨ, ਅੰਗਦਾਨ ਕਰਦੇ ਹੋਏ ਸੁਣਿਆ ਹੋਵੇਗਾ ਪਰ ਇਕ ਬ੍ਰਿਟਿਸ਼ ਸ਼ਖਸ ਨੇ ਇਕ ਅਜਿਹੀ ਚੀਜ ਦਾਨ ਕਰ ਦਿੱਤੀ ਕਿ ਪੂਰੇ ਦੇਸ਼ 'ਚ ਹੰਗਾਮਾ ਹੋ ਗਿਆ। ਇਸ ਸ਼ਖਸ ਨੇ ਗੈਰ-ਕਾਨੂੰਨੀ ਤਰੀਕੇ ਨਾਲ ਆਪਣਾ ਸਪਰਮ ਡੋਨੇਟ ਕਰ ਦਿੱਤਾ। ਇਹੀ ਨਹੀਂ ਹੁਣ ਤਕ ਉਹ 22 ਬੱਚਿਆਂ ਦਾ ਪਿਤਾ ਬਣ ਗਿਆ। ਹਾਲਾਂਕਿ ਉਹ ਇਸ ਦੇ ਲਈ ਪੈਸੇ ਨਹੀਂ ਲੈਂਦਾ ਸੀ। ਇਹ ਮਾਮਲਾ ਬ੍ਰਿਟੇਨ ਦਾ ਹੈ। ਇਸ ਸ਼ਖਸ ਨੇ ਗੈਰ-ਕਾਨੂੰਨੀ ਤਰੀਕੇ ਨਾਲ ਸਪਰਮ ਡੋਨੇਟ ਕਰਨ ਦਾ ਕਾਰਨ ਦੱਸਦੇ ਹੋਏ ਕਿਹਾ ਕਿ ਕਾਨੂੰਨੀ ਤੌਰ 'ਤੇ ਸਪਰਮ ਡੋਨੇਟ 'ਚ ਕਾਫੀ ਪ੍ਰੇਸ਼ਾਨੀ ਆਉਂਦੀ ਸੀ, ਜਿਸ ਕਾਰਨ ਉਸ ਨੇ ਇਹ ਆਸਾਨ ਤਰੀਕਾ ਅਪਣਾਇਆ। ਕਲੀਨਿਕ ਦੀਆਂ ਰਸਮਾਂ ਦੇ ਨਾਲ-ਨਾਲ ਬ੍ਰਿਟੇਨ ਦਾ ਕਾਨੂੰਨ ਉਸ ਨੂੰ ਰੋਕ ਰਿਹਾ ਸੀ। ਬ੍ਰਿਟੇਨ ਦੇ ਕਾਨੂੰਨ ਮੁਤਾਬਕ ਡੋਨੇਟ ਕੀਤੇ ਹੋਏ ਸਪਰਮ ਤੋਂ ਪੈਦਾ ਹੋਏ ਬੱਚੇ ਨੂੰ ਉਸ ਦੇ ਡੋਨਰ ਪਿਤਾ ਬਾਰੇ ਦੱਸਣਾ ਪੈਂਦਾ ਹੈ। ਬੱਚੇ ਦੇ 18 ਸਾਲ ਦੇ ਹੁੰਦਿਆਂ ਹੀ ਉਸ ਨੂੰ ਇਹ ਦੱਸਣਾ ਹੁੰਦਾ ਹੈ। ਹਾਲਾਂਕਿ ਇਹ ਸ਼ਖਸ ਅਜਿਹਾ ਨਹੀਂ ਚਾਹੁੰਦਾ ਸੀ। 'ਦਿ ਸਨ ਦੀ ਇਕ' ਮੁਤਾਬਕ ਐਨਟੋਨੀ ਫਲੇਚਰ (38 ਨੇ ਸਪਰਮ ਡੋਨੇਟ ਕਰਨ ਲਈ ਫੇਸਬੁੱਕ 'ਤੇ ਆਪਣਾ ਇਸ਼ਤਿਹਾਰ ਇਨ੍ਹਾਂ ਸ਼ਬਦਾਂ 'ਚ ਕੀਤਾ ਸੀ, 'ਮੈਂ ਇਕ ਸਰਗਰਮ ਤੇ ਅਨੁਭਵੀ ਸਪਰਮੋ ਡੋਨੇਟਰ ਹਾਂ। ਗਲਾਸਗੋ ਤੋਂ ਕੁਝ ਮੀਲ ਦੀ ਦੂਰੀ 'ਤੇ ਰਹਿੰਦਾ ਹਾਂ। ਮੈਂ ਹਾਲੇ ਵੀ ਔਰਤਾਂ ਨੂੰ ਗਰਭਵਤੀ ਹੋਣ 'ਚ ਮਦਦ ਕਰ ਸਕਦਾ ਹਾਂ। ਸਿੰਗਲ ਮਹਿਲਾਵਾਂ ਤੇ ਸਮਲੈਂਗਿਕ ਜੋੜੇ ਨੂੰ ਸਪਰਮ ਡੋਨੇਟ ਕਰਨ 'ਚ ਮੈਨੂੰ ਖੁਸ਼ੀ ਹੋਵੇਗੀ। ਮੈਨੂੰ ਆਪਣਾ ਲੋਕੇਸ਼ਨ ਦੱਸੋ, ਆਪਣੀ ਉਮਰ, ਰਿਲੇਸ਼ਨਸ਼ਿਪ ਸਟੇਟਸ ਤੇ ਡੋਨੇਸ਼ਨ ਪ੍ਰਕਿਰਿਆ, ਜੋ ਤੁਸੀਂ ਚਾਹੁੰਦੇ ਹੋ ਉਸ ਦੱਸੋ। ਮੈਂ ਸਪਰਮ ਡੋਨੇਸ਼ਨ ਲਈ ਪੈਸੇ ਨਹੀਂ ਲੈਂਦਾ ਹਾਂ।

# ਪੰਜਾਬ ਸੰਕਟ ਸਮੇਂ ਵਿਦੇਸ਼ਾਂ ਵਿੱਚ ਭੱਜੇ ਭਗੌੜਿਆਂ ਨੂੰ ਵਾਪਸ ਆਉਣ ਦਿਓ


ਅੱਜ ਕੱਲ੍ਹ ਟਵੰਟੀ-ਟਵੰਟੀ ਭਾਵ ਰਿਫਰੈਂਡਮਵੀਹ ਸੌ ਵੀਹ ਦਾ ਰੌਲਾ ਪਿਆ ਹੋਇਆ ਹੈ। ਪੰਜਾਬ ਵਿੱਚ ਇਸ ਦ ਕੋਈ ਹਮਾਇਤੀ ਨਹੀਂ ਹੈ ਪਰ ਵਿਦੇਸ਼ਾਂ ਵਿੱਚ ਇਸ ਦਾ ਕਾਫੀ ਚਰਚਾ ਹੈ ।ਇਸ ਦਾ ਇਕ ਕਾਰਨ ਪੰਜਾਬ ਸੰਕਟ ਸਮੇਂ ਵਿਦੇਸ਼ਾਂ ਵਿੱਚ ਜਾ ਵੱਸੇ ਸਿੱਖ ਵੀ ਹਨ, ਖਾਸ ਕਰਕੇ ਉਹ ਸਿੱਖ ਜਿਹੜੇ ਵੱਖ-ਵੱਖ ਕੇਸਾਂ ਕਾਰਨ ਪੰਜਾਬ ਵਾਪਸ ਨਹੀਂ ਆ ਸਕਦੇ।ਘੱਟੋ-ਘੱਟ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਅਜਿਹੇ ਸਿੱਖਾਂ ਨੂੰ ਰਾਹਤ ਜ਼ਰੂਰ ਦੇਣੀ ਚਾਹੀਦੀ ਹੈ ਜਿਹੜੇ ਕਿਸੇ ਕਾਰਨ ਉਸ ਸਮੇਂ ਪੰਜਾਬ ਦੀ ਖਾੜਕੂ ਲਹਿਰ ਵਿੱਚ ਚਲੇ ਗਏ ਪਰ ਹੁਣ ਉਹ ਘਰ ਵਾਪਸ ਆਉਣਾ ਚਾਹੁੰਦੇ ਹਨ ਅਤੇ ਹੁਣ ਉਹ ਸ਼ਾਂਤਮਈ ਤਰੀਕੇ ਨਾਲ ਆਪਣੀ ਸਿਆਸਤ ਕਰਨੀ ਚਾਹੁੰਦੇ ਹਨ ।ਇਸ ਸਮੱਸਿਆ ਨੂੰ ਸਮਝਣ ਲਈ ਇਸ ਦਾ ਸੰਖੇਪ ਪਿਛੋਕੜ ਜਾਣ ਲੈਣਾ ਚੰਗਾ ਹੋਵੇਗਾ ।ਪੰਜਾਬ ਨੇ ਨਿਰੰਕਾਰੀ ਕਾਂਡ ਅਤੇ ਲਾਲਾ ਜਗਤ ਨਰਾਇਣ ਦੇ ਕਤਲ ਤੋਂ ਲੈ ਕੇ ਬੇਅੰਤ ਸਿੰਘ ਦੇ ਕਤਲ ਤੱਕ ਲੱਗਭੱਗ ਡੇਢ ਦਹਾਕਾ ਸੰਤਾਪ ਭੋਗਿਆ ਹੈ।ਜਿਸ ਵਿੱਚ ਸਭ ਤੋਂ ਅਹਿਮ ਹਰਿਮੰਦਰ ਸਾਹਿਬ ਉੱਪਰ ਜੂਨ ਚੁਰਾਸੀ ਵਿੱਚ ਹੋਇਆ ਹਮਲਾ ਅਤੇ ਦਿੱਲੀ ਵਿੱਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਦਾ ਸਮੂਹਿਕ ਕਤਲੇਆਮ ਹੈ। ਸਾਰੀ ਸਿਆਸੀ ਘਟਨਾ ਦੇ ਆਰਥਿਕ, ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਪਹਿਲੂਆਂ ਉੱਪਰ ਬਹੁਤ ਵਿਚਾਰ ਹੋਈ ਹੈ ਅਤੇ ਅਜੇਵੀ ਹੋ ਰਹੀ ਹੈ।ਬਹੁਤ ਸਾਰੇ ਬੇਗੁਨਾਹ ਸਿੱਖ ਨੌਜਵਾਨਾਂ ਦੇ ਨਾਲ-ਨਾਲ ਹਿੰਦੂ, ਕਾਮਰੇਡ ਅਤੇ ਪੁਲਿਸ ਕਰਮੀ ਦੀ ਦੂਵੱਲੀ ਲੜਾਈ ਦੇ ਵਿੱਚ ਮਾਰੇ ਗਏ।ਇਸ ਸਮੇਂ ਦੌਰਾਨ ਦੋਹੀਂ ਪਾਸੀਂ ਬਹੁਤ ਕਤਲੇਆਮ ਹੋਇਆ।ਉਸ ਸਮੇਂ ਬਹੁਤ ਸਾਰੇ ਸਿੱਖ ਨੌਜਵਾਨ ਮਾਰੇ ਗਏ, ਪਕੜੇ ਗਏ, ਵਾਰਦਾਤਾਂ ਵਿੱਚ ਸ਼ਾਮਲ ਹੋਣ ਕਰਕੇ ਸਜ਼ਾਵਾਂ ਹੋਈਆਂ ਅਤੇ ਬਹੁਤ ਸਾਰੇ ਭਗੌੜੇ ਹੋ ਗਏ।ਉਨ੍ਹਾਂ ਵਿੱਚੋਂ ਕੁਝ ਵਿਦੇਸ਼ਾਂ ਵਿੱਚ ਲੁੱਕ ਗਏ। ਇਸ ਸਮੇਂ ਦੋ ਮੁੱਦੇ ਅਹਿਮ ਹਨ ਇੱਕ ਉਹ ਨੌਜਵਾਨ ਹੁਣ ਨੌਜਵਾਨ ਨਹੀਂ ਰਹੇ, ਅੱਧਖੜ ਜਾਂ ਬੁੱਢੇ ਹੋ ਗਏ। ਇੱਕ ਪਾਸੇ ਤਾਂ ਜਿਹੜੇ ਜੇਲ੍ਹਾਂ ਵਿੱਚ ਬੰਦ ਹਨ ਜਾਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਜਾਂ ਫਿਰ ਅਜੇ ਵੀ ਲਟਕਦੇ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹਨ, ਉਨ੍ਹਾਂ ਦੀ ਰਿਹਾਈ ਦਾ ਮਸਲਾ ਹੈ।ਦੂਜੇ ਪਾਸੇ ਬਹੁਤ ਸਾਰੇ ਲੋਕ ਬਾਹਰ ਚਲੇ ਗਏ ਅਤੇ ਉਨ੍ਹਾਂ ਦੀ ਕਾਲੀ ਸੂਚੀ ਬਣੀ ਹੋਈ ਹੈ ਜਿਸ ਦੀ ਪੁਨਰ ਪੜਤਾਲ ਦੀ ਮੰਗ ਉੱਠਦੀ ਰਹਿੰਦੀ ਹੈ । ਇਨ੍ਹਾਂ ਵਿੱਚੋਂ ਜਿਹੜੇ

> ਇਨ੍ਹਾਂ ਕੇਸਾਂ ਨੂੰ ਆਮ ਅਪਰਾਧਕ ਕੇਸਾਂ ਦੀ ਥਾਂ 'ਤੇ ਵਿਸ਼ੇਸ਼ ਸ਼੍ਰੇਣੀ ਵਿੱਚ ਰੱਖ ਕੇ ਸਿਆਸੀ ਕੇਸਾਂ ਵਜੋਂ ਵਿਚਾਰਨਾ ਚਾਹੀਦਾ ਹੈ । ਦੂਜਾ ਬਹੁਤ ਸਾਰੇ ਉਹ ਲੋਕ ਹਨ ਜਿਹੜੇ ਕਿਸੇ ਵਾਰਦਾਤ ਵਿਚ ਸ਼ਾਮਲ ਨਹੀਂ ਸੀ ਜਾਂ ਕੇਵਲ ਹਮਦਰਦ ਸਨ ਜਾਂ ਕੋਈ ਰਿਸ਼ਤੇਦਾਰ/ਦੋਸਤ/ ਮਿੱਤਰ ਲਹਿਰ ਵਿੱਚ ਸ਼ਾਮਿਲ ਸੀ। ਸਿੱਟੇ ਵਜੋਂ ਪੁਲਿਸ ਦੀ ਦਹਿਸ਼ਤ ਤੋਂ ਡਰਦੇ ਵਿਦੇਸ਼ਾਂ ਵਿੱਚ ਚਲੇ ਗਏ ਅਤੇ ਪਿੱਛੋਂ ਪੁਲਿਸ ਨੇ ਭਗੌੜੇ ਕਰਾਰ ਦੇ ਦਿੱਤੇ। ਆਲੇ ਦੁਆਲੇ ਵਾਪਰੀ ਹਰ ਘਟਨਾ ਵਿੱਚ ਇਨ੍ਹਾਂ ਭਗੋੜਿਆਂ ਦਾ ਪੁਲਿਸ ਵਾਲਿਆਂ ਨੇ ਨਾਂ ਪਾ ਦਿੱਤਾ। ਸਭ ਤੋਂ ਪਹਿਲੀ ਗੱਲ ਉਹ ਸਾਡੇ ਆਪਣੇ ਹਨ ਜੇ ਉਨ੍ਹਾਂ ਨੇ ਕੋਈ ਗ਼ਲਤੀ ਵੀ ਕੀਤੀ ਹੈ ਤਾਂ ਉਸ ਦੀ ਸਜ਼ਾ ਵੀ ਦੇਸ਼ ਨੂੰ ਆਪ ਹੀ ਦੇਣੀ ਚਾਹੀਦੀ ਹੈ। ਵੈਸੇ ਉਨ੍ਹਾਂ ਨੇ ਆਪਣੀ ਧਰਤੀ ਤੋਂ ਦੂਰ, ਆਪਣੇ ਮਾਪਿਆਂ ਤੋਂ ਦੂਰ, ਆਪਣੇ ਰਿਸ਼ਤੇਦਾਰਾਂ, ਦੋਸਤਾਂ, ਮਿੱਤਰਾਂ ਤੋਂ ਦੂਰ ਰਹਿਣ ਦੀ ਸਜ਼ਾ ਤਾਂ ਪੂਰੀ ਕਰ ਲਈ ਹੈ। ਆਖ਼ਰ ਇੱਥੇ ਵੀ ਫਾਂਸੀ ਤੋਂ ਉਪਰ ਕੋਈ ਵੀ ਸਜ਼ਾ ਮਿਲਦੀ ਤਾਂ ਉਹ ਵੀ ਵੱਧ ਤੋਂ ਵੱਧ ਵੀਹ ਸਾਲੀ ਹੀ ਹੋਣੀ ਸੀ ਤੇ ਉਨ੍ਹਾਂ ਨੂੰ ਵੀਹ ਸਾਲ ਤੋਂ ਕਿਤੇ ਉੱਪਰ ਹੋ ਗਏ ਹਨ । ਪੱਚੀ-ਪੱਚੀ ਸਾਲ ਤੇ ਕੁਝ ਨੂੰ ਤਾਂ ਵੱਧ ਸਾਲ ਹੋ ਗਏ ਹਨ । ਇਹ ਜਵਾਨ ਸਨ ਅੱਜ ਇਨ੍ਹਾਂ ਦੇ ਬੱਚੇ ਜਵਾਨ ਹਨ। ਬਹੁਤ ਸਾਰੇ ਮਾਪਿਆਂ ਦੀ ਚਿਖਾ ਨੂੰ ਅੱਗ ਨਹੀਂ ਦੇ ਸਕੇ, ਭੋਗ 'ਤੇ ਨਹੀਂ ਆ ਸਕੇ, ਜੇ ਦੇਸ਼ ਹੁੰਦੇ ਤਾਂ ਅਜਿਹੇ ਸਮਿਆਂ 'ਤੇ ਉਨ੍ਹਾਂ ਨੂੰ ਘੱਟੋ-ਘੱਟ ਪੈਰੋਲ ਮਿਲ ਜਾਣੀ ਸੀ। ਇਨ੍ਹਾਂ ਵਿੱਚੋਂ ਬਹੁਤ ਸਾਰਿਆਂ ਦਾ ਕੋਈ ਕਸੂਰ ਵੀ ਨਹੀਂ ਹੈ।

ਪਾਕਿਸਤਾਨ ਬੈਠੇ ਹਨ, ਉਹ ਹੁਣ ਤੱਕ ਕਿਸੇ ਨਾ ਕਿਸੇ ਢੰਗ ਨਾਲ ਅੱਜ ਵੀ ਭਾਰਤ ਵਿਰੋਧੀ ਕਾਰਵਾਈਆਂ ਕਰਨ ਲਈ ਦੇ ਇੱਛੁਕ ਹਨ ਜਾਂ ਮਜ਼ਬੂਰ ਹਨ। ਇੱਛਕ ਇਸ ਕਰਕੇ ਕਿਉਂਕਿ ਉਸ ਸਮੇਂ ਪਾਕਿਸਤਾਨ ਨੂੰ ਮਿੱਤਰ ਸਮਝ ਕੇ ਜਾਂ ਸਹਾਇਤਾ ਲੈਣ ਦੀ ਆਸ ਵਿੱਚ ਗਏ ਸਨ । ਮਜ਼ਬੂਰ ਇਸ ਕਰਕੇ ਕਿ ਅੱਜ ਉਨ੍ਹਾਂ ਦੇ ਵਿਚਾਰ ਕੁਝ ਵੀ ਪਰਹੁਣ ਭਾਰਤ ਵਿੱਚ ਪਰਤਨਾ ਸੰਭਵ ਨਹੀਂ ਹੈ। ਪਾਕਿਸਤਾਨ ਏਜੰਸੀਆਂ ਦੇ ਕਹਿਣੇ ਵਿੱਚ ਹੀ ਰਹਿਣਾ ਪੈਂਦਾ ਹੈ। ਭਾਰਤੀ ਸ਼ਹਿਰੀਆਂ ਦਾ ਪਾਕਿਸਤਾਨੀ ਦੇਸ਼ ਵਿੱਚ ਰਹਿਣਾ ਦੇਸ਼ ਲਈ ਕਿਵੇਂ ਵੀ ਠੀਕ ਨਹੀਂ ਹੈ। ਉਨ੍ਹਾਂ ਵਿੱਚੋਂ ਜਿਹੜੇ ਦੇਸ਼ ਪਰਤਣਾ ਚਾਹੁੰਦੇ ਹਨ, ਉਨ੍ਹਾਂ ਨੂੰ ਪਰਤਣ ਦੇਣਾ ਚਾਹੀਦਾ ਹੈ ਅਤੇ ਕੇਸ ਚਲਾਉਣੇ ਚਾਹੀਦੇ ਹਨ। ਇਹ ਕੇਸ ਫਾਸਟ ਟਰੈਕ ਕੋਰਟਾਂ ਵਿੱਚ ਲਾਉਣੇ ਚਾਹੀਦੇ ਹਨ ਪਰ ਉਦੋਂ ਤੱਕ ਸਭ ਨੂੰ ਜ਼ਮਾਨਤ ਮਿਲਣੀ ਚਾਹੀਦੀ ਹੈ। ਇਨ੍ਹਾਂ ਕੇਸਾਂ ਨੂੰ ਆਮ ਅਪਰਾਧਕ ਕੇਸਾਂ ਦੀ ਥਾਂ 'ਤੇ ਵਿਸ਼ੇਸ਼ ਸ਼੍ਰੇਣੀ ਵਿੱਚ ਰੱਖ ਕੇ ਸਿਆਸੀ ਕੇਸਾਂ ਵਜੋਂ ਵਿਚਾਰਨਾ ਚਾਹੀਦਾ ਹੈ । ਦੂਜਾ ਬਹੁਤ ਸਾਰੇ ਉਹ ਲੋਕ ਹਨ ਜਿਹੜੇ ਕਿਸੇ ਵਾਰਦਾਤ ਵਿਚ ਸ਼ਾਮਲ ਨਹੀਂ ਸੀ ਜਾਂ ਕੇਵਲ ਹਮਦਰਦ ਸਨ ਜਾਂ ਕੋਈ ਰਿਸ਼ਤੇਦਾਰ/ ਦੋਸਤ/ ਮਿੱਤਰ ਲਹਿਰ ਵਿੱਚ ਸ਼ਾਮਿਲ ਸੀ। ਸਿੱਟੇ ਵਜੋਂ ਪੁਲਿਸ ਦੀ ਦਹਿਸ਼ਤ ਤੋਂ ਡਰਦੇ ਵਿਦੇਸ਼ਾਂ ਵਿੱਚ ਚਲੇ ਗਏ ਅਤੇ ਪਿੱਛੋਂ ਪੁਲਿਸ ਨੇ ਭਗੌੜੇ ਕਰਾਰ ਦੇ ਦਿੱਤੇ। ਆਲੇ ਦੁਆਲੇ ਵਾਪਰੀ ਹਰ ਘਟਨਾ ਵਿੱਚ ਇਨ੍ਹਾਂ ਭਗੋੜਿਆਂ ਦਾ ਪੁਲਿਸ ਵਾਲਿਆਂ ਨੇ ਨਾਂ ਪਾ ਦਿੱਤਾ। ਸਭ ਤੋਂ ਪਹਿਲੀ ਗੱਲ ਉਹ ਸਾਡੇ ਆਪਣੇ ਹਨ ਜੇ ਉਨ੍ਹਾਂ ਨੇ ਕੋਈ ਗ਼ਲਤੀ ਵੀ ਕੀਤੀ ਹੈ ਤਾਂ ਉਸ ਦੀ ਸਜ਼ਾ ਵੀ ਦੇਸ਼ ਨੂੰ ਆਪ ਹੀ ਦੇਣੀ ਚਾਹੀਦੀ ਹੈ। ਵੈਸੇ ਉਨ੍ਹਾਂ ਨੇ ਆਪਣੀ ਧਰਤੀ ਤੋਂ ਦੂਰ, ਆਪਣੇ ਮਾਪਿਆਂ ਤੋਂ ਦੂਰ, ਆਪਣੇ ਰਿਸ਼ਤੇਦਾਰਾਂ, ਦੋਸਤਾਂ, ਮਿੱਤਰਾਂ ਤੋਂ ਦੂਰ ਰਹਿਣ ਦੀ ਸਜ਼ਾ ਤਾਂ ਪੂਰੀ ਕਰ ਲਈ ਹੈ। ਆਖ਼ਰ ਇੱਥੇ ਵੀ ਫਾਂਸੀ ਤੋਂ ਉਪਰ ਕੋਈ ਵੀ ਸਜ਼ਾ ਮਿਲਦੀ ਤਾਂ ਉਹ ਵੀ ਵੱਧ ਤੋਂ ਵੱਧ ਤੋਂ ਵੀਹ ਸਾਲੀ ਹੀ ਹੋਣੀ ਸੀ ਤੇ ਉਨ੍ਹਾਂ ਨੂੰ ਵੀਹ ਸਾਲ ਤੋਂ ਕਿਤੇ ਉੱਪਰ ਗਏ ਹਨ ।ਪੱਚੀ-ਪੱਚੀ ਸਾਲ ਤੇ ਕੁਝ ਨੂੰ ਤਾਂ ਵੱਧ ਸਾਲ ਹੋ ਗਏ ਹਨ ।ਇਹ ਜਵਾਨ ਸਨ ਅੱਜ ਇਨ੍ਹਾਂ ਦੇ ਬੱਚੇ ਜਵਾਨ ਹਨ। ਬਹੁਤ ਸਾਰੇ ਮਾਪਿਆਂ ਦੀ ਚਿਖਾ ਨੂੰ ਅੱਗ ਨਹੀਂ ਦੇ ਸਕੇ, ਭੋਗ 'ਤੇ ਨਹੀਂ ਆ ਸਕੇ, ਜੇ ਦੇਸ਼ ਹੁੰਦੇ ਤਾਂ ਅਜਿਹੇ ਸਮਿਆਂ 'ਤੇ ਉਨ੍ਹਾਂ ਨੂੰ ਘੱਟੋ-ਘੱਟ ਪੈਰੋਲ ਮਿਲ ਜਾਣੀ ਸੀ। ਇਨ੍ਹਾਂ ਵਿੱਚੋਂ ਬਹੁਤ ਸਾਰਿਆਂ ਦਾ ਕੋਈ ਕਸੂਰ ਵੀ ਨਹੀਂ ਹੈ। ਬੱਸ ਵਹਿੰਦੇ ਵਹਿਣ ਵਿੱਚ ਵਹਿ ਗਏ। ਕੁਝ ਦੀ ਅਪਰਾਧਕ ਗਤੀਵਿਧੀਆਂ ਵਿੱਚ ਸ਼ਮੂਲੀਅਤ ਹੋ ਸਕਦੀ ਹੈ। ਕੁਝ ਤਾਂ ਬੱਸ ਹਥਿਆਰ ਚੁੱਕਣ ਦੇ ਚਾਅ ਵਿੱਚ ਹੀ ਲਹਿਰ ਚੜ੍ਹ ਗਏ ਅਤੇ ਜਦੋਂ ਹਥਿਆਰ ਪੁੱਠੇ ਪੈ ਗਏ ਤਾਂ ਪੁੱਠੇ ਪੈਰੀਂ ਭੱਜ ਪਏ। ਇਹ ਉਨ੍ਹਾਂ ਮਾਪਿਆਂ ਦੇ ਪੁੱਤਰ ਹਨ ਜਿਹਨਾਂ ਕੋਲ ਐਨਾ ਪੈਸਾ ਅਤੇ ਪਹੁੰਚ ਦੀ ਗੁੰਜਾਇਸ਼ ਨਹੀਂ ਸੀ ਤੇ ਉਹ ਪੁਲਿਸ ਜਾਂ ਸਾਥੀ ਖਾੜਕੂਆਂ ਹੱਥੋਂ ਮਰਨੋਂ ਬਚਾਉਣ ਜੋਗਾ ਜੁਗਾੜ ਕਰ ਲੈਂਦੇ ਜਾਂ ਦੇਸ਼ ਵਿੱਚ ਹੀ ਬਰੀ ਹੋ ਜਾਂਦੇ ਜਾਂ ਸਹੀ ਢੰਗ ਨਾਲ ਵਿਦੇਸ਼ ਚਲੇ ਜਾਂਦੇ। ਕੁਝ ਦੇ ਮਾਪੇ ਤਾਂ ਐਨੇ ਸਮਰੱਥਾਵਾਨ ਸਨ ਕਿ ਉਹ ਪਿੱਛੋਂ ਪੈਸੇ ਭੇਜੀ ਜਾਂਦੇ ਸਨ ਅਤੇ ਲਾਡਲੇ ਐਸ਼ਾਂ ਕਰੀ ਜਾਂਦੇ ਸਨ। ਇੱਥੇ ਜਾਅਲੀ ਜਾਂ ਅਸਲੀ ਪੇਸ਼ ਕਰਕੇ ਮਾਪਿਆਂ ਉਹ ਬਰੀ ਵੀ ਕਰਾ ਲਏ ਹਨ ।ਪਰ ਗਰੀਬ ਮਾਪਿਆਂ ਦੇ ਬੱਚੇ ਜਿਹੜੇ ਇੱਕ ਵਾਰ ਕਰਾਹੇ ਪੈ ਗਏ ਅਤੇ ਮੁੜ ਡਰ ਦੇ ਵਿਦੇਸ਼ਾਂ ਨੂੰ ਨੱਸ ਗਏ ਜਾਂ ਮਾਂ-ਪਿਓ ਦੀਆਂ ਜ਼ਮੀਨ ਜਾਇਦਾਦਾਂ ਵੇਚ ਕੇ ਵਿਦੇਸ਼ ਚਲੇ ਗਏ। ਉਹ ਉੱਥੇ ਫਸੇ ਬੈਠੇ ਹਨ। ਵਿਦੇਸ਼ਾਂ ਵਿੱਚ ਰਹਿੰਦੇ ਉਨ੍ਹਾਂ ਸਾਰੇ ਭਾਰਤੀ ਪੰਜਾਬੀ ਸਿੱਖਾਂ ਨੂੰ ਵਾਪਸ ਆਉਣ ਦਾ ਮੌਕਾ ਦੇਣਾ ਚਾਹੀਦਾ ਹੈ। ਜਿਨ੍ਹਾਂ ਖ਼ਿਲਾਫ਼ ਗੰਭੀਰ ਕਿਸਮ ਦੇ ਕੇਸ ਹਨ। ਭਾਰਤ ਸਰਕਾਰ ਨੂੰ ਉਨ੍ਹਾਂ ਨੂੰ ਵੀ ਦੋ ਗੱਲਾਂ ਦੀ ਗਰੰਟੀ ਦੇਣੀ ਚਾਹੀਦੀ ਹੈ ਕਿ ਪਹਿਲੀ ਉਨ੍ਹਾਂ ਨੂੰ ਨਜਾਇਜ਼ ਹਿਰਾਸਤ ਵਿੱਚ ਨਹੀਂ ਰੱਖਿਆ ਜਾਵੇਗਾ, ਉਨ੍ਹਾਂ ਨੂੰ ਪੇਸ਼ ਹੋਣ ਦਾ ਮੌਕਾ ਦੇ ਕੇ ਇੱਕ ਵਾਰ ਜ਼ਮਾਨਤ ਦਿੱਤੀ ਜਾਵੇਗੀ ਅਤੇ ਲੋੜ ਅਨੁਸਾਰ ਪੁੱਛ-ਗਿੱਛ ਕੀਤੀ ਜਾਵੇਗੀ । ਆਪਸੀ ਸਹਿਮਤੀ ਨਾਲ ਤਾਂ ਪੈਰੋਲ ਸਮੇਂ ਡਿਜ਼ੀਟਲ ਵਿਜੀਲੈਂਸ ਕੀਤੀ ਜਾ ਸਕਦੀ ਹੈ। ਸਾਰੇ ਪੱਛਮੀ ਮੁਲਕਾਂ ਵਿੱਚ ਜਿੱਥੇ ਉਨ੍ਹਾਂ ਨੇ ਪਨਾਹ ਲਈ ਹੋਈ ਹੈ ਉੱਥੇ ਫਾਂਸੀ ਦੀ ਸਜ਼ਾ ਨਹੀਂ ਹੈ ਇਸ ਕਰਕੇ ਜੇ ਉਹ ਵਾਪਸ ਆਏ ਤਾਂ ਘੱਟੋ-ਘੱਟ ਇਹ ਤਾਂ ਨਹੀਂ ਚਾਹੁੰਣਗੇ ਕਿ ਦੇਸ਼ ਆਕੇ ਫਾਂਸੀ ਲੱਗਣ । ਭਾਰਤ ਸਰਕਾਰ ਨੂੰ ਫਾਂਸੀ ਦੀ ਸਜ਼ਾ ਬਾਰੇ ਵੀ ਪੁਨਰ ਵਿਚਾਰ ਕਰਨ ਦੀ ਜ਼ਰੂਰਤ ਹੈ ਤਾਂ ਜੋ ਦੂਸਰੇ ਦੇਸ਼ਾਂ ਤੋਂ ਅਪਰਾਧੀਆਂ ਦਾ ਆਦਾਨ ਪ੍ਰਦਾਨ ਵੀ ਹੋ ਸਕੇ । ਇਹ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਬਹੁਤ ਸਾਰੇ ਕੇਸਾਂ ਵਿੱਚ ਭਾਰਤ ਵਿੱਚ ਰਹਿੰਦੇ ਬਾਕੀ ਮੁੱਖ ਦੋਸ਼ੀ ਜਾਂ ਸਹਿ ਦੋਸ਼ੀ ਬਰੀ ਹੋ ਚੁੱਕੇ ਹਨ ਤਾਂ ਇਨ੍ਹਾਂ ਕੇਸਾਂ ਨੂੰ ਵੀ ਕੇਸਾਂ ਨਾਲ ਨੱਥੀ ਕਰਕੇ ਜਲਦੀ ਨਿਪਟਾਇਆ ਜਾਣਾ ਚਾਹੀਦਾ ਹੈ।ਉਨ੍ਹਾਂ ਦੇ ਵਾਪਸ ਆਉਣ ਨਾਲ ਇੱਕ ਤਾਂ ਵਿਛੜੇ ਪਰਿਵਾਰ ਮਿਲਣਗੇ ।ਸਰਕਾਰ ਅਤੇ ਇੱਕ ਵਿਸ਼ੇਸ਼ ਭਾਈਚਾਰੇ ਵਿੱਚ ਭਰੋਸੇ ਦਾ ਮਾਹੌਲ ਬਣੇਗਾ। ਅਜਿਹੇ ਲੋਕ ਜੇ ਵਿਦੇਸ਼ਾਂ ਵਿੱਚ ਬੈਠੇ ਹਨ ਤਾਂ ਦੁਸ਼ਮਣ ਤਾਕਤਾਂ ਵੱਲੋਂ ਵਰਤਣ ਦਾ ਖਦਸ਼ਾ ਖਤਮ ਹੋ ਜਾਵੇਗਾ ।ਅਜਿਹੇ ਵਿਅਕਤੀ ਵਿਦੇਸ਼ਾਂ ਵਿੱਚ ਕੀਤੀ ਕਮਾਈ ਦੇਸ਼ ਵਿੱਚ ਵਾਪਸ ਲੈ ਕੇ ਆਉਣਗੇ । ਜਿਨ੍ਹਾਂ ਨੇ ਕੋਈ ਜ਼ੁਰਮ ਕੀਤਾ ਹੈ ਤਾਂ ਉਸ ਦੀ ਸਜ਼ਾ ਭੁਗਤ ਕੇ ਆਪਣੇ ਦੇਸ਼ ਵਿੱਚ ਅਮਨ ਚੈਨ ਦੀ ਜ਼ਿੰਦਗੀ ਜਿਊਂ ਸਕਣਗੇ।ਸਭ ਤੋਂ ਵੱਧ ਉਹ ਸਿਆਸੀ ਵਿਚਾਰਧਾਰਾ ਵਿੱਚ ਤਬਦੀਲੀ ਆਈ ਹੈ ਤਾਂ ਉਸ ਦੀ ਮਿਸਾਲ ਬਣ ਸਕਣਗੇ।

ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਉਸ ਸਮੇਂ ਦੀ ਭਰਾ ਮਾਰੂ ਜੰਗ ਵਿੱਚ ਬਹੁਤ ਸਾਰੇ ਨੌਜਵਾਨ ਮਾਰੇ ਗਏ ਅਤੇ ਨਾਲ ਦੀ ਨਾਲ ਇਹ ਵੀ ਸੱਚ ਹੈ ਕਿ ਬਹੁਤ ਸਾਰੇ ਲਹਿਰ ਵਿੱਚ ਸ਼ਾਮਲ ਲੋਕ ਬਾਅਦ ਵਿੱਚ ਨਾ ਕੇਵਲ ਸਿਆਸੀ ਨੇਤਾ ਬਣੇ ਸਗੋਂ ਸਰਕਾਰੀ ਸੰਵਿਧਾਨਕ ਅਹੁਦਿਆਂ ਉੱਪਰ ਵੀ ਕੰਮ ਕਰਦੇ ਰਹੇ ਹਨ। ਪਰ ਵਿਦੇਸ਼ਾਂ ਵਿੱਚ ਰੁਲਦਿਆਂ ਦੀ ਕਿਸੇ ਨੇ ਬਾਤ ਨਹੀਂ ਪੁੱਛੀ । ਬਹੁਤ ਸਾਰੇ ਬੇਗੁਨਾਹ ਜੇਲ੍ਹਾਂ ਵਿੱਚ ਡੱਕੇ ਗਏ ਹੁਣ ਉਨ੍ਹਾਂ ਨੂੰ ਮੁਆਵਜ਼ਾ ਦੇਣ ਦੀ ਗੱਲ ਲਟਕਦੀ ਪਈ ਹੈ। ਪਰ ਵਿਦੇਸ਼ਾਂ ਵਿੱਚ ਬੈਠਿਆਂ ਨੂੰ ਤਾਂ ਵਾਪਸ ਦੇਸ਼ ਆਉਣ ਅਤੇ ਆਪਣੀ ਕਮਾਈ ਹੀ ਵਰਤਣ ਦੀ ਇਜਾਜ਼ਤ ਨਹੀਂ ਹੈ। ਅੱਜ ਲੋੜ ਹੈ ਕਿ ਪੰਜਾਬ ਸੰਕਟ ਸਮੇਂ ਦੇਸ਼ ਛੱਡ ਕੇ ਗਏ ਪੰਜਾਬੀਆਂ ਵਿੱਚੋਂ ਜਿਹੜੇ ਪਿਛਲੇ ਵੀਹ ਪੱਚੀ ਸਾਲਾਂ ਤੋਂ ਸਿਆਸੀ ਤੌਰ 'ਤੇ ਨਾ ਅਹਿਲ ਹਨ ਉਨ੍ਹਾਂ ਨੂੰ ਘਰ ਆਉਣ ਦੇਈਏ ਵੱਡੀ ਗੱਲ ਉਨ੍ਹਾਂ ਅੰਦਰੋਂ ਡਰ ਕੱਢਣ ਦੀ ਜ਼ਰੂਰਤ ਹੈ। ਇਹ ਵੀ ਵਿਸ਼ਵਾਸ ਬਣਾਉਣ ਦੀ ਜ਼ਰੂਰਤ ਹੈ ਕਿ ਇੱਥੇ ਰਿਸ਼ਵਤ ਖੋਰੀ ਨਾਲ ਬੇਗੁਨਾਹ ਗੁਨਾਹਗਾਰ ਨਹੀਂ ਬਣੇਗਾ ਅਤੇ ਨਾ ਹੀ ਗੁਨਾਹਗਾਰ ਬੇਗੁਨਾਹ ਬਣੇਗਾ ਸਗੋਂ ਸਹੀ ਇਨਸਾਫ ਹੋਵੇਗਾ । ਅਦਾਲਤਾਂ ਸਿਰ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਵੱਖਰੇ ਵਿਚਾਰਾਂ ਵਾਲੇ ਸਿਆਸੀ ਵਿਰੋਧੀਆਂ ਅਤੇ ਪੇਸ਼ਾਵਰ ਅਪਰਾਧੀਆਂ ਵਿੱਚ ਫ਼ਰਕ ਕਰੇ। ਜੇ ਸਰਕਾਰ ਉਨ੍ਹਾਂ ਨੂੰ ਗਲ ਲਾਵੇਗੀ ਤਾਂ ਪਰਸਪਰ ਵਿਸ਼ਵਾਸ ਵਧੇਗਾ ਨਹੀਂ ਤਾਂ ਉਹ ਅਤੇ ਉਨ੍ਹਾਂ ਦੀ ਦੂਜੀ ਪੀੜ੍ਹੀ ਭਾਰਤ ਨੂੰ ਪੱਕਾ ਦੁਸ਼ਮਣ ਟਿੱਕ ਲਵੇਗੀ। ਇਸ ਮਸਲੇ ਨੂੰ ਕਾਨੂੰਨੀ ਨੁਕਤੇ ਨਜ਼ਰ ਤੋਂ ਵੇਖਣ ਦੀ ਥਾਂ 'ਤੇ ਇਨਸਾਨੀ ਅਤੇ ਸਿਆਸੀ ਨੁਕਤੇ ਨਜ਼ਰ ਤੋਂ ਵੇਖਣ ਦੀ ਜ਼ਰੂਰਤ ਹੈ । ਸਾਡੀ ਸਮਝ ਅਨੁਸਾਰ ਜੇ ਭਾਰਤ ਸਰਕਾਰ ਕੋਈ ਅਜਿਹੀ ਰਾਹਤ ਦੇਵੇ ਤਾਂ ਉਸ ਨਾਲ ਟਵੰਟੀ-ਟਵੰਟੀ ਸਿੱਖ ਰਾਇਸ਼ੁਮਾਰੀ ਦਾ ਇੱਕ ਆਧਾਰ ਖੁੱਸ ਜਾਵੇਗਾ।

# ਵੰਡ ਤੋਂ ਦੁਖੀ ਲੇਖਕਾਂ ਨੇ ਮੁੜ ਲਾਹੌਰ ਵੱਲ ਮੂੰਹ ਨਾ ਕੀਤਾ



ਅੰਮ੍ਰਿਤਾ ਪ੍ਰੀਤਮ, ਰਾਜਿੰਦਰ ਸਿੰਘ ਬੇਦੀ ਅਤੇ ਕ੍ਰਿਸ਼ਨ ਚੰਦਰ

ਚੰਡੀਗੜ੍ਹ ਇੱਕ ਦਹਾਕਾ ਪਹਿਲਾਂ ਜਦੋਂ ਮੈਂ ਲਾਹੌਰ ਗਈ ਸਾਂ, ਉਦੋਂ ਵੀਜ਼ਾ ਮਿਲਣਾ ਹੁਣ ਨਾਲੋਂ ਕੁਝ ਸੁਖਾਲ਼ਾ ਸੀ। ਮੈਂ ਉੱਥੇ ਆਪਣੀ ਲੇਖਕ ਸਹੇਲੀ ਜ਼ੋਯਾ ਸਾਜਿਦ ਨੂੰ ਮਿਲਣ ਗਈ ਸਾਂ। ਜ਼ੋਯਾ ਤੇ ਉਸ ਦੇ ਗੁਆਂਢੀਆਂ ਨੇ ਮੈਨੂੰ ਰਾਤ ਸਮੇਂ ਲਾਹੌਰ ਦਾ ਨਜ਼ਾਰਾ ਵਿਖਾਉਣ ਦਾ ਫ਼ੈਸਲਾ ਕੀਤਾ ਹੋਇਆ ਸੀ।

ਉਦੋਂ ਉੱਥੇ ਮੈਂ ਬਹੁਤ ਸਾਰੀਆਂ ਅਜਿਹੀਆਂ ਥਾਵਾਂ ਵੇਖੀਆਂ, ਜਿਹੜੀਆਂ ਕਿਸੇ ਵੇਲੇ ਸਾਂਝੇ ਪੰਜਾਬ ਦਾ ਸਭਿਆਚਾਰ ਹੁੰਦੀਆਂ ਸਨ। ਉਦੋਂ ਕਾਰ ਅੰਗਰੇਜ਼ਾਂ ਦੇ ਜ਼ਮਾਨੇ ਦੀ ਇੱਕ ਇਮਾਰਤ ਸਾਹਮਣੇ ਰੁਕੀ, ਜਿੱਥੇ ਡਾਕਘਰ ਬਣਾਇਆ ਹੋਇਆ ਸੀ।

ਜ਼ੋਯਾ ਨੇ ਮੈਨੂੰ ਰਤਾ ਪਿਆਰ ਜਿਹੇ ਨਾਲ ਛੇੜਦਿਆਂ ਆਖਿਆ: "ਲੇਖਕ ਤੇ ਫ਼ਿਲਮਸਾਜ਼ ਰਾਜਿੰਦਰ ਸਿੰਘ ਬੇਦੀ ਇੱਥੇ ਕਿਸੇ ਵੇਲੇ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮੀਂ 5 ਵਜੇ ਤੱਕ ਚਿੱਠੀਆਂ 'ਤੇ ਮੋਹਰਾਂ ਲਾਉਂਦੇ ਹੁੰਦੇ ਸਨ।"

ਲਾਹੌਰ ਦੇ ਸਾਹਿਤਕ ਹਲਕੇ ਇਸ ਤੱਥ ਤੋਂ ਜਾਣੂ ਹਨ ਕਿ ਰਾਜਿੰਦਰ ਸਿੰਘ ਬੇਦੀ, ਅੰਮ੍ਰਿਤਾ ਪ੍ਰੀਤਮ, ਕ੍ਰਿਸ਼ਨ ਚੰਦਰ ਤੇ ਅਜਿਹੇ ਹੋਰ ਲੇਖਕਾਂ ਦੀ ਪ੍ਰਤਿਭਾ ਲਾਹੌਰ 'ਚ ਹੀ ਸ਼ਿੰਗਾਰੀ ਗਈ ਸੀ ਤੇ ਉੱਥੇ ਹੀ ਉਨ੍ਹਾਂ ਦੀ ਲੇਖਣੀ ਪ੍ਰਫੁੱਲਤ ਹੋਈ ਸੀ ਪਰ ਉਨ੍ਹਾਂ ਨੂੰ 1947 'ਚ ਦੇਸ਼ ਦੀ ਵੰਡ ਤੋਂ ਬਾਅਦ ਫਿਰ ਕਦੇ ਉਸ ਸ਼ਹਿਰ ਲਾਹੌਰ ਜਾਣ ਦਾ ਮੌਕਾ ਨਾ ਮਿਲ ਸਕਿਆ, ਜਿਸ ਨੂੰ ਉਹ ਇੰਨਾ ਜ਼ਿਆਦਾ ਪਿਆਰ ਕਰਦੇ ਹੁੰਦੇ ਸਨ।

ਸ਼ਾਹਕਾਰ ਨਾਵਲ 'ਏਕ ਚਾਦਰ ਮੈਲੀ ਸੀ' ਦੇ ਲੇਖਕ ਤੇ 'ਗਰਮ ਕੋਟ', 'ਦਸਤਕ' ਤੇ 'ਫ਼ਾਗੁਨ' ਜਿਹੀਆਂ ਫ਼ਿਲਮਾਂ ਦੇ ਸਿਰਜਕ ਰਾਜਿੰਦਰ ਸਿੰਘ ਬੇਦੀ ਲਾਹੌਰ ਦੇ ਡਾਕਘਰ 'ਚ ਕਲਰਕ ਹੁੰਦੇ ਸਨ। ਪਾਕਿਸਤਾਨ ਦੇ ਪ੍ਰਸਿੱਧ ਲੇਖਕ ਰੂਮੀ ਰਜ਼ਾ ਨੇ ਆਪਣੇ ਇੱਕ ਸਫ਼ਰਨਾਮੇ 'ਦੇਹਲੀ ਬਾਇ ਹਾਰਟ' 'ਚ ਲਿਖਿਆ ਹੈ ਕਿ ਅੰਮ੍ਰਿਤਾ ਪ੍ਰੀਤਮ ਤਾਂ ਕਦੇ ਲਾਹੌਰ ਛੱਡਣਾ ਹੀ ਨਹੀਂ ਚਾਹੁੰਦੇ ਸਨ ਪਰ ਜਦੋਂ ਉਹ ਇੱਕ ਵਾਰ ਉੱਥੋਂ ਚਲੇ ਗਏ, ਤਾਂ ਉੱਥੇ ਕਦੇ ਨਹੀਂ ਪਰਤੇ। ਅਜਿਹੇ ਹੋਰ ਵੀ ਬਹੁਤ ਸਾਰੇ ਲੇਖਕ ਹਨ, ਜਿਹੜੇ ਦੇਸ਼ ਦੀ ਵੰਡ ਵੇਲੇ ਇੱਕ ਵਾਰ ਇੱਥੋਂ ਹਿਜਰਤ ਕਰ ਗਏ ਅਤੇ ਫਿਰ ਕਦੇ ਪਰਤ ਕੇ ਨਹੀਂ ਆਏ; ਜਿਵੇਂ ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਬਲਵੰਤ ਸਿੰਘ, ਹਰਭਜਨ ਸਿੰਘ, ਬਲਵੰਤ ਗਾਰਗੀ। ਸ਼ਾਇਦ ਦੇਸ਼ ਦੀ ਵੰਡ ਕਾਰਨ ਜਿਹੜੀ ਇੰਨੀ ਵੱਡੀ ਤਬਦੀਲੀ ਵਾਪਰ ਗਈ ਸੀ, ਉਸ ਦਾ ਉਹ ਸਾਹਮਣਾ ਕਰਨ ਲਈ ਤਿਆਰ ਨਹੀਂ ਸਨ।

ਅੰਮ੍ਰਿਤਾ ਦੇ ਕਦੇ ਲਾਹੌਰ ਪਰਤ ਕੇ ਨਾ ਜਾਣ ਦੇ ਮਾਮਲੇ 'ਤੇ ਉਨ੍ਹਾਂ ਦੇ ਪਾਰਟਨਰ ਇਮਰੋਜ਼ ਨੇ ਕਿਹਾ, 'ਅੰਮ੍ਰਿਤਾ ਉੱਥੇ ਵਾਪਸ ਜਾ ਹੀ ਨਹੀਂ ਸਕਦੀ ਸੀ। ਉਸ ਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ...' ਵਿੱਚ ਦੇਸ਼ ਦੀ ਵੰਡ ਦੇ ਦੁਖਾਂਤ ਤੇ ਦਰਦ ਨੂੰ ਬਹੁਤ ਸ਼ਿੱਦਤ ਨਾਲ ਪੇਸ਼ ਕੀਤਾ ਹੈ।'

ਫ਼ੈਜ਼ ਅਹਿਮਦ ਫ਼ੈਜ਼ ਜਿਹੇ ਅੰਮ੍ਰਿਤਾ ਪ੍ਰੀਤਮ ਦੇ ਦੋਸਤਾਂ ਨੇ ਜਦੋਂ ਵੀ ਕਦੇ ਭਾਰਤ ਆਉਣਾ, ਉਹ ਅਕਸਰ ਦਿੱਲੀ 'ਚ ਆ ਕੇ ਉਨ੍ਹਾਂ ਨੂੰ ਜ਼ਰੂਰ ਮਿਲਦੇ ਸਨ। ਅੰਮ੍ਰਿਤਾ ਪ੍ਰੀਤਮ ਜਦੋਂ ਬੀਮਾਰ ਸਨ; ਪਾਕਿਸਤਾਨ ਦੇ ਲੇਖਕ ਅਕਸਰ ਵਾਰਿਸ ਸ਼ਾਹ, ਸੁਲਤਾਨ ਬਾਹੂ ਤੇ ਸ਼ਾਹ ਹੁਸੈਨ ਦੇ ਮਜ਼ਾਰਾਂ ਤੋਂ ਚਾਦਰਾਂ ਲੈ ਕੇ ਆਉਂਦੇ ਹੁੰਦੇ ਸਨ। ਇਲਿਆਸ ਘੁੰਮਣ ਵੱਲੋਂ ਲਿਆਂਦੀ ਅਜਿਹੀ ਇੱਕ ਚਾਦਰ 'ਤੇ ਲਿਖਿਆ ਹੋਇਆ ਸੀ - 'ਤੁਸੀਂ ਹੀ ਹੋ ਵਾਰਿਸ ਸ਼ਾਹ ਦੇ ਅਸਲੀ ਵਾਰਿਸ।'

ਦੋਵੇਂ ਪਾਸਿਆਂ ਦੇ ਬਹੁਤ ਸਾਰੇ ਲੋਕ ਹਾਲੇ ਵੀ ਚੜ੍ਹਦੇ ਤੇ ਲਹਿੰਦੇ ਦੋਵੇਂ ਪੰਜਾਬਾਂ ਦੇ ਸਾਂਝੇ ਸਭਿਆਚਾਰ ਨੂੰ ਮੁੜ-ਸੁਰਜੀਤ ਕਰ ਸਕਦਾ ਹੈ। ਸਿੱਖਸ ਫਾਰ ਜਸਟਿਸ ਨੇ ਰੈਲੀ ਵੀ ਕਰ ਲਈ ਹੈ ਅਤੇ ਆਪਣੀ ਆਵਾਜ਼ ਵੀ ਕੌਮਾਂਤਰੀ ਪੱਧਰ ਉਤੇ ਪਹੁੰਚਾ ਦਿੱਤੀ ਹੈ।

ਪੰਜਾਬ ਵਿੱਚ ਪਹਿਲਾਂ ਹੀ ਬਹੁਤ ਸਾਰੇ ਨੌਜਵਾਨ ਸਿੱਖਸ ਫਾਰ ਜਸਟਿਸ ਦੀ ਸੋਚ 'ਤੇ ਪਹਿਰਾ ਦੇ ਰਹੇ ਹਨ। ਇਹੀ ਕਾਰਨ ਹੈ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਅੰਦਰ ਕਈ ਗਰਮ ਖਿਆਲੀ ਨੌਜਵਾਨਾਂ ਨੇ 'ਰੈਫਰੰਡਮ-2020' ਬਾਰੇ ਹੋਰਡਿੰਗ ਵੀ ਲਗਾਏ ਸਨ। ਇਨ੍ਹਾਂ ਨੌਜਵਾਨਾਂ ਨੂੰ ਪੰਜਾਬ ਪੁਲਿਸ ਨੇ ਗ੍ਰਿਫਤਾਰ ਵੀ ਕਰ ਲਿਆ ਸੀ ਅਤੇ ਹੋਰਡਿੰਗਾਂ ਨੂੰ ਉਤਾਰ ਵੀ ਦਿੱਤਾ ਸੀ। ਲੰਡਨ ਐਲਾਨਨਾਮੇ ਤੋਂ ਬਾਅਦ ਸਿੱਖਸ ਫਾਰ ਜਸਟਿਸ ਦੁਆਰਾ ਸਰਗਰਮੀਆਂ ਤੇਜ਼ ਕੀਤੇ ਜਾਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਭਾਵੇਂ ਇਹ ਜਥੇਬੰਦੀ ਸਰਗਰਮ ਤਾਂ ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਵਿੱਚ ਹੈ ਪਰ ਗੁਰਪਤਵੰਤ ਸਿੰਘ ਪੰਨੂ ਨੂੰ ਵੀ ਇਸ ਗੱਲ ਦਾ ਅਹਿਸਾਸ ਹੈ ਕਿ ਜਦੋਂ ਤੱਕ ਪੰਜਾਬ ਦੇ ਸਿੱਖ ਨੌਜਵਾਨਾਂ ਤੱਕ ਉਸ ਦੀ ਪਹੁੰਚ ਨਹੀਂ ਬਣਦੀ ਉਦੋਂ ਤੱਕ ਉਸ ਦੇ ਯਤਨਾਂ ਨੂੰ ਬੂਰ ਨਹੀਂ ਪੈ ਸਕੇਗਾ। ਇਸ ਦੇ ਲਈ ਸਿੱਖਸ ਫਾਰ ਜਸਟਿਸ ਨੂੰ ਪਾਕਿਸਤਾਨ ਦਾ ਸਹਾਰਾ ਵੀ ਲੈਣਾ ਪੈ ਸਕਦਾ ਹੈ।

ਭਾਰਤ ਲਈ ਚਿੰਤਾ ਦੀ ਗੱਲ ਇਹ ਵੀ ਹੈ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਕਈ ਹਿੰਸਕ ਘਟਨਾਵਾਂ ਅਜਿਹੀਆਂ ਵੀ ਹੋਈਆਂ ਹਨ ਜਿਨ੍ਹਾਂ ਦੇ ਤਾਰ ਵਿਦੇਸ਼ਾਂ ਵਿੱਚ ਜਾ ਕੇ ਮਿਲਦੇ ਹਨ। ਇਨ੍ਹਾਂ ਸਰਗਰਮੀਆਂ ਦਾ ਕੇਂਦਰ ਵੀ ਬਰਤਾਨੀਆ ਬਣਦਾ ਜਾ ਰਿਹਾ ਹੈ। ਇਥੋਂ ਹੀ ਜਗਤਾਰ ਸਿੰਘ ਜੌਹਲ ਨੇ ਆ ਕੇ ਪੰਜਾਬ ਵਿੱਚ ਹਿੰਸਕ ਘਟਨਾਵਾਂ ਨੂੰ ਅੰਜ਼ਾਮ ਦਿੱਤਾ ਸੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਰਾਇਸ਼ੁਮਾਰੀ-2020 ਦੀ ਕੋਈ ਵੁੱਕਤ ਨਹੀਂ ਅਤੇ ਸਰਕਾਰ ਖਾਲਿਸਤਾਨੀਆਂ ਨਾਲ ਨਿਪਟਣ ਲਈ ਪੂਰੀ ਤਰ੍ਹਾਂ ਤਿਆਰ ਹੈ। ਪੰਜਾਬ ਪੁਲਿਸ ਭਾਵੇਂ ਪੂਰੀ ਤਰ੍ਹਾਂ ਚੌਕਸ ਹੋਵੇ ਪਰ ਇਹ ਜੋ ਘਟਨਾਕ੍ਰਮ ਚੱਲ ਰਹੇ ਹਨ, ਉਹ ਨਿਸ਼ਚਿਤ ਰੂਪ ਵਿੱਚ ਪੰਜਾਬ ਨੂੰ ਪ੍ਰਭਾਵਿਤ ਕਰ ਸਕਦੇ ਹਨ। ਸਮੇਂ-ਸਮੇਂ 'ਤੇ ਕੁਝ ਖਾਲਿਸਤਾਨੀ ਤੱਤ ਸਰਗਰਮ ਹੁੰਦੇ ਰਹੇ ਹਨ ਅਤੇ ਲੰਡਨ ਐਲਾਨਨਾਮਾ ਉਨ੍ਹਾਂ ਨੂੰ ਹੋਰ ਉਤਸ਼ਾਹਿਤ ਕਰ ਸਕਦਾ ਹੈ।

# ਪੰਜਾਬ ਵਿਚੋਂ ਨੌਜਵਾਨਾਂ ਦਾ ਪਰਵਾਸ ਅਤੇ ਚੰਗੇ ਰੁਜ਼ਗਾਰ ਦੇ ਖ਼ਾਤਮੇ ਦਾ ਮਸਲਾ



ਪੰਜਾਬ ਦੇ ਅਕਾਦਿਮ ਹਲਕਿਆਂ ਵਿਚ ਇਹ ਗੱਲ ਚਰਚਾਦਾ ਵਿਸ਼ਾ ਹੈ ਕਿ ਇਸ ਸਾਲ ਕਾਲਜਾਂ ਅਤੇ ਯੂਨੀਵਰਸਟੀਆਂ ਵਿਚ ਪਿਛਲੇ ਸਾਲ ਦੀ ਤਰ੍ਹਾਂ ਹੀ ਦਾਖ਼ਲਿਆਂ ਵਿਚ ਭਾਰੀ ਕਮੀ ਆਈ ਹੈ। ਬਹੁਤ ਸਾਰੇ ਕਾਲਜਾਂ ਵਿਚ ਹੁਣ ਤਕ ਦਾਖ਼ਿਲ ਹੋਏ ਵਿਦਿਆਰਥੀਆਂ ਦੀ ਗਿਣਤੀ ਏਨੀ ਨਿਗੂਣੀ ਹੈ ਕਿ ਉਨ੍ਹਾਂ ਦਾ ਭਵਿੱਖ ਵਿਚ ਬੰਦ ਹੋਣਾ ਤੈਅ ਹੈ। ਇਹ ਗੱਲ ਸਿਰਫ਼ ਸਧਾਰਣ ਡਿਗਰੀ ਕਾਲਜਾਂ ਬਾਰੇ ਹੀ ਸੱਚ ਨਹੀਂ ਸਗੋਂ ਪ੍ਰੋਫ਼ੈਸ਼ਨਲ ਕਾਲਜਾਂ ਬਾਰੇ ਵੀ ਸੱਚ ਹੈ ਜਿੱਥੇ ਇੰਜਨੀਅਰਿੰਗ, ਮੈਡੀਕਲ, ਮੈਨੇਜਮੈਂਟ ਅਤੇ ਪ੍ਰੋਫ਼ੈਸ਼ਨਕ ਕਮਰਸ ਵਰਗੇ ਵਿਸ਼ੇ ਪੜ੍ਹਾਏ ਜਾਂਦੇ ਹਨ। ਇਨ੍ਹਾਂ ਕਾਲਜਾਂ ਵਿਚ ਅਸਥਾਈ ਤੌਰ ਉੱਤੇ ਜਾਂ ਠੇਕੇ ਉੱਤੇ ਕੰਮ ਕਰ ਰਹੇ ਅਧਿਆਪਕਾਂ ਉੱਤੇ ਛਾਂਟੀ ਦੀ ਤਲਵਾਰ ਲਟਕ ਗਈ ਹੈ ਅਤੇ ਬਹੁਤ ਸਾਰੇ ਕਾਲਜਾਂ ਵਿਚ ਸਾਲ ਦਰ ਸਾਲ ਨੌਕਰੀ ਉੱਤੇ ਰੱਖੇ ਜਾਂਦੇ ਬਹੁਤ ਸਾਰੇ ਅਧਿਆਪਕਾਂ ਨੂੰ ਜਵਾਬ ਮਿਲ ਗਿਆ ਹੈ। ਇਸ ਵਰਤਾਰੇ ਦਾ ਫ਼ੌਰੀ ਤੌਰ ਉੱਤੇ ਕਾਰਣ ਇਹ ਹੈ ਕਿ ਇਨ੍ਹਾਂ ਕਾਲਜਾਂ ਵਿਚ ਚੱਲਦੇ ਵੱਖ ਵੱਖ ਕੋਰਸਾਂ ਵਿਚ ਦਾਖ਼ਿਲ ਹੋਣ ਦੀ ਬਜਾਏ ਪੰਜਾਬ ਦੇ ਨੌਜਵਾਨ ਮੁੰਡੇ ਕੁੜੀਆਂ ਹਜ਼ਾਰਾਂ-ਲੱਖਾਂ ਦੀ ਗਿਣਤੀ ਵਿਚ ਆਈਲਟਸ ਦੇ ਇਮਤਿਹਾਨ ਦੀ ਟਰੇਨਿੰਗ ਦੇਣ ਵਾਲੇ ਸੈਂਟਰਾਂ ਵਿਚ ਦਾਖ਼ਿਲ ਹੋ ਰਹੇ ਹਨ। ਇਸ ਇਮਤਿਹਾਨ ਵਿਚ ਲੋੜੀਂਦੇ ਬੈਂਡ ਆਉਣ ਨਾਲ ਉਨ੍ਹਾਂ ਦੀ ਵਿਦੇਸ਼ ਜਾਣ ਦੀ ਦੂਜੀ ਸ਼ਰਤ ਪੂਰੀ ਹੋ ਜਾਂਦੀ ਹੈ ਜਿਸ ਨਾਲ ਉਹ 12ਵੀਂ (ਪਹਿਲੀ ਸ਼ਰਤ) ਤੋਂ ਬਾਅਦ ਵੱਖ ਵੱਖ ਮੁਲਕਾਂ ਵਿਚ ਵਿਦਿਆਰਥੀ ਵੀਜ਼ੇ 'ਤੇ ਜਾਣ ਦੇ ਕਾਬਿਲ ਹੋ ਜਾਂਦੇ ਹਨ। ਇਸ ਤਰ੍ਹਾਂ ਜ਼ਿਆਦਾਤਰ ਨੌਜਵਾਨ ਵੱਖ ਵੱਖ ਮੁਲਕਾਂ ਵਿਚ ਵਿਦਿਆਰਥੀ ਵੀਜ਼ੇ ਉੱਤੇ ਜਾਂਦੇ ਹਨ ਪਰ ਉਨ੍ਹਾਂ ਦਾ ਮਕਸਦ ਉੱਥੇ ਪੜ੍ਹਾਈ ਕਰਨ ਦੀ ਬਜਾਏ ਕਿਰਤ ਕਮਾਈ ਕਰਨਾ ਅਤੇ ਪੈਸੇ ਕਮਾਉਣਾ ਹੁੰਦਾ ਹੈ। ਇਸ ਤਰ੍ਹਾਂ ਪਿੱਛਲੇ 2-3 ਸਾਲਾਂ ਤੋਂ ਇਹ ਰੁਝਾਨ ਲਗਾਤਾਰ ਵਧ ਰਿਹਾ ਹੈ ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਨੌਜਵਾਨ ਵੱਡੀ ਗਿਣਤੀ ਵਿਚ ਵਿਦੇਸ਼ਾਂ ਵਿਚ ਜਾ ਰਹੇ ਹਨ।

ਪਿਛਲੇ ਸਾਲ ਦੌਰਾਨ ਨੌਜਵਾਨਾਂ ਦੇ ਪਰਵਾਸ ਬਾਰੇ ਮੌਜੂਦ ਅੰਦਾਜ਼ਿਆਂ ਮੁਤਾਬਿਕ 1 ਲੱਖ ਨੌਜਵਾਨ/ਵਿਦਿਆਰਥੀ ਵਿਦੇਸ਼ਾਂ ਵਿਚ ਵਿਦਿਆਰਥੀ ਵੀਜ਼ਿਆਂ ਉੱਤੇ ਗਿਆ ਹੈ। ਸਾਡੇ ਵਿਦਿਆਰਥੀ ਮੁੱਖ ਤੌਰ 'ਤੇ ਕੈਨੇਡਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚ ਖੁੱਲ੍ਹੀਆਂ ਅਨੇਕਾਂ ਯੂਨੀਵਰਸਿਟੀਆਂ ਵਿਚ ਅਨੇਕਾਂ ਕੋਰਸਾਂ ਵਿਚ ਦਾਖ਼ਲ ਹੁੰਦੇ ਹਨ। ਇਸ ਤੋਂ ਇਲਾਵਾ ਕੁਝ ਨੌਜਵਾਨ ਅਮਰੀਕਾ, ਇੰਗਲੈਂਡ ਅਤੇ ਯੂਰਪੀ ਮੁਲਕਾਂ ਵਿਚ ਵੀ ਜਾਂਦੇ ਹਨ ਪਰ ਉਨ੍ਹਾਂ ਦੀ ਗਿਣਤੀ ਕੋਈ ਬਹੁਤੀ ਜ਼ਿਆਦਾ ਨਹੀਂ ਹੈ। ਕੈਨੇਡਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚ ਬਹੁਤ ਸਾਰੀਆਂ ਅਜਿਹੇ ਵਿੱਦਿਅਕ ਸੰਸਥਾਨ ਖੁੱਲ੍ਹੇ ਹੋਏ ਹਨ ਜਿਨ੍ਹਾਂ ਦਾ ਮਕਸਦ ਏਸ਼ੀਆਈ-ਅਫ਼ਰੀਕੀ ਮੁਲਕਾਂ ਦੀ ਇਨ੍ਹਾਂ ਦੇਸ਼ਾਂ ਵਿਚ ਵੱਸਣ ਦੀ ਚਾਹਤ ਨੂੰ ਪੂਰਾ ਕਰਨਾ ਹੈ, ਇਸ ਲਈ ਉਨ੍ਹਾਂ ਕੋਲ ਨਾ ਪੜ੍ਹਾਈ ਕਰਵਾਉਣ ਲਈ ਲੋੜੀਂਦਾ ਇਨਫ਼ਰਾਸਟ੍ਰਕਚਰ ਹੈ ਅਤੇ ਨਾ ਹੀ ਕੋਈ ਸਥਾਈ ਅਧਿਆਪਨ ਅਮਲਾ ਹੈ। ਉਹ ਵੀ ਭਾਰਤ ਵਿਚ ਡਿਗਰੀਆਂ ਦੇਣ ਲਈ ਖੁੱਲ੍ਹੀਆਂ ਦੁਕਾਨਨੁਮਾ ਯੂਨੀਵਰਸਟੀਆਂ ਵਾਂਗ ਹੀ ਕੰਮ ਚਲਾਉਂਦੇ ਹਨ। ਪਰ ਇਸ ਸਭ ਨਾਲ ਉਹ ਆਪਣੇ ਮੁਲਕ ਨੂੰ ਚੰਗਾ ਸਰਮਾਇਆ ਕਾਮ ਕੇ ਦਿੰਦੇ ਹਨ ਅਤੇ ਸਸਤੀ ਕਿਰਤ ਸ਼ਕਤੀ ਮੁਹੱਈਆ ਕਰਵਾਉਣ ਵਿਚ ਮੱਦਦਗਾਰ ਹੁੰਦੇ ਹਨ।

ਪੰਜਾਬ ਇਸ ਸਮੇਂ ਇਨ੍ਹਾਂ ਵਿਕਸਿਤ ਮੁਲਕਾਂ ਨੂੰ ਸਸਤੀ ਕਿਰਤ ਸ਼ਕਤੀ ਮੁਹੱਈਆ ਕਰਵਾਉਣ ਵਾਲਾ ਮੁੱਖ ਸੂਬਾ ਬਣ ਗਿਆ ਹੈ। ਰੋਚਕ ਗੱਲ ਇਹ ਵੀ ਹੈ ਕਿ ਪੰਜਾਬ ਦੇ ਪ੍ਰੋਫ਼ੈਸ਼ਨਲ ਕਾਲਜਾਂ ਵਿਚ ਭਾਂਤ ਭਾਂਤ ਦੀਆਂ ਡਿਗਰੀਆਂ ਕਰਨ ਵਾਲੇ ਵਿਦਿਆਰਥੀਆਂ ਕੋਲ ਡਿਗਰੀਆਂ ਤਾਂ ਹੁੰਦੀਆਂ ਹਨ ਪਰ ਉਹ ਪ੍ਰੋਫ਼ੈਸ਼ਨਲ ਯੋਗਤਾ ਤੋਂ ਸੱਖਣੇ ਹੋਣ ਕਰਕੇ ਉਨ੍ਹਾਂ ਪ੍ਰੋਫ਼ੈਸ਼ਨਾਂ ਵਿਚ ਨੌਕਰੀ ਕਰਨ ਦੇ ਯੋਗ ਨਹੀਂ ਹੁੰਦੇ। ਇਹ ਵਿਦਿਆਰਥੀ ਵੀ ਵੱਡੀ ਗਿਣਤੀ ਵਿਚ ਵਿਦੇਸ਼ਾਂ ਵਿਚ ਜਾਂਦੇ ਹਨ। ਇਸ ਤਰ੍ਹਾਂ ਇਹ ਡਿਗਰੀ ਧਾਰੀ ਨੌਜਵਾਨ ਵਿਦੇਸ਼ਾਂ ਵਿਚ ਮਜਦੂਰਾਂ ਦੀ ਮੰਗ ਪੂਰੀ ਕਰਦੇ ਹਨ।

ਇਨ੍ਹਾਂ ਦੇਸ਼ਾਂ ਵਿਚ ਵੱਖ ਵੱਖ ਕੋਰਸਾਂ ਵਿਚ ਦਰਜਾ-ਬਾ-ਦਰਜਾ 12 ਲੱਖ ਤੋਂ 30-35 ਲੱਖ ਰੁਪਏ ਦਾ ਮੁੱਢਲਾ ਖ਼ਰਚਾ ਆਉਂਦਾ ਹੈ। ਕਈ ਕੋਰਸਾਂ ਵਿਚ 40 ਤੋਂ 50 ਲੱਖ ਰੁਪਏ ਫ਼ੀਸ ਵੀ ਹੈ। ਇਸ ਹਿਸਾਬ ਨਾਲ ਪ੍ਰਤਿ ਵਿਦਿਆਰਥੀ ਪਹਿਲੀ ਵਾਰ ਔਸਤਨ 16 ਲੱਖ ਰੁਪਏ ਵੀ ਸਾਡੇ ਪੰਜਾਬੀਆਂ ਵਿਦਿਆਰਥੀਆਂ ਨਾਲ ਵਿਦੇਸ਼ਾਂ ਵਿਚ ਚਲੇ ਜਾਂਦੇ ਹਨ। ਇਸ ਦਾ ਮਤਲਬ ਇੱਕ ਸਾਲ ਵਿਚ ਹੀ ਪੰਜਾਬ ਦਾ 16 ਹਜ਼ਾਰ ਕਰੋੜ ਰੁਪਿਆ ਇਨ੍ਹਾਂ ਰਾਹੀਂ ਬਾਹਰ ਚਲਾ ਗਿਆ। ( ਅੰਗਰੇਜ਼ੀ ਟ੍ਰਿਬਿਊਨ ਦੀ ਰਿਪੋਰਟ ਮੁਤਾਬਿਕ 67 ਹਜ਼ਾਰ ਕਰੋੜ ਰੁਪਿਆ) ਇਸ ਤੋਂ ਪਿਛਲੇ ਸਾਲ ਦਾ ਅਨੁਮਾਨ 70 ਹਜ਼ਾਰ ਕਰੋੜ ਰੁਪਿਆ ਸੀ। ਇਸ ਤੋਂ ਇਲਾਵਾ ਹਰ ਸਾਲ ਪ੍ਰਤਿ ਵਿਦਿਆਰਥੀ ਹੋਰ ਵੀ ਲੱਖਾਂ ਰੁਪਏ ਬਾਹਰ ਜਾਂਦੇ ਹਨ। ਇਸ ਨਾਲ ਪੰਜਾਬ ਦੀ ਬੌਧਿਕਤਾ, ਕਿਰਤ ਸ਼ਕਤੀ ਅਤੇ ਸਰਮਾਏ ਦਾ ਵੱਡੀ ਪੱਧਰ 'ਤੇ ਵਿਦੇਸ਼ਾਂ ਨੂੰ ਨਿਕਾਸ ਹੋ ਰਿਹਾ ਹੈ। ਇਸ ਨਾਲ ਪੰਜਾਬ ਦੇ ਹੋਰ ਬਹੁਤ ਸਾਰੇ ਛੋਟੇ ਵੱਡੇ ਕਾਰੋਬਾਰ ਵੀ ਪ੍ਰਭਾਵਿਤ ਹੋ ਰਹੇ ਹਨ। ਪਰਵਾਸ ਦੇ ਪੱਖ ਵਿਚ ਦਲੀਲ ਇਹ ਵੀ ਦਿੱਤੀ ਜਾਂਦੀ ਹੈ ਕਿ ਪੰਜਾਬ ਵਿਚ ਵਿਦੇਸ਼ਾਂ ਤੋਂ ਪੈਸਾ ਆਉਂਦਾ ਵੀ ਹੈ, ਇਸ ਲਈ ਇਹ ਪੰਜਾਬ ਦੀ ਆਰਥਿਕਤਾ ਲਈ ਘਾਟੇਵੰਦਾ ਸੌਦਾ ਨਹੀਂ ਹੈ। ਉਪਲਬਧ ਜਾਣਕਾਰੀਆਂ ਅਨੁਸਾਰ 90 ਹਜ਼ਾਰ ਕਰੋੜ ਰੁਪਏ ਹਰ ਸਾਲ ਵਿਦੇਸ਼ਾਂ ਵਿਚੋਂ ਪੰਜਾਬ/ ਭਾਰਤ ਆਉਂਦਾ ਹੈ। ਪਹਿਲੀ ਗੱਲ ਤਾਂ ਇਹ ਉਹ ਪੈਸਾ ਹੈ ਜੋ ਜ਼ਿਆਦਾਤਰ ਚਿਰ-ਸਥਾਪਿਤ ਪਰਵਾਸੀਆਂ ਵੱਲੋਂ ਦੇਰ ਤੋਂ ਭੇਜਿਆ ਜਾ ਰਿਹਾ ਹੈ ਜਿਹੜੇ ਆਪਣੇ ਸਕੇ-ਸੰਬੰਧੀਆਂ ਨੂੰ ਜਾਂ ਦਾਨ-ਪੁੰਨ ਦੇ ਕਾਰਜਾਂ 'ਤੇ ਖ਼ਰਚ ਕਰਨ ਲਈ ਅਤੇ ਵਿੱਦਿਅਕ ਸੰਸਥਾਵਾਂ ਜਾਂ ਹਸਪਤਾਲਾਂ ਉੱਤੇ ਖ਼ਰਚ ਕਰਨ ਲਈ ਭੇਜਦੇ ਹਨ। ਵਿਦਿਆਰਥੀ ਵੀਜ਼ੇ ਉੱਤੇ ਜਾਣ ਵਾਲੇ ਨੌਜਵਾਨਾਂ ਦੇ ਪ੍ਰਵਾਸ ਕਾਰਣ ਇਸ ਪੈਸੇ ਦਾ ਪੰਜਾਬ ਦੀ ਕੁਲ ਆਰਥਿਕਤਾ ਉੱਤੇ ਸਾਕਾਰਤਮਕ ਪ੍ਰਭਾਵ ਦਿਨੋ ਦਿਨੀ ਘਟ ਰਿਹਾ ਹੈ। ਇਹ ਵੀ ਧਿਆਨ ਵਿਚ ਰੱਖਣ ਵਾਲਾ ਤੱਥ ਹੈ ਕਿ ਬਾਹਰ ਭੇਜੇ ਜਾ ਰਹੇ ਸਰਮਾਏ ਦਾ ਬਹੁਤ ਸਾਰਾ ਹਿੱਸਾ ਕਾਨੂੰਨੀ ਤੌਰ 'ਤੇ ਰਿਕਾਰਡ ਕਰਨਯੋਗ ਤਰੀਕਿਆਂ ਤੋਂ ਬਿਨਾ ਵੀ ਬਾਹਰ ਜਾ ਰਿਹਾ ਹੈ। ਜਾਇਦਾਦਾਂ ਦੀ ਵੇਚ-ਵੱਟ ਅਤੇ ਲੋਕਾਂ ਦੀ ਕੁਲ ਜਮ੍ਹਾਂ ਪੂੰਜੀ ਦਾ ਬਹੁਤ ਸਾਰਾ ਹਿੱਸਾ ਹਵਾਲੇ ਦੇ ਮਾਧਿਅਮ ਰਾਹੀਂ ਵੀ ਬਾਹਰ ਜਾਂਦਾ ਹੈ ਜੋ ਇਨ੍ਹਾਂ ਅੰਕੜਿਆਂ ਵਿਚ ਗਿਣਿਆਂ ਨਹੀਂ ਜਾਂਦਾ। ਇਸ ਲਈ ਪੰਜਾਬ ਤੋਂ ਵਿਦੇਸ਼ਾਂ ਵੱਲ ਨਿਕਾਸ ਕਰ ਰਹੇ ਸਰਮਾਏ ਦੀ ਮਿਕਦਾਰ ਅਸਲ ਵਿਚ ਬਹੁਤ ਜ਼ਿਆਦਾ ਹੈ। ਅਰਥਸ਼ਾਸਤਰੀ ਵਧੇਰੇ ਅੰਕੜਿਆਂ ਨਾਲ ਦੱਸ ਸਕਦੇ ਹਨ ਕਿ ਜਦੋਂ ਕਿਸੇ ਖਿੱਤੇ ਦਾ ਕਰੋੜਾਂ ਰੁਪਏ ਆਏ ਸਾਲ ਉੱਡ ਜਾਂਦਾ ਹੈ ਤਾਂ ਉਸ ਖਿੱਤੇ ਦੀ ਆਰਥਿਕਤਾ ਬਰਬਾਦੀ ਵੱਲ ਯਾਤਰਾ ਸ਼ੁਰੂ ਕਰ ਲੈਂਦੀ ਹੈ ਜਿਸ ਦਾ ਖ਼ਮਿਆਜ਼ਾ ਸਮਾਜ ਦੇ ਸਭ ਵਰਗਾਂ ਨੂੰ ਭੁਗਤਣਾਂ ਪੈਂਦਾ ਹੈ। ਪੰਜਾਬ ਵਿਚ ਨੌਜਵਾਨਾਂ ਦੇ ਪੰਜਾਬ ਦੇ ਸਰਮਾਏ ਦੇ ਬਾਹਰ ਜਾਣ ਨਾਲ ਬਹੁਤ ਸਾਰੇ ਛੋਟੇ ਵੱਡੇ ਕਾਰੋਬਾਰ ਵੀ ਪ੍ਰਭਾਵਿਤ ਹੋ ਰਹੇ ਹਨ। ਪੰਜਾਬ ਦੀਆਂ ਕਿਤਾਬਾਂ-ਕਾਪੀਆਂ ਦੀਆਂ ਦੁਕਾਨਾਂ ਤੋਂ ਲੈ ਕੇ ਚਾਹ-ਸਮੋਸੇ ਵੇਚਣ ਵਾਲਿਆਂ ਦਾ ਕਾਰੋਬਾਰ ਨਿਘਾਰ ਵੱਲ ਜਾ ਰਿਹਾ ਹੈ। ਪੰਜਾਬ ਵਿਚ ਵਿਆਪਕ ਪੱਧਰ 'ਤੇ ਗਰੀਬੀ ਅਤੇ ਭੁੱਖਮਰੀ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧ ਰਹੀਆਂ ਹਨ। ਇਸ ਸਭ ਨੇ ਪੰਜਾਬ ਦੀ ਸਮੁੱਚੀ ਆਰਥਿਕਤਾ ਨੂੰ ਜਲਦੀ ਹੀ ਆਪਣੀ ਜਕੜ ਵਿਚ ਲੈ ਲੈਣਾ ਹੈ ਕਿ ਇਸ ਵਿਚ ਬਾਹਰ ਨਿੱਕਲਣਾ ਬਹੁਤ ਮੁਸ਼ਕਿਲ ਹੋ ਜਾਵੇਗਾ। ਇਸ ਸਭ ਦੇ ਚੱਲਦਿਆਂ ਇਹ ਵੀ ਹੋਣਾ ਹੈ ਕਿ ਜਿਹੜੇ ਬਾਹਰ ਨਹੀਂ ਜਾ ਸਕਦੇ ਪਰ ਉਂਝ ਲਾਇਕ ਅਤੇ ਸਮਰੱਥ ਹਨ, ਉਹ ਭਾਰਤ ਦੇ ਹੋਰ ਸੂਬਿਆਂ ਵਿਚ ਜਾਣ ਲਈ ਮਜਬੂਰ ਹੋਣ ਗੇ ਅਤੇ ਪੰਜਾਬ ਦਾ ਬੌਧਿਕ ਅਤੇ ਵਿੱਤੀ ਦਿਵਾਲਾ ਨਿੱਕਲ ਜਾਵੇਗਾ। ਇਨ੍ਹਾਂ ਸਾਰੇ ਤੱਥਾਂ ਨੂੰ ਜੋੜ ਕੇ ਦੇਖੀਏ ਤਾਂ ਇਸ ਦਾ ਸਿੱਟਾ ਇਹ ਨਿੱਕਲੇਗਾ ਕਿ ਪੰਜਾਬ ਵਿਚੋਂ ਥੋੜ੍ਹੇ ਬਹੁਤ ਸਰੋਤਾਂ ਵਾਲਾ ਬੰਦਾ ਆਪਣੀ ਮੌਜੂਦਾ ਧੰਨ-ਸੰਪਤੀ ਸਮੇਤ ਵਿਦੇਸ਼ਾਂ ਵਿਚ ਚਲੇ ਜਾਵੇਗਾ, ਪੰਜਾਬ ਵਿਚ ਲਿਆਕਤ ਅਤੇ ਸਮਰੱਥਾ ਵਾਲਾ ਬੰਦਾ ਪੰਜਾਬ ਤੋਂ ਬਾਹਰ ਹੋਰ ਸੂਬਿਆਂ ਵਿਚ ਮੁਕਾਬਲਤਾ ਵਧੇਰੇ ਰੁਜਗਾਰ ਦੇ ਮੌਕਿਆਂ ਅਤੇ ਵਧੇਰੇ ਤਨਖ਼ਾਹਾਂ ਕਰਕੇ ਪੰਜਾਬ ਤੋਂ ਬਾਹਰ ਪਰ ਭਾਰਤ ਦੇ ਅੰਦਰ ਅੰਦਰ ਪਰਵਾਸ ਕਰ ਜਾਵੇਗਾ ਅਤੇ ਬਾਕੀ ਬਚੇ ਲੋਕ ਜਿਹੜੇ ਇਹ ਨਹੀਂ ਕਰ ਪਾਉਣਗੇ ਉਹ ਹੀ ਸਿਰਫ਼ ਪੰਜਾਬ ਵਿਚ ਵੱਸਣਗੇ। ਪਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਪੰਜਾਬ ਉਨ੍ਹਾਂ ਲਈ ਇਹ ਜੀਣ ਦੀ ਥਾਂ ਬਣਿਆ ਰਹਿ ਸਕੇਗਾ ਕਿ ਮਰਨ ਦੀ ਥਾਂ ਬਣ ਜਾਵੇਗਾ। (ਭਗਵਾਨ ਜੋਸ਼ ਨੇ ਪੰਜਾਬੀ ਸਾਹਿਤਕ ਰਸਾਲੇ 'ਹੁਣ' ਵਿਚ ਛਲੇ ਆਪਣੇ ਇਕ ਆਲੇਖ ਵਿਚ ਇਹ ਵੀ ਲਿਖਿਆ ਸੀ ਕਿ ਪੰਜਾਬ ਅੱਜਕੱਲ੍ਹ ਜਿਉਣ ਦੀ ਥਾਂ ਨਹੀਂ ਮਰਨ ਦੀ ਥਾਂ ਬਣ ਗਿਆ ਹੈ) ਇਹ ਪੰਜਾਬ ਦੇ ਲੋਕਾਂ ਨਾਲ ਸਰਾਸਰ ਧੋਖਾ ਹੈ। ਇਹ ਪੰਜਾਬ ਨੂੰ ਬਰਬਾਦ ਕਰਨ ਅਤੇ ਦਰ ਦਰ ਦਾ ਭਿਖਾਰੀ ਬਣਾਉਣ ਦੀ ਸਾਜਿਸ਼ ਹੈ। ਇਹ ਸਬੂਤ ਹੈ ਇਸ ਗੱਲ ਦਾ ਕਿ ਪੰਜਾਬ ਦੀ ਰਾਜਨੀਤੀ ਵਿਚ ਭਾਈਵਾਲ ਧਿਰਾਂ ਪੰਜਾਬ ਅਤੇ ਪੰਜਾਬੀਆਂ ਦੀਆਂ ਕੁੱਝ ਨਹੀਂ ਲੱਗਦੀਆ ਕਿਉਂਕਿ ਇਨ੍ਹਾਂ ਮਸਲਿਆਂ ਬਾਰੇ ਇਨ੍ਹਾਂ ਦੀ ਪਹੁੰਚ/ਨੀਤੀ ਵਿਚ ਏਕਤਾ ਹੈ। ਪਿੱਛਲੀ ਕਾਂਗਰਸ ਸਰਕਾਰ ਨੇ ਪੰਜਾਬ ਵਿਚ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਦੀਆਂ ਗਰਾਂਟਾਂ ਉੱਤੇ ਕੱਟ ਲਾਉਣੇ ਸ਼ੁਰੂ ਕੀਤੇ ਗਏ ਸਨ ਅਤੇ ਉੱਥੇ 95%ਗਰਾਂਟ ਇਨ ਏਡ ਦੀਆਂ ਪੋਸਟਾਂ ਭਰਨ ਉੱਤੇ ਪਾਬੰਦੀ ਲਗਾ ਦਿੱਤੀ ਸੀ। ਇਸ ਤੋਂ ਬਾਅਦ ਅਕਾਲੀ ਸਰਕਾਰ ਨੇ ਪੰਜਾਬ ਦੀਆਂ ਸਾਰੀਆਂ ਸਰਕਾਰੀ ਨੌਕਰੀਆਂ ਉੱਤੇ ਠੇਕੇ 'ਤੇ ਭਰਤੀ ਕਰਨ ਦਾ ਸਿਸਟਮ ਬਣਾ ਕਿ ਇਸ ਨੂੰ ਵਿਧਾਨ ਸਭਾ ਵਿਚ ਪਾਸ ਕਰਵਾ ਕੇ ਪੜ੍ਹੇ ਲਿਖੇ ਨੌਜਵਾਨਾਂ ਦਾ ਵਧੀਆ ਰੁਜਗਾਰ ਦੇ ਸੁਪਨੇ ਨੂੰ ਖੇਰੂੰ ਖੇਰੂੰ ਕਰਨ ਦਾ ਵਿਧਾਨਕ ਤਰੀਕਾ ਅਪਣਾ ਲਿਆ ਸੀ। ਸਾਰੇ ਤੱਥਾਂ ਨੂੰ ਆਪਸ ਵਿਚ ਜੋੜ ਕੇ ਸਮਝ ਵਿਚ ਆ ਜਾਂਦਾ ਹੈ ਕਿ ਇਸ ਠੇਕੇਦਾਰੀ ਪ੍ਰਣਾਲੀ ਰਾਹੀਂ ਪੰਜਾਬ ਵਿਚ ਨਿੱਜੀ (ਪ੍ਰਾਈਵੇਟ) ਕਾਲਜ/ਯੂਨੀਵਰਸਿਟੀਆਂ, ਹਸਪਤਾਲ ਅਤੇ ਹੋਰ ਕੰਪਨੀਆਂ ਚਲਾ ਰਹੇ ਵਪਾਰੀਆਂ/ਧਨਾਢਾਂ ਨੂੰ ਕਰੋੜਾਂ ਰੁਪਏ ਦਾ ਮੁਨਾਫ਼ਾ ਦਿੱਤਾ ਜਾ ਰਿਹਾ ਹੈ। ਇਹ ਉਨ੍ਹਾਂ ਦੀ ਸਹੂਲਤ ਲਈ ਹੀ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਸਰਕਾਰੀ ਪ੍ਰਵਾਣਿਤ ਸਕੇਲਾਂ ਉੱਤੇ ਕਰਮਚਾਰੀ/ਅਧਿਕਾਰੀ ਨਾ ਰੱਖਣੇ ਪੈਣ। ਇਸ ਪ੍ਰਣਾਲੀ ਦੇ ਸ਼ੁਰੂ ਹੋਣ ਤੋਂ ਬਾਅਦ ਪੰਜਾਬ ਵਿਚ ਇਕਦਮ ਨਿੱਜੀ ਕਾਲਜਾਂ/ ਯੂਨੀਵਰਸਿਟੀਆਂ, ਹਸਪਤਾਲਾਂ, ਵਪਾਰਕ ਕੰਪਨੀਆਂ, ਸਰਵਿਸ ਪ੍ਰੋਵਾਈਡਰ ਕੰਪਨੀਆਂ ਦੀ ਗਿਣਤੀ ਵਿਚ ਇਕਦਮ ਵਾਧਾ ਹੋਇਆ ਦੇਖਿਆ ਜਾ ਸਕਦਾ ਹੈ। ਇਹ ਸਾਰੇ ਨਿੱਜੀ ਅਦਾਰੇ ਪੰਜਾਬ ਦੀ ਕਿਰਤ ਸ਼ਕਤੀ, ਬੌਧਕ ਸ਼ਕਤੀ ਅਤੇ ਕੀਮਤੀ ਮਨੁੱਖੀ ਸਰੋਤਾਂ ਦੀ ਲੁੱਟ ਕਰ ਰਹੇ ਹਨ ਅਤੇ ਦਿਨੋਂ ਦਿਨ ਅਮੀਰ ਹੋ ਰਹੇ ਹਨ। ਇਨ੍ਹਾਂ ਦੀ ਤੁਲਨਾਂ ਵਿਚ ਪੰਜਾਬ ਦਿਨੋ ਦਿਨ ਗ਼ਰੀਬ ਅਤੇ ਕੰਗਾਲ ਹੁੰਦਾ ਜਾ ਰਿਹਾ ਹੈ। ਇਸ ਲਈ ਇਹ ਸਭ ਪੰਜਾਬ ਦੇ ਲੋਕਾਂ ਦੀ ਹੋਣੀ ਨੂੰ ਵੇਚ ਵੱਟ ਕੇ ਆਪਣੇ ਘਰ ਭਰਨ ਦੀ ਯੋਜਨਾਬੰਦੀ ਹੈ। ਪੰਜਾਬ ਦਾ ਸਿਆਸਤਦਾਨ ਰਾਜ ਦੇ ਲੋਕਾਂ ਪ੍ਰਤਿ ਆਪਣੀ ਵਿਧਾਨਕ ਅਤੇ ਨੈਤਿਕ ਜ਼ਿੰਮੇਵਾਰੀ ਨਿਭਾਉਣ ਦੀ ਬਜਾਏ ਆਪਣੇ ਨਿੱਜੀ ਹਿੱਤਾਂ ਨਾਲ ਇਸ ਕਦਰ ਜਕੜਿਆ ਹੋਇਆ ਹੈ ਕਿ ਉਸ ਨੂੰ ਇਹ ਵੀ ਸਮਝ ਨਹੀਂ ਆ ਰਿਹਾ ਕਿ ਇਸ ਸਭ ਦੇ ਸਿੱਟੇ ਏਨੇ ਖ਼ਤਰਨਾਕ ਹੋਣਗੇ ਕਿ ਉਨ੍ਹਾਂ ਦੀ ਪੰਜਾਬ ਵਿਚ ਸੁਰੱਖਿਅਤ ਜ਼ਿੰਦਗੀ ਦੀ ਗਾਰੰਟੀ ਨਹੀਂ ਰਹੇਗੀ। ਪੰਜਾਬ ਵਿਚ ਵਧੀਆ ਰੁਜਗਾਰ ਨੂੰ ਖ਼ਤਮ ਕਰਨ ਦੀ ਪ੍ਰਕਿਰਿਆ ਨੂੰ ਠੱਲ੍ਹਣ ਲਈ ਕਾਲਜਾਂ ਦੀਆਂ ਪ੍ਰਬੰਧਕੀ ਕਮੇਟੀਆਂ, ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੀਆਂ ਜੱਥੇਬੰਦੀਆਂ ਦੁਆਰਾ ਅਦਾਲਤ ਵਿਚ ਪਹੁੰਚ ਕੀਤੀ ਗਈ। ਅਦਾਤਲ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਅਤੇ ਪੰਜਾਬ ਸਰਕਾਰ ਵੱਲੋਂ ਹਲਫ਼ਨਾਮਾ ਦੇਣ ਉਪਰੰਤ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਵਿਚ ਫ਼ਰੀਜ਼ ਕੀਤੀਆਂ ਗਈਆਂ 1928 ਪੋਸਟਾਂ ਉੱਤੇ ਪੰਜਾਬ ਸਰਕਾਰ ਨੇ ਮੁੱਢਲੇ ਤੌਰ 'ਤੇ 3 ਸਾਲ ਦੇ ਠੇਕੇ ਉੱਤੇ ਅਧਿਆਪਕਾਂ ਦੀ ਭਰਤੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ। (ਹੁਣ ਭਰਤੀ ਕੀਤੇ ਗਏ ਇਨ੍ਹਾਂ ਅਧਿਆਪਕਾਂ ਦੇ ਤਿੰਨ ਸਾਲ ਪੂਰੇ ਹੋ ਗਏ ਹਨ ਪਰ ਇਨ੍ਹਾਂ ਨੂੰ ਪੱਕੇ ਕਰਨ ਦੀ ਕੋਈ ਨੀਅਤ ਨਜ਼ਰ ਨਹੀਂ ਆ ਰਹੀ। ਪਿਛਲੀਆਂ ਚੋਣਾਂ ਦੌਰਾਨ ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਲਿਖਿਆ ਸੀ ਕਿ ਸਾਰੀਆਂ ਨੌਕਰੀਆਂ ਵਿਚ ਠੇਕੇ ਉੱਤੇ ਭਰਤੀ ਕਰਨ ਦੀ ਪ੍ਰਣਾਲੀ ਖ਼ਤਮ ਕੀਤੀ ਜਾਵੇਗੀ ਅਤੇ ਸਾਰੀਆਂ ਭਰਤੀਆਂ ਪੱਕੇ ਤੌਰ 'ਤੇ ਬਾਕਾਇਦਾ ਤਨਖ਼ਾਹ ਸਕੇਲਾਂ ਵਿਚ ਕੀਤੀਆਂ ਜਾਣਗੀਆਂ। ਇਨ੍ਹਾਂ ਸਤਰਾਂ ਦੇ ਲੇਖਕ ਨੇ ਵੀ ਚੋਣਾਂ ਤੋਂ ਪਹਿਲਾਂ 'ਉਚੇਰੀ ਸਿੱਖਿਆ ਬਚਾਉ ਮੰਚ' ਦਾ ਇੱਕ ਵੱਡਾ ਡੈਲੀਗੇਸ਼ਨ ਲੈ ਕੇ ਕੈਪਟਨ ਅਮਰਿੰਦਰ ਸਿੰਘ ਨਾਲ ਮੀਟਿੰਗ ਕੀਤੀ ਸੀ, ਜਿਸ ਵਿਚ ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਕਾਲਜਾਂ/ਯੂਨੀਵਰਸਿਟੀਆਂ ਵਿਚ ਅਧਿਆਪਕਾਂ ਨੂੰ ਠੇਕੇ ਉੱਤੇ ਰੱਖਣ ਦੀ ਬਜਾਏ ਪੱਕੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ ਅਤੇ ਯੂਨੀਵਰਸਿਟੀਆਂ ਨੂੰ 250-300 ਰੁਪਏ ਦੀਆਂ ਸਾਲਾਨਾਂ ਗਰਾਂਟਾਂ ਦਿੱਤੀਆਂ ਜਾਣਗੀਆਂ ਅਤੇ ਕਾਲਜਾਂ ਵਿਚ ਵਿਦਿਆਰਥੀਆਂ ਦੀ ਮੌਜੂਦਾ ਗਿਣਤੀ ਦੇ ਆਧਾਰ 'ਤੇ ਨਵੀਆਂ ਪੋਸਟਾਂ ਦਿੱਤੀਆਂ ਜਾਗੀਆਂ। ਪਰ ਚੋਣਾਂ ਤੋਂ ਬਾਅਦ ਉਹੀ ਹੋਇਆ ਜੋ ਸਾਰੀਆਂ ਪਾਰਟੀਆਂ ਚੋਣਾਂ ਤੋਂ ਪਹਿਲਾਂ ਕੀਤੇ ਆਪਣੇ ਵਾਅਦਿਆਂ ਦਾ ਕਰਦੀਆਂ ਹਨ। ਮੌਜੂਦਾ ਕਾਂਗਰਸ ਸਰਕਾਰ ਨੇ ਲੱਖਾਂ ਰੁਜਗਾਰ ਦੇਣ ਦੇ ਵਾਅਦੇ ਪ੍ਰਤੀ ਵੀ ਕੋਈ ਬਹੁਤੀ ਤੱਤਪਰਤਾ ਨਹੀਂ ਦਿਖਾਈ ਅਤੇ ਅਕਾਲੀਆਂ ਵੱਲੋਂ ਅਪਣਾਈਆਂ ਗਈਆਂ ਨੀਤੀਆਂ ਨੂੰ ਜਿਉਂ ਦਾ ਤਿਉਂ ਜਾਰੀ ਰੱਖਿਆ ਹੋਇਆ ਹੈ। ਕੀ ਅਸੀਂ ਪੰਜਾਬ ਦੀ ਨਿੱਘਰੀ ਜਾ ਰਹੀ ਹਾਲਤ ਬਾਰੇ ਚਰਚਾ-ਕਚੀਰਾ ਕਰਕੇ, ਰੋ ਧੋ ਕੇ, ਇਵੇਂ ਹੀ ਹੱਥ 'ਤੇ ਹੱਥ ਧਰ ਕੇ ਬੈਠੇ ਰਹਾਂਗੇ ਕਿ ਕੋਈ ਅਜਿਹੀ ਲਹਿਰ ਖੜ੍ਹੀ ਕਰਨ ਦੀ ਚਾਰਾਜੋਈ ਕਰਾਂਗੇ ਕਿ ਪੰਜਾਬ ਦਾ ਨੌਜਵਾਨ ਪੰਜਾਬ ਵਿਚ ਹੀ ਮਾਣਮੱਤੀ ਅਤੇ ਭਰੀਪੂਰੀ ਜ਼ਿੰਦਗੀ ਜਿਉਂ ਸਕੇ ਅਤੇ ਪੰਜਾਬ ਨੂੰ ਹਰ ਪੱਖੋਂ ਕੰਗਾਲ ਹੋਣ ਤੋਂ ਬਚਾਇਆ ਜਾ ਸਕੇ ? ਕਈ ਮੰਨਦੇ ਹਨ ਕਿ ਪੰਜਾਬ ਵਿਚ ਮਰਨ ਨਾਲੋਂ ਤਾਂ ਬਾਹਰ ਜਾਣਾ ਜ਼ਿਆਦਾ ਚੰਗਾ ਹੈ। ਪਰ ਸਵਾਲ ਹੈ ਕਿ ਕੀ ਪੰਜਾਬ ਦੀ ਸਾਰੀ ਵੱਸੋਂ ਵਿਦੇਸ਼ਾਂ ਵਿਚ ਜਾ ਸਕਦੀ ਹੈ ? ਕੀ ਪੰਜਾਬ ਦੀ ਦੁਖਾਂਤਕ ਹੋਣੀ ਦਾ ਹੱਲ ਪਰਵਾਸ ਹੈ ? ਮੇਰੀ ਜਾਚੇ ਪਰਵਾਸ ਇਕ ਹੱਦ ਤਕ ਵਿਅਕਤੀਆਂ ਦੀਆਂ ਸਮੱਸਿਆਂਵਾਂ ਦਾ ਸੀਮਿਤ ਜਿਹਾ ਹੱਲ ਤਾਂ ਹੈ ਪਰ ਇਹ ਪੂਰੀ ਕੌਮ ਦਾ ਰਸਤਾ ਨਹੀਂ ਹੋ ਸਕਦਾ। ਇਹ ਵੀ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਬਹੁਤ ਸਾਰੇ ਮੁਲਕਾਂ ਵਿਚ ਵੱਡੇ ਪੱਧਰ 'ਤੇ ਪਰਵਾਸੀਆਂ ਦੇ ਪਹੁੰਚਣ ਨਾਲ ਬੇਰੁਜਗਾਰੀ ਦੀ ਸਮੱਸਿਆ ਉੱਥੇ ਵੀ ਪੈਦਾ ਹੋ ਰਹੀ ਹੈ ਅਤੇ ਪੰਜਾਬੀਆਂ ਨੂੰ ਉੱਥੇ ਸਥਾਈ ਠਾਹਰ ਮਿਲਣ ਤੋਂ ਬਾਅਦ ਉੱਥੇ ਵੀ ਬੇਰੁਜਗਾਰੀ, ਅਰਧ-ਰੁਜਗਾਰੀ, ਅਲਪ-ਰੁਜਗਾਰੀ ਅਤੇ ਹੀਣ-ਰੁਗਾਰੀ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਹ ਵਰਤਾਰਾ ਦਿਨੋਂ ਦਿਨ ਵਧ ਰਿਹਾ ਹੈ। ਇਸ ਲਈ ਪਰਵਾਸ ਸਾਡੀਆਂ ਸਮੱਸਿਆਵਾਂ ਦਾ ਸਥਾਈ ਅਤੇ ਸਦੀਵੀ ਹੱਲ ਨਹੀਂ ਹੋ ਸਕਦਾ। ਸਾਡੀਆਂ ਸਮੱਸਿਆਵਾਂ ਦਾ ਸਦੀਵੀਂ ਅਤੇ ਸਥਾਈ ਹੱਲ ਪੰਜਾਬ ਵਿਚ ਹੀ ਹੋਣਾ ਹੈ ਅਤੇ ਇਹ ਅਸੀਂ ਕਰਨਾ ਹੈ ਅਤੇ ਇਹ ਸਾਡੇ ਪ੍ਰਤਿਨਿਧ ਸਿਆਸਤਦਾਨਾਂ ਨੇ ਕਰਨਾ ਹੈ ਅਤੇ ਇਹ ਸਾਡੀਆਂ ਸਰਕਾਰਾਂ ਨੇ ਕਰਨਾ ਹੈ। ਪੰਜਾਬ ਦੇ ਲੋਕ ਬੇਰੁਜਗਾਰੀ/ਬੌਧਿਕ ਕੰਗਾਲੀ/ ਨਸ਼ੇਖ਼ੋਰੀ/ਖ਼ੁਦਕਸ਼ੀ/ ਹਿੰਸਾ ਅਤੇ ਜ਼ੁਰਮ ਤੋਂ ਤਾਂ ਬਚ ਸਕਦੇ ਹਨ ਜੇ ਉਨ੍ਹਾਂ ਨੂੰ ਉਤਪਾਦਕੀ-ਸਿਰਜਣਾਤਮਕ ਕੰਮਾਂ ਉੱਤੇ ਲਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਪੰਜਾਬ ਵਿਚ ਹੀ ਮਾਣਯੋਗ ਜ਼ਿੰਦਗੀ ਜਿਉਣ ਦੇ ਕਾਬਿਲ ਬਣਾਉਣ ਲਈ ਉਨ੍ਹਾਂ ਨੂੰ ਕੁਸ਼ਲ ਬਣਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਆਪਣੀ ਕੁਸ਼ਲਤਾ /ਯੋਗਤਾ ਮੁਤਾਬਿਕ ਨੌਕਰੀਆਂ ਦਿੱਤੀਆਂ ਜਾਣਗੀਆਂ ਅਤੇ ਉਨ੍ਹਾਂ ਨੂੰ ਵਾਜਿਬ ਤਨਖ਼ਾਹਾਂ ਉੱਤੇ ਸਥਾਈ ਨਿਯੁਕਤੀਆਂ ਦਿੱਤੀਆਂ ਜਾਣਗੀਆਂ। ਜੇ ਪੰਜਾਬ ਦੇ ਸਿਆਸਤਦਾਨਾਂ, ਬੁਧੀਮਾਨਾਂ ਅਤੇ ਹੋਰ ਸੰਵੇਦਨਸ਼ੀਲ ਲੋਕਾਂ ਨੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਵੱਲ ਪਿੱਠ ਕੀਤੀ ਰੱਖੀ ਤਾਂ ਇਸ ਦੇ ਜੋ ਸਿੱਟੇ ਨਿੱਕਲਣੇ ਉਸ ਦੀ ਕਲਪਨਾ ਵੀ ਦਿਲ ਨੂੰ ਕੰਬਾ ਕੇ ਰੱਖ ਦਿੱਤੀ ਹੈ। ਸਵਾਲਾਂ ਦਾ ਸਵਾਲ ! ਇਹ ਸਭ ਕਿਵੇਂ ਹੋਵੇਗਾ ? ਇਸ ਨਾਲ ਹੀ ਸਾਡੇ ਤੁਹਾਡੇ ਸਾਹਮਣੇ ਇਹ ਸਵਾਲ ਵੀ ਹੈ ਕਿ ਸੰਵੇਦਨਸ਼ੀਲ ਅਤੇ ਵੱਡੇ ਸੁਪਨੇ ਦੇਖਣ ਵਾਲੇ ਪੰਜਾਬੀਓ ! ਅਸੀਂ ਹੋਰ ਬਹੁਤ ਸਾਰੇ ਮਸਲਿਆਂ ਉੱਤੇ ਗਰਮੀ/ ਸਰਗਰਮੀ ਦਿਖਾਉਂਦੇ ਹਾਂ, ਕੀ ਅਸੀਂ ਪੰਜਾਬ ਅਤੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਲਈ ਕੋਈ ਪਹਿਲਕਦਮੀ ਨਹੀਂ ਕਰ ਸਕਦੇ?

**- ਡਾ. ਸੁਰਜੀਤ ਸਿੰਘ**

# ਭਾਰਤ ਦੇ ਅਸਲੀ ਮੁੱਦੇ, ਅਸਲੀ ਚੁਣੌਤੀਆਂ ਅਤੇ ਹਾਕਮਾਂ ਦੀ ਚੁੱਪੀ



ਭਾਰਤੀ ਗਣਤੰਤਰ 'ਚ 2019 'ਚ ਜਨਤਾ ਤੋਂ ਵੋਟ ਮੰਗਣ ਦਾ ਸਮਾਂ ਆ ਗਿਆ ਹੈ। ਹੁਣ ਨੇਤਾਵਾਂ ਦੇ ਪੈਰ ਧਰਤੀ ਉਤੇ ਉਤਰ ਆਉਣਗੇ। ਵੈਸੇ ਤਾਂ ਵੀ ਆਈ ਪੀ ਬਣਕੇ ਉਹ ਲੋਕਾਂ ਤੋਂ ਦੂਰੀ ਬਣਾਕੇ ਰਖਦੇ ਹਨ। ਹੈਰਾਨੀ ਦੀ ਗਲ ਤਾਂ ਇਹ ਹੈ ਕਿ ਜਿਥੇ ਬਰਤਾਨੀਆ 'ਚ 84, ਫਰਾਂਸ 'ਚ 109, ਜਪਾਨ ਵਿਚ 125, ਜਰਮਨੀ 'ਚ 142, ਅਮਰੀਕਾ 'ਚ 252, ਰੂਸ ਵਿਚ 312, ਚੀਨ ਵਿਚ 435 ਵੀ ਆਈ ਪੀ ਹਨ, ਉਥੇ ਭਾਰਤ ਦੇਸ਼ ਮਹਾਨ ਵਿਚ ਵੀ ਆਈ ਪੀ ਲੋਕਾਂ ਦੀ ਗਿਣਤੀ 5,79,092 ਹੈ। ਇਹ ਵੀ ਆਈ ਪੀ ਲੋਕ ਅਤੇ ਸਿਆਸਤਦਾਨ ਗਦੀ ਦੀ ਪ੍ਰਾਪਤੀ ਲਈ ਹਰ ਹਰਬਾ ਵਰਤਣਾ ਆਪਣਾ ਹਕ ਸਮਝਦੇ ਹਨ। ਉਹਨਾ ਦਾ ਮੁਖ ਮੰਤਵ ਸਤਾ ਹਥਿਆਉਣਾ ਹੁੰਦਾ ਹੈ, ਅਤੇ ਉਸ ਵਾਸਤੇ ਉਹ ਸਾਮ, ਦਾਮ, ਦੰਡ ਦੀ ਵਰਤੋਂ ਤੋਂ ਵੀ ਸੰਕੋਚ ਨਹੀਂ ਕਰਦੇ। ਜਦੋਂ ਇਹ ਲੋਕ ਕਿਸੇ ਸੰਕਟ ਵਿਚ ਹੁੰਦੇ ਹਨ ਤਾਂ ਕੋਈ ਨਵਾਂ ਵਿਵਾਦ ਜਾਂ ਨਾਟਕ ਖੜਾ ਕਰਦੇ ਹਨ ਤਾਂ ਕਿ ਇਹ ਪਕਾ ਕੀਤਾ ਜਾ ਸਕੇ ਕਿ ਪਿਛਲੇ ਵਿਵਾਦ ਤੋਂ ਲੋਕਾਂ ਦਾ ਧਿਆਨ ਭਟਕ ਗਿਆ ਹੈ। ਨਰੇਂਦਰ ਮੋਦੀ ਦੀ ਸਰਕਾਰ ਇਸ ਵੇਲੇ ਬੇਰੁਜ਼ਗਾਰੀ, ਨੋਟਬੰਦੀ, ਜੀਐਸਟੀ ਦੀ ਮਾਰ ਹੇਠ ਹੈ ਅਤੇ ਉਹ ਲੋਕਾਂ ਦਾ ਇਸ ਪਾਸਿਓਂ ਧਿਆਨ ਹਟਾਉਣ ਲਈ ਪਿਛਲੀ ਕਾਂਗਰਸ ਸਰਕਾਰ ਅਤੇ ਹੋਰ ਸਿਆਸੀ ਪਾਰਟੀਆਂ ਨੂੰ ਦੇਸ਼ 'ਚ ਲਾਈ ਐਮਰਜੈਂਸੀ ਅਤੇ ਹੋਰ ਘੁਟਾਲਿਆਂ ਦੀ ਯਾਦ ਦੁਆ ਰਹੀ ਹੈ।

ਦੇਸ਼ 'ਚ ਆਰਥਕ ਸੰਕਟ ਹੈ। ਰੁਪਈਏ ਦਾ ਮੁਲ ਡਾਲਰ ਦੇ ਮੁਕਾਬਲੇ 69.09 ਹੋ ਗਿਆ ਹੈ। ਕਚੇ ਤੇਲ ਦੇ ਮੁਲ ਵਧ ਰਹੇ ਹਨ। ਨੌਕਰੀਆਂ ਸਿਰਜੀਆਂ ਨਹੀਂ ਜਾ ਰਹੀਆਂ। ਲਖਾਂ ਭਾਰਤੀਆਂ ਨੂੰ ਰੋਟੀ ਰੋਜ਼ੀ ਲਈ ਕਰੜਾ ਸੰਘਰਸ਼ ਕਰਨਾ ਪੈ ਰਿਹਾ ਹੈ। ਸਿਖਿਆ ਅਤੇ ਸਿਹਤ ਦੇ ਮਾਮਲੇ 'ਚ ਭਾਰਤ ਲਗਾਤਾਰ ਪਿਛੇ ਵਲ ਜਾ ਰਿਹਾ ਹੈ। ਪਰ ਸਾਡੇ ਨੇਤਾ ਲੋਕ ਇਸ ਸਭ ਕੁਝ ਤੋਂ ਬੇਖਬਰ ਹਨ।

ਸਾਡੇ ਦੇਸ਼ ਦੇ ਨੇਤਾਵਾਂ ਦੀ ਪ੍ਰਮੁਖਤਾ ਸਮਝਣ ਵਾਲੀ ਹੈ। ਖ਼ਬਰੀ ਸੁਰਖੀਆਂ ਉਤੇ ਝਾਤ ਮਾਰੋ। ਦੇਸ਼ ਵਿਚ ਕੇਂਦਰ ਅਤੇ ਬਹੁਤੀਆਂ ਸੂਬਾ ਸਰਕਾਰਾਂ ਉਤੇ ਇਕੋ ਪਾਰਟੀ ਦਾ ਕਬਜ਼ਾ ਹੈ। ਭਗਵਾਂ ਸੋਚ ਵਾਲੇ ਲੋਕ ਸਤਾ ਵਿਚ ਹਨ। ਉਹਨਾ ਦੀ ਪ੍ਰਾਥਮਿਕਤਾ ਦੇਸ਼ ਦੀ ਜਨਤਾ ਦੀ ਫਿਕਰ ਬੇਰੁਜ਼ਗਾਰੀ, ਭੁਖਮਾਰੀ, ਸਿਹਤ, ਸਿਖਿਆ ਨਹੀਂ ਹੈ। ਉਹ ਤਾਂ ਸੈਂਕੜੇ ਇਥੋਂ ਤਕ ਕਿ ਹਜ਼ਾਰਾਂ ਸਾਲ ਪਹਿਲਾਂ ਵਾਪਰੀਆਂ ਘਟਨਾਵਾਂ ਨੂੰ ਪਰਖ-ਤੋਲ ਕੇ ਲੋਕਾਂ ਸਾਹਮਣੇ ਲਿਆ ਰਹੇ ਹਨ। ਉਸੇ ਤੇ ਗਰਮਾ-ਗਰਮ ਬਹਿਸ ਕਰ ਰਹੇ ਹਨ। ਰਾਮ ਮੰਦਿਰ ਦੀ ਉਸਾਰੀ ਉਹਨਾ ਦੀ ਪਹਿਲ ਹੈ। ਮੁਗਲ ਸਾਸ਼ਕ ਅਤੇ ਤਾਜਮਹਲ ਉਹਨਾ ਦੇ ਨਿਸ਼ਾਨੇ ਉਤੇ ਹਨ। ਭਾਜਪਾ ਮੁਗਲਾਂ ਨੂੰ ਪਸੰਦ ਨਹੀਂ ਕਰਦੀ, ਇਹ ਕੋਈ ਲੁਕੀ-ਛਿਪੀ ਗਲ ਨਹੀਂ ਹੈ। ਉਤਰਪ੍ਰਦੇਸ਼ ਦੀ ਭਾਜਪਾ ਸਰਕਾਰ ਨੇ ਤਾਜਮਹਲ ਜਿਹੇ ਇਤਿਹਾਸਿਕ ਧਰੋਹਰ ਨੂੰ ਆਪਣੀ ਸੂਬਾਈ ਸੈਰ ਸਪਾਟਾ ਕਿਤਾਬਚੇ ਵਿਚੋਂ ਬਾਹਰ ਕਢ ਦਿਤਾ। ਭਾਜਪਾ ਵਿਧਾਇਕ ਸੋਮ ਤਾਂ ਕਹਿ ਚੁਕੇ ਹਨ ਕਿ ਸੰਗਮਰਮਰ ਤੋਂ ਬਣੇ ਇਸ ਮਕਬਰੇ ਦਾ ਨਿਰਮਾਣ ਤਾਂ ਦੇਸ਼ ਧਰੋਹੀ ਅਤੇ ਉਸ ਰਾਜੇ ਨੇ ਕਰਵਾਇਆ ਸੀ ਜੋ ਹਿੰਦੂਆਂ ਦਾ ਸਫਾਇਆ ਕਰਨਾ ਚਾਹੁੰਦਾ ਸੀ। ਸੋਮ ਨੇ ਤਾਂ ਇਥੋਂ ਤਕ ਕਹਿ ਦਿਤਾ ਕਿ ਭਾਰਤ ਦੀ ਵਿਰਾਸਤ ਵਿਚ ਤਾਜਮਹਲ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ ਅਤੇ ਇਤਿਹਾਸ ਫਿਰ ਤੋਂ ਲਿਖਿਆ ਜਾਏਗਾ ਤਾਂ ਕਿ ਮੁਗਲ ਸਾਸ਼ਕਾਂ ਦਾ ਨਾਮ ਮਿਟਾਇਆ ਜਾ ਸਕੇ। ਭਾਜਪਾ ਦੇ ਪ੍ਰਵਕਤਾ ਜੀ ਬੀ ਐਲ ਨਰਸਿੰਮਾ ਰਾਓ ਨੇ ਭਾਰਤ ਵਿਚ ਮੁਗਲਾਂ ਦੇ ਰਾਜ ਨੂੰ ਵਿਸਫੋਟਕ ਅਤੇ ਤਬਾਹਕੁਨ ਕਰਾਰ ਦਿਤਾ ਅਤੇ ਕਿਹਾ ਕਿ ਭਾਰਤੀ ਸਭਿਅਤਾ ਅਤੇ ਪਰੰਪਰਾ ਨੂੰ ਮੁਗਲ ਸਾਸ਼ਕਾਂ ਭਾਰੀ ਨੁਕਸਾਨ ਪਹੁੰਚਾਇਆ। ਇਥੋਂ ਤਕ ਕਿ, ਅਕਬਰ ਜਿਸਦਾ ਅਕਸ ਦੂਜੇ ਸਾਸ਼ਕਾਂ ਨਾਲੋਂ ਵਖਰਾ ਮੰਨਿਆ ਜਾਂਦਾ ਹੈ, ਉਸਦੇ ਹਮਲੇ ਤੋਂ ਬਚ ਨਹੀਂ ਸਕਿਆ। ਭਾਜਪਾ ਦੇ ਇਸ ਬੁਲਾਰੇ ਨੇ ਅਕਬਰ ਦੀ ਤੁਲਨਾ ਹਿਟਲਰ ਨਾਲ ਕੀਤੀ। ਹੁਣੇ ਜਿਹੇ ਉਤਰਪ੍ਰਦੇਸ਼ ਦੇ ਮੁਖਮੰਤਰੀ ਯੋਗੀ ਅਦਿਤਿਆ ਨਾਥ ਨੇ ਕਸ਼ਮੀਰੀ ਪੰਡਤਾਂ ਪ੍ਰਤੀ ਔਰੰਗਜ਼ੇਬ ਦੇ ਵਿਵਹਾਰ ਬਾਰੇ ਕਿਹਾ ਸੀ। ਦੂਸਰੇ ਪਾਸੇ ਕਾਂਗਰਸ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਤੁਲਨਾ ਔਰੰਗਜੇਬ ਨਾਲ ਕਰ ਦਿਤੀ।

ਪਰੰਤੂ ਸਵਾਲ ਉਠਦਾ ਹੈ ਕਿ ਇਸ ਜ਼ੁਬਾਨੀ ਜੰਗ ਵਿਚ ਲੋਕਾਂ ਦੇ ਰੋਜ਼ਾਨਾ ਕੰਮ ਕਾਰ 'ਚ ਇਸਦੀ ਭੂਮਿਕਾ ਕੀ ਹੋਵੇ? ਆਖ਼ਰ ਸਾਸ਼ਕਾਂ ਦੀ ਪਹਿਲ ਤਾਂ ਲੋਕਾਂ ਦੀ ਸਮਸਿਆਵਾਂ ਦਾ ਹਲ ਹੋਣੀ ਚਾਹੀਦੀ ਹੈ। ਪਰ ਦੇਸ਼ ਵਿਚ ਤਾਂ ਹਿੰਦੂ, ਮੁਸਲਮਾਨਾਂ ਦੇ ਧਰੁਵੀਕਰਨ ਦੀ ਰਾਜਨੀਤੀ ਕੀਤੀ ਜਾ ਰਹੀ ਹੈ, ਕੀ ਇਸ ਨਾਲ ਦੇਸ਼ ਨੂੰ ਨੁਕਸਾਨ ਨਹੀਂ ਹੋਵੇਗਾ?

ਅਜ ਦੇਸ਼ ਨੂੰ ਸਭ ਤੋਂ ਵਡੀ ਚਣੌਤੀ ਲਖਾਂ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਹੈ,ਜਿਹੜੇ ਕਿ ਕੰਮ ਕਾਰ ਕਰਨ ਲਈ ਤਿਆਰ ਬੈਠੇ ਹਨ। ਜਿਹਨਾਂ ਦੇ ਹਥਾਂ 'ਚ ਭਾਰੀ ਭਰਕਮ ਡਿਗਰੀਆਂ ਹਨ। ਰੁਜ਼ਗਾਰ ਨਾਲ ਜੁੜਿਆ ਸੰਕਟ ਇੰਨਾ ਗੰਭੀਰ ਹੈ ਕਿ ਦੇਸ਼ ਦੇ ਕੁਝ ਵਿਕਸਤ ਸੂਬਿਆਂ 'ਚ ਮਿਲਦੀਆਂ ਉਦਾਹਰਨਾਂ ਤੋਂ ਵੇਖਿਆ ਜਾ ਸਕਦਾ ਹੈ। ਕੁਝ ਸਮਾਂ ਪਹਿਲਾਂ ਅਖ਼ਬਾਰਾਂ ਵਿਚ ਖ਼ਬਰ ਆਈ ਕਿ ਕਿਵੇਂ ਤਾਮਿਲਨਾਡੂ ਲੋਕ ਸੇਵਾ ਆਯੋਗ ਨੇ ਜਦੋਂ ਟਾਈਪਿਸਟ, ਪਟਵਾਰੀ, ਅਤੇ ਸਟੈਨੋਗ੍ਰਾਫਰ ਨੇ 9500 ਅਸਾਮੀਆਂ ਦੀ ਭਰਤੀ ਲਈ ਪ੍ਰੀਖਿਆ ਆਯੋਜਿਤ ਕੀਤੀ ਗਈ ਤਾਂ ਵੀਹ ਲਖ ਉਮੀਦਵਾਰਾਂ ਵਿਚ 992 ਪੀ ਐਚ ਡੀ ਸ਼ਕਾਲਰ, 23000 ਐਮ ਫਿਲ, ਢਾਈ ਲਖ ਮਾਸਟਰ ਡਿਗਰੀ ਵਾਲੇ, ਅਤੇ ਅਠ ਲਖ ਗਰੇਜੂਏਟ ਸ਼ਾਮਲ ਹਨ। ਦੂਜੀ ਉਦਾਹਰਨ ਰੇਲਵੇ ਨਾਲ ਜੁੜੀ ਹੈ, ਜਿਥੇ 90000 ਅਸਾਮੀਆਂ ਲਈ ਢਾਈ ਕਰੋੜ ਲੋਕਾਂ ਨੇ ਅਰਜ਼ੀਆਂ ਦਿਤੀਆਂ। ਸਾਫ ਹੈ ਕਿ ਰੋਜ਼ਗਾਰ ਮੰਗਣ ਵਾਲਿਆਂ ਦੀ ਸੰਖਿਆ ਅਤੇ ਉਪਲਬਧਤਾ ਰੁਜ਼ਗਾਰ ਦੇ ਵਿਚ ਭਾਰੀ ਅੰਤਰ ਹੈ।

ਇਹ ਅਸਲੀ ਮੁਦੇ ਹਨ, ਅਸਲੀ ਚਣੌਤੀਆਂ ਹਨ। ਜੇਕਰ ਸਨਮਾਨਜਨਕ ਨੌਕਰੀਆਂ ਨਹੀਂ ਮਿਲਦੀਆਂ, ਤਾਂ ਸਾਡੇ ਨੌਜਵਾਨ ਆਪਣੇ ਜੀਵਨ 'ਚ ਗੁਜ਼ਾਰਾ ਕਿਵੇਂ ਕਰਨਗੇ? ਉਹ ਆਪਣੇ ਬਚਿਆਂ ਲਈ ਚੰਗੀ ਸਿਖਿਆ ਅਤੇ ਸਿਹਤ ਸੁਵਿਧਾਵਾਂ ਕਿਵੇਂ ਦੇ ਸਕਣਗੇ? ਇਸ ਬਾਰੇ ਭਾਰਤ ਦੇ ਹਾਕਮ ਚੁਪ ਹਨ। ਭਾਰਤ ਵਿਚ ਵਧਦੀ ਆਬਾਦੀ ਨੂੰ ਦੇਖਦੇ ਹੋਏ ਅਸੀਂ ਲੋਕਾਂ ਨੂੰ ਭਟਕਾਉਣ ਵਾਲੀ ਸਿਆਸਤ ਨੂੰ ਕਦੋਂ ਤਕ ਸਹਿਨ ਕਰ ਸਕਦੇ ਹਾਂ?

**- ਗੁਰਮੀਤ ਪਲਾਹੀ**

# 'ਰਾਇਸ਼ੁਮਾਰੀ 2020' ਦੇ ਕਰਤਾ-ਧਰਤਾ ਦੇ ਸਬੰਧ ਖਾੜਕੂਆਂ ਨਾਲ : ਪੰਜਾਬ ਪੁਲਿਸ


ਨਵੀਂ ਦਿੱਲੀ : ਪਿਛਲੇ ਕਈ ਦਿਨਾਂ ਤੋਂ ਇੰਗਲੈਂਡ ਦੀ ਰਾਜਧਾਨੀ ਲੰਦਨ ਦੇ ਟ੍ਰਾਫ਼ਲਗਰ ਸਕੁਏਰ 'ਚ ਹੋਣ ਵਾਲੇ 'ਰੈਫ਼ਰੈਂਡਮ 2020' (ਰਾਇਸ਼ੁਮਾਰੀ 2020) ਸਮਾਰੋਹ ਦੀ ਇਸ ਵੇਲੇ ਡਾਢੀ ਚਰਚਾ ਹੈ ਤੇ ਇਹ ਐਤਵਾਰ 12 ਅਗਸਤ ਨੂੰ ਹੋਣਾ ਤੈਅ ਹੈ। ਇਸ ਦਾ ਮੰਤਵ 'ਪੰਜਾਬ ਨੂੰ ਭਾਰਤ ਦੇ ਕਬਜ਼ੇ 'ਚੋਂ ਆਜ਼ਾਦ ਕਰਵਾਉਣ' ਲਈ ਰਾਇਸ਼ੁਮਾਰੀ ਕਰਵਾਉਣਾ ਹੈ। ਇਸ ਸਮਾਰੋਹ ਦੇ ਮੁੱਖ ਆਯੋਜਕਾਂ ਵਿੱਚੋਂ "ਇੱਕ ਨੇ ਥਾਈਲੈਂਡ ਤੋਂ ਭਾਰਤ 'ਚ ਦਹਿਸ਼ਤਗਰਦ ਜਗਤਾਰ ਸਿੰਘ ਤਾਰਾ ਦੀ ਹਵਾਲਗੀ ਰੁਕਵਾਉਣ ਦਾ ਜਤਨ ਕੀਤਾ ਸੀ ਅਤੇ ਉਸੇ ਨੇ ਪੁਰਤਗਾਲ 'ਚ ਗ੍ਰਿਫ਼ਤਾਰ ਹੋਏ ਖ਼ਾਲਿਸਤਾਨੀ ਖਾੜਕੂ ਪਰਮਜੀਤ ਸਿੰਘ ਪੰਮਾ ਦੀ ਤਰਫ਼ੋਂ ਵੀ ਕਾਨੂੰਨੀ ਜੰਗ ਲੜੀ ਸੀ। ਇਸ ਤੋਂ ਇਲਾਵਾ ਉਸ ਆਯੋਜਕ ਦੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ 'ਇੰਟਰ ਸਰਵਿਸੇਜ਼ ਇੰਟੈਲੀਜੈਂਸ' (ਆਈਐੱਸਆਈ) ਨਾਲ ਵੀ ਸਿੱਧੇ ਸਬੰਧ ਹਨ।' ਇਹ ਪ੍ਰਗਟਾਵਾ ਕੇਂਦਰ ਤੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਨੇ ਕੀਤਾ ਹੈ ਪਰ ਉਸ ਆਯੋਜਕ ਦਾ ਨਾਂਅ ਨਹੀਂ ਦੱਸਿਆ ਗਿਆ। ਨਿਊ ਯਾਰਕ ਦੀ ਜੱਥੇਬੰਦੀ 'ਸਿੱਖਸ ਫ਼ਾਰ ਜਸਟਿਸ' ਵੱਲੋਂ ਰਾਇਸ਼ੁਮਾਰੀ ਬਾਰੇ ਇਹ ਸਮਾਰੋਹ ਕਰਵਾਇਆ ਜਾ ਰਿਹਾ ਹੈ ਪਰ ਭਾਰਤੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਦਰਅਸਲ ਅਮਰੀਕਾ ਤੇ ਹੋਰਨਾਂ ਦੇਸ਼ਾਂ 'ਚ ਖ਼ਾਲਿਸਤਾਨ-ਪੱਖੀ ਤੇ ਭਾਰਤ-ਵਿਰੋਧੀ ਗਤੀਵਿਧੀਆਂ ਦਾ ਇੱਕ ਮੰਚ ਹੈ। ਇਸ ਸਮਾਰੋਹ ਦੇ ਆਯੋਜਕਾਂ ਦਾ ਕਹਿਣਾ ਹੈ ਕਿ ਸੰਯੁਕਤ ਰਾਸ਼ਟਰ ਦੇ ਚਾਰਟਰ ਤੇ ਸਿਵਲ ਤੇ ਸਿਆਸੀ ਅਧਿਕਾਰਾਂ ਬਾਰੇ ਕੌਮਾਂਤਰੀ ਸਮਝੌਤੇ ਵਿੱਚ ਦਿੱਤੀ ਗਰੰਟੀ ਅਨੁਸਾਰ 'ਸਿੱਖਾਂ ਵੱਲੋਂ ਆਪਣੇ ਫ਼ੈਸਲੇ ਖ਼ੁਦ ਲੈਣ ਦੇ ਅਧਿਕਾਰ' ਲਈ ਲੰਦਨ 'ਚ ਤਿਆਰੀਆਂ ਸ਼ੁਰੂ ਕੀਤੀਆਂ ਜਾਣਗੀਆਂ। ਇਸ ਸਾਰੇ ਮਾਮਲੇ ਤੋਂ ਜਾਣੂ ਕੇਂਦਰੀ ਗ੍ਰਹਿ ਮੰਤਰਾਲੇ ਤੇ ਪੰਜਾਬ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਲੰਦਨ 'ਚ ਇਸ ਸਮਾਰੋਹ ਕਰਵਾਉਣ ਲਈ ਮੁੱਖ ਵਿਅਕਤੀ ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪਨੂੰ ਹੈ, ਜੋ 'ਸਿੱਖਸ ਫ਼ਾਰ ਜਸਟਿਸ' ਦਾ ਕਾਨੂੰਨੀ ਸਲਾਹਕਾਰ ਹੈ।




(ਬਾਕੀ ਸਫਾ 24 'ਤੇ ਦੇਖੋ)

ਇੰਸ਼ੋਰੈਂਸ
ਬਿਜ਼ਨਸ, ਲਾਇਬਿਲਟੀ, ਡਿਸਬਿਲਟੀ, ਵਰਕਰ ਕੰਪ., ਈ ਐਂਡ ਓ, ਆਟੋ, ਹੋਮ

ਸੁਰਨਜੀਤ ਸਿੰਘ ਥਿੰਦ
ਲਾਇਸੈਂਸ ਇੰਸ਼ੋਰੈਂਸ ਬਰੋਕ (ਪ੍ਰੋਪਰਟੀ ਅਤੇ ਕੈਜੂਐਲਿਟੀ)
Phone : 917-612-3158
www.nlightfin.com



# ਸਹਿਕਦੇ ਅਰਮਾਨ

ਉਹ ਮੁਸਕਰਾਉਂਦੀ ਤਾਂ ਜਿਵੇਂ ਰੁੱਖਾਂ ਦੇ ਪੱਤੇ ਵੀ ਨਾਲ ਮੁਸਕਰਾਉਂਦੇ... ਉਹ ਹੱਸਦੀ ਤਾਂ... ਹਾਸਾ ਕੰਧਾਂ ਨਾਲ ਟਕਰਾ ਸਾਰਾ ਘਰ ਹੱਸਦਾ ਲਗਦਾ .. ਤੁਰਦੀ ਤਾਂ ਹਰਨੀ ਵਾਂਗੂੰ ਚੁੰਘੀਆਂ ਭਰਦੀ ... ਪੈਹਲਾਂ ਪਾਉਂਦੀ ... ਅਸਮਾਨ ਨਾਲ ਗੱਲਾਂ ਕਰਦੀ ......

ਉਹਦੇ ਸਹੁਰੇ ਘਰ 'ਚ ਪੈਰ ਪਾਉਣ ਨਾਲ ਜਿਵੇਂ ਵਿਹੜਾ ਮਹਿਕ ਉੱਠਿਆ... ਬਨੇਰਿਆਂ ਦਾ ਰੰਗ ਜਿਵੇਂ ਨਿੱਖਰ ਗਿਆ ਹੋਵੇ... ਜਾਣੋ ਆਬੋ ਹਵਾ 'ਚ ਖਸ਼ਬੋਆਂ ਘੁਲ ਗਈਆਂ ਹੋਣ... ਉਹਦੀ ਮਿੱਠੀ ਅਵਾਜ਼ ਸੁਣ ਨਿੰਮ ਤੇ ਕੂਕਦੀ ਕੋਇਲ ਵੀ ਸ਼ਰਮਾਅ ਗਈ ਹੋਵੇ...

ਉਹਦੇ ਆਉਣ ਨਾਲ ਘਰ ਦਾ ਮੁਹਾਂਦਰਾ ਹੀ ਬਦਲ ਗਿਆ..... ਕਿਸ਼ਤੀ ਨੂੰ ਜਿਵੇਂ ਮਲਾਹ ਮਿਲ ਗਿਆ ਹੋਵੇ...ਹਾੜ ਦੀ ਤੱਤੀ ਲੋਅ ਨੂੰ ਜਿਵੇਂ ਪੱਛੋਂ ਦੀਆਂ ਕਣੀਆਂ ਨੇ ਠਾਰ ਦਿੱਤਾ ਹੋਵੇ... ਜਿਵੇਂ ਟਿੱਬਿਆਂ ਤੇ ਟਿਊਬੈੱਲ ਲੱਗ ਗਿਆ ਹੋਵੇ...ਜਿਵੇਂ ਸੁੱਕੇ ਬਾਗਾਂ 'ਚ ਬਹਾਰ ਨੇ ਆ ਦਸਤਕ ਦਿੱਤੀ ਹੋਵੇ... ਆਲਾ ਦੁਆਲਾ ਮਹਿਕ ਗਿਆ...

ਮਨਦੀਪ ਦਾ ਵਿਆਹ ਮਾਸਟਰ ਅੰਗਰੇਜ ਸਿੰਘ ਨਾਲ ਹੋਇਆ... ਮਸਾਂ ਮਸਾਂ ਕੋਈ ਲੜਕੀ ਅੰਗਰੇਜ ਦੇ ਪਸੰਦ ਆਈ ਸੀ... ਕਈ ਸਾਲ ਹੀ ਲੰਘ ਗਏ ਸਨ... ਸੈਕੜੇ ਕੁੜੀਆਂ ਅੰਗਰੇਜ ਨੇ ਦੇਖੀਆਂ ਪਰ ਕੋਈ ਲੜਕੀ ਉਹਦੇ ਨੱਕ ਹੇਠ ਨਾ ਆਉਂਦੀ... ਅਖੀਰ ਜਾਂ ਤਾਂ ਸਮਝ ਲਉ ਕਿ ਅੰਗਰੇਜ ਤੇ ਉਹਦੇ ਘਰਦੇ ਹੰਭ ਹਾਰ ਗਏ ਸਨ ... ਜਾਂ ਫਿਰ ਮਨਦੀਪ ਸੁਨੱਖੀ ਹੀ ਐਨੀ ਸੀ ਕਿ ਇੱਕ ਵਾਰ ਤਾਂ ਅੰਗਰੇਜ ਦੇਖ ਕੇ ਚਕਰਾ ਹੀ ਗਿਆ ਸੀ... ਤੇ ਜਾਂ ਫਿਰ ਇਹ ਸੰਯੋਗ ਸਨ... ਮਨਦੀਪ ਦਾ ਦਾਣਾ ਪਾਣੀ ਸੀ..... ਕਿਸਮਤ ਦਾ ਗੇੜ ਸੀ ... ਕਿ ਅੰਗਰੇਜ ਦੇ ਮੂੰਹੋਂ ਐਤਕੀਂ ਨਾਂਹ ਨਿੱਕਲੀ ਹੀ ਨਹੀਂ। ਅੰਗਰੇਜ ਦੇ ਮਾਂ ਬਾਪ ਤਾਂ ਇਹ ਚਹੁੰਦੇ ਹੀ ਸਨ... ਉਹ ਤਾਂ ਪਹਿਲਾਂ ਹੀ ਅੱਕੇ ਪਏ ਸਨ। ਬਾਕੀ ਮਰਜੀ ਵੀ ਅੰਗਰੇਜ ਦੀ ਹੀ ਚੱਲਣੀ ਸੀ... ਆਖਿਰ ਕੱਲਾ ਕੱਲਾ ਪੁੱਤ ਸੀ... ਤੇ ਉੱਤੋਂ ਮਾਸਟਰ ਲੱਗਿਆ ਸੀ... ਮਿੱਟੀ ਦੀ ਮੁੱਠ ਵੀ ਸੀ ਕੋਲ। ਮਨਦੀਪ ਪੜ੍ਹੀ ਘੱਟ ਸੀ ਪਰ ਇਹ ਕਮੀ ਮਨਦੀਪ ਦੇ ਸੁਹੱਪਣ ਸਾਹਮਣੇ ਮੱਧਮ ਪੈ ਗਈ ਸੀ...

ਸਾਰੇ ਘਰ ਵਾਲੇ ਸਮੇਤ ਅੰਗਰੇਜ ਬਹੁਤ ਖੁਸ਼ ਸਨ... ਅੰਗਰੇਜ ਦੀ ਰੀਝ ਪੂਰੀ ਹੋ ਗਈ ਸੀ... ਉਸ ਦੀ ਡਿਮਾਂਡ ਪੂਰੀ ਹੋ ਗਈ ਸੀ..... ਉਸ ਨੂੰ ਪਰੀ ਲੱਭ ਗਈ ਸੀ... ਜਿਹੜੀ ਆਕਾਸ਼ ਤੋਂ ਧਰਤੀ ਉੱਤੇ ਸਿਰਫ ਅੰਗਰੇਜ ਲਈ ਹੀ ਆਈ ਸੀ।

ਮਨਦੀਪ ਨੇ ਆਉਣ ਸਾਰ ਘਰ ਸੰਭਾਲ ਲਿਆ ਸੀ... ਉਹ ਊਰੀ ਵਾਂਗੂ ਘੁਕਦੀ ਸਾਰਾ ਕੰਮ ਜਿਵੇਂ ਹੱਥਾਂ ਪੈਰਾਂ ਨਾਲ ਲਾ ਕੇ ਹੀ ਸਮੇਟ ਲੈਂਦੀ ....ਸੱਸ ਸਹੁਰੇ ਨੂੰ ਤਾਂ ਭੁੰਜੇ ਪੈਰ ਵੀ ਨਾ ਲਾਹੁਣ ਦਿੰਦੀ..... ਹੰਸੂ ਹੰਸੂ ਕਰਦਾ ਚਿਹਰਾ... ਠੰਡਾ ਸੁਭਾਅ... ਸਾਧੂ ਬਿਰਤੀ...

ਇੱਕ ਰੱਬੀ ਰੂਹ ....ਇੱਕ ਪਾਕ ਮੁਹੱਬਤ ਦੀ ਵਗਦੀ ਨਦੀ .. ਇੱਕ ਮੋਹ ਦਾ ਸਮੁੰਦਰ... ਪ੍ਰੇਮ ਦੀ ਝੀਲ ਸੀ ਮਨਦੀਪ।

ਮਨਦੀਪ ਸਾਰਾ ਦਿਨ ਆਪਣੇ ਕੰਮ ਕਾਰ ਵਿੱਚ ਮਗਨ ਰਹਿੰਦੀ। ਕੰਮ ਹੀ ਉਸਦਾ ਧਰਮ ਸੀ .. ਕੰਮ ਹੀ ਪੂਜਾ...

ਸੁਭਾ ਚਾਰ ਵਜੇ ਉਠਦੀ ਧਾਰਾਂ ਚੋਂਦੀ .. ਰੋਟੀ ਟੁੱਕ .. ਲੀੜੇ ਲੱਤੇ ਧੋ ..

ਘਰ ਦੀ ਸਫਾਈ... ਗੱਲ ਕੀ ਇੱਕ ਮਿੰਟ ਵੀ ਵੇਹਲੀ ਨਾ ਬੈਠਦੀ... ਸੁਭਾ ਤੋਂ ਸ਼ਾਮ ਬੱਸ ਇੱਕ ਤਪੱਸਿਆ....

ਮਾਸਟਰ ਅੰਗਰੇਜ ਦਾ ਸੁਭਾਅ ਮਨਦੀਪ ਤੋਂ ਬਿਲਕੁਲ ਵੱਖਰਾ..... ਕੱਬਾ .. ਸੜੀਅਲ ...ਸ਼ੱਕੀ... ਹੰਕਾਰੀ.....। ਇਸ ਤੋਂ ਬਿਨਾਂ ਸ਼ਰਾਬ ਦੀ ਆਦਤ .. ਨਿੰਮ ਤੇ ਚੜ੍ਹੇ ਕਰੇਲੇ ਵਾਂਗੂੰ ਅੰਗਰੇਜ ਨੂੰ ਹੋਰ ਗੰਧਲਾ ਕਰਦੀ .. ਆਪਣੀ ਪੜ੍ਹਾਈ... ਅਕਲਮੰਦੀ ਤੇ ਜਿਆਦਾ ਗੁਮਾਨ ਸੀ ਉਹਨੂੰ। ਆਪਣੀ ਅਕਲ ਨੂੰ ਸਭ ਨਾਲੋਂ ਉੱਚਾ ਮੰਨਦਾ ....। ਥੋੜਾ ਸਮਾਂ ਹੀ ਚੰਗਾ ਗੁਜਰਿਆ... ਅੰਗਰੇਜ ਦਾ ਚਾਅ ਮਨਦੀਪ ਵੱਲੋਂ ਛੇਤੀ ਲਹਿ ਗਿਆ..... ਅੰਗਰੇਜ ਜਦੋਂ ਕਦੇ ਆਪਣੇ ਨਾਲ ਪੜ੍ਹਾਉਂਦੇ ਟੀਚਰਾਂ ਦੇ ਘਰ ਕਿਸੇ ਪ੍ਰੋਗਰਾਮ ਜਾਂ ਪਾਰਟੀ ਵਗੈਰਾ ਤੇ ਜਾਂਦਾ ਤਾਂ ਉਹਨਾਂ ਦੀਆਂ ਪੜ੍ਹੀਆਂ ਲਿਖੀਆਂ ਜਨਾਨੀਆਂ ਨੂੰ ਦੇਖਦਾ ਤਾਂ ਉਹਨਾਂ ਮੁਕਾਬਲੇ ਮਨਦੀਪ ਉਸ ਨੂੰ ਅਣਪੜ੍ਹ .. ਗੰਵਾਰ .. ਕੁੱਢਰ ਲਗਦੀ... ਮਨ ਹੀ ਮਨ ਆਪਣੇ ਆਪ ਨੂੰ ਕੋਸਦਾ ਕਿ ਕਿਉਂ ਨਾ ਉਸ ਨੇ ਪੜ੍ਹੀ ਲਿਖੀ ਕੁੜੀ ਨਾਲ ਵਿਆਹ ਕਰਵਾਇਆ !! ਕਿਉਂ ਮੇਰੇ ਸਿਰ ਤੇ ਠੀਕਰਾ ਮੂਧਾ ਵੱਜ ਗਿਆ ? ਮਨਦੀਪ ਕਿਸੇ ਪੱਖੋਂ ਵੀ ਉਹਦੇ ਬਰਾਬਰ ਨਹੀਂ.... ਮਨਦੀਪ ਨੂੰ ਬੋਲਣ ਚੱਲਣ ਦੀ ਭੋਰਾ ਤਮੀਜ ਨਹੀਂ ....ਉਸਨੂੰ ਕੱਪੜੇ ਪਹਿਣਨ ਦਾ ਵੀ ਚੱਜ ਨਹੀਂ....ਹਰ ਜਗ੍ਹਾ ਮੈਨੂੰ ਨਮੋਸ਼ੀ ਝੱਲਣੀ ਪੈਂਦੀ ਹੈ ..ਹਰ ਜਗ੍ਹਾ ਮੇਰਾ ਸਟੈਂਡਡ ਡਾਊਨ ਹੁੰਦਾ ਹੈ। ਕੋਈ ਇੱਕ ਵੀ ਸ਼ਬਦ ਅੰਗਰੇਜੀ ਦਾ ਨਹੀਂ ਬੋਲ ਸਕਦੀ... ਜੇ ਬੋਲਦੀ ਹੈ ਤਾਂ ਗਲਤ ਬੋਲਦੀ ਹੈ ......ਬੱਸ ਕੰਮ ਹੀ ਕੰਮ... ਕੰਮ ਨੂੰ ਚੱਟਣਾ ਹੈ..... ਇਹ ਤਾਂ ਨੌਕਰਾਣੀ ਵੀ ਕਰ ਸਕਦੀ ਹੈ... ਸਾਲੀ ਲੇਬਰ ਟਾਈਪ ਜਨਾਨੀ.....।

ਇਸ ਤਰਾਂ ਦੇ ਖਿਆਲਾਂ ਨੇ ਅੰਗਰੇਜ ਦੇ ਮਨਦੀਪ ਨਾਲ ਰਿਸ਼ਤੇ ਵਿੱਚ ਫਿੱਕ ਜਿਹਾ ਪਾ ਦਿੱਤਾਸ਼ਸ਼ ਮਨਦੀਪ ਉਸ ਨੂੰ ਬੋਝ ਜਾਪਣ ਲੱਗੀ... ਦਿਨਾਂ ਚ ਹੀ ਉਹ ਉਹਦੇ ਮਨੋ ਲਹਿ ਗਈ ... ਲਾਈਫ ਬਰਬਾਦ ਜਾਪਣ ਲੱਗੀ..... ਰੰਗ ਰੂਪ ਦਾ ਚਾਅ ਮੱਧਮ ਪੈਣ ਲੱਗਿਆ .... ਉਹ ਗੱਲ ਗੱਲ ਤੇ ਮਨਦੀਪ ਦੀ ਟੋਕਾ ਟਾਕੀ ਕਰਨ ਲੱਗਿਆ..... ਹਰ ਕੰਮ ਵਿੱਚ ਨੁਕਸ ਕੱਢਦਾ ....

ਅੰਗਰੇਜ ਦਾ ਘਰ ਵਿੱਚ ਸਾਹ ਘੁਟਦਾ.......... ਹੁਣ ਮਨਦੀਪ ਦੇ ਹੱਥ ਦੀ ਬਣਾਈ ਹਰ ਚੀਜ਼ ਉਹਨੂੰ ਬੇ-ਸਵਾਦੀ ਲਗਦੀ...ਸਬਜੀ ਨੂੰ ਡਵੱਕ ਪਾਣੀ ਦਸਦਾ..... ਰੋਟੀ ਨੂੰ ਗੁੱਲ ਦਸਦਾ... ਹੁਣ ਮਨਦੀਪ ਦੇ ਹੱਥੋਂ ਪਾਣੀ ਵੀ ਨਾ ਫੜ੍ਹਦਾ ਕਿਉਂ ਕਿ ਉਹਨੂੰ ਗਲਾਸ ਫੜਨ ਦਾ ਚੱਜ ਨਹੀਂ ਸੀ..... ਬੇ ਅਕਲ ਜਨਾਨੀ ਸੀ ਜੋ ਉਹਦੇ ਪੱਲੇ ਪੈ ਗਈ ਸੀ.....ਸ਼ਰਾਬੀ ਹੋਇਆ ਜਿਆਦਾ ਬੋਲਦਾ..... ਹੁਣ ਰੋਟੀਆਂ ਮੱਚੀਆਂ ਹੁੰਦੀਆਂ..... ਧੋਤੇ ਕੱਪੜਿਆਂ ਚੋਂ ਵੀ ਮੁਸ਼ਕ ਮਾਰਦਾ... ਉੱਚੀ ਉੱਚੀ ਗਾਲਾਂ ਕਢਦਾ..... ਕਲਹਿਣੀ ਮੱਥੇ ਵੱਜੀ ਦਸਦਾ... ਗੋਰਾ ਰੰਗ ਉਸਨੂੰ .. ਪਿੱਲਾ... ਬੱਗੜ ... ਸੜੇ ਖਰਬੂਜੇ ਵਰਗਾ ਲਗਦਾ ....

ਮਨਦੀਪ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰਦੀ ਕਿ ਕੋਈ ਗਲਤੀ ਨਾ ਹੋਵੇ..... ਹਰ ਗੱਲ ਦਾ ਖਿਆਲ ਕਰਦੀ... ਆਪਣੀ ਪਰਵਾਹ ਕੀਤੇ ਬਿਨਾ ਪਹਿਲਾਂ ਤੋਂ ਵੀ ਜਿਆਦਾ ਜੋਰ ਲਾਉਂਦੀ ਕਿ ਕੋਈ ਕਸਰ ਨਾ ਰਹੇ..... ਜੋ ਵੀ ਕਰਦੀ ਸੱਚੇ ਦਿਲੋਂ ਕਰਦੀ... ਅੰਗਰੇਜ ਨੂੰ ਆਪਣੇ ਤੋਂ ਸਿਆਣਾ ਮੰਨਦੀ..... ਰੱਬ ਮੰਨਦੀ... ਉਹ ਪੜਿਆ ਲਿਖਿਆ ਸੀ..... ਮਾਸਟਰ ਸੀ... ਉਹਦਾ ਹੁਕਮ ਮੰਨਣਾ ਫਰਜ ਸਮਝਦੀ... ਪਰ ਉਸ ਨੂੰ ਇਹ ਸਮਝ ਨਾ ਆਉਂਦੀ ਕਿ ਅੰਗਰੇਜ ਆਖਿਰ ਇਸ ਤਰਾਂ ਦਾ ਵਰਤਾਅ ਕਿਉਂ ਕਰਦਾ ਹੈ..... ਕਿਉਂ ਗੱਲ ਗੱਲ ਤੇ ਉਸ ਨਾਲ ਲੜਦਾ ਹੈ ? ਮਨ ਹੀ ਮਨ ਇੱਕ ਬਣਾਉਂਦੀ ਇੱਕ ਢਾਹੁੰਦੀ..... ਪਰ ਕਿਸੇ ਨਤੀਜੇ ਤੇ ਨਾ ਪਹੁੰਚ ਸਕਦੀ... ਤੇ ਅਖੀਰ ਆਪਣੇ ਕੰਮ ਧੰਦੇ ਲੱਗ ਜਾਂਦੀ ....

ਸਮਾਂ ਬੀਤਦਾ ਗਿਆ..... ਅੰਗਰੇਜ ਦਾ ਮਨਦੀਪ ਨਾਲ ਫਰਕ ਵਧਦਾ ਗਿਆ ....ਇਹਦੇ ਵਿਚਕਾਰ... ਦੋ ਬੱਚਿਆਂ ਦਾ ਜਨਮ ਹੋਇਆ..... ਪਰ ਅੰਗਰੇਜ ਦੇ ਰਵੱਈਏ ਵਿੱਚ ਕੋਈ ਫਰਕ ਨਾ ਪਿਆ..... ਸਗੋਂ ਪਹਿਲਾਂ ਤੋਂ ਵੱਧ.....ਕਲੇਸ਼ ਪੈਂਦਾ..... ਹੁਣ ਤਾਂ ਉਹ ਮਨਦੀਪ ਤੇ ਤਰਾਂ ਤਰਾਂ ਦੀਆ ਤੋਹਮਤਾਂ ਵੀ ਲਾਉਂਦਾ..... ਜਵਾਕਾਂ ਨੂੰ ਵੀ ਆਪਣੇ ਜਵਾਕ ਨਾ ਦਸਦਾ....ਹੱਦੋਂ ਵੱਧ ਸ਼ਰਾਬ ਪੀਂਦਾ..... ਸਕੂਲ ਵੀ ਘੱਟ ਵੱਧ ਹੀ ਜਾਂਦਾ ....ਹੁਣ ਤਾਂ ਉਹ ਸ਼ਰਾਬ ਦੇ ਨਾਲ ਜੂਏਬਾਜਾਂ ਕੋਲ ਵੀ ਜਾਂਦਾ ....ਜੂਏ ਦੀਆਂ ਬਾਜੀਆਂ ਲਾਉਂਦਾ... ਗੱਲਸ਼ਰੇ ਉਡਾਉਂਦਾ ....ਜਿੰਦਗੀ ਵਿਅਰਥ ਲਗਦੀ... ਮਨਦੀਪ ਨਾਲ ਵਿਆਹ ਕਰਾ ਕੇ ਉਸ ਨੂੰ ਬਹੁਤ ਵੱਡਾ ਘਾਟਾ ਪਿਆ ਸੀ ....ਉਹਦੀਆਂ ਰੀਝਾਂ ਧਰੀਆਂ ਧਰਾਈਆਂ ਰਹਿ ਗਈਆਂ ਸਨ..... ਉਹਦੇ ਚਾਅ ਅਧੂਰੇ ਰਹਿ ਗਏ ਸਨ ....ਸਭ ਕੁਝ ਮਿੱਟੀ ਹੋ ਗਿਆ ਸੀ..... ਹੁਣ ਉਹ ਦਿਨ ਰਾਤ ਸ਼ਰਾਬ ਪੀਣ ਲੱਗਿਆ ਸੀ..... ਉਸ ਨੂੰ ਆਪਣੀ ਕੋਈ ਸੋਝੀ ਨਾ ਰਹਿੰਦੀ..... ਮਨਦੀਪ ਆਪਣੀ ਸਮਝ ਮੁਤਾਬਿਕਸ਼ਸ਼ ਉਸ ਨੂੰ ਏਸ ਪਾਸਿਉਂ ਮੋੜਨ ਦੀ ਕੋਸ਼ਿਸ਼ ਕਰਦੀ ਪਰ ਅੰਗਰੇਜ ਉਹਨੂੰ ਅੱਖਾਂ ਸਾਹਮਣੇ ਹੁੰਦਿਆਂ ਹੀ ਗਾਲਾਂ ਦੀ ਸ਼ੂਟ ਵਰ੍ਹਾ ਦਿੰਦਾ ਉਹਦੀ ਗੱਲ ਸੁਣਨੀ ਤਾਂ ਦੂਰ।

ਮਨਦੀਪ ਦੀ ਜੂਨ ਇੱਕ ਤਰਾਂ ਨਾਲ ਨਰਕ ਬਣ ਗ ਈ ਸੀ... ਘਰ ਵਿੱਚ ਉਹਦੀ ਕੋਈ ਕਦਰ ਨਹੀਂ ਸੀ... ਉਹ ਚੁੱਪ ਚਾਪ ਆਪਣਾ ਕੰਮ ਕਰਦੀ ਤੇ ਦੋ ਰੋਟੀਆਂ ਖਾ ਛਡਦੀ..... ਜੁੱਗੜੇ ਬੀਤ ਗਏ ਅੰਗਰੇਜ ਨੇ ਉਹਨੂੰ ਬੁਲਾਇਆ ਤੱਕ ਨਹੀਂ ਸੀ...ਸ਼।

ਅੰਗਰੇਜ ਡੀ ਐਮ ਸੀ ਲੁਧਿਆਣਾ ਦੇ ਆਈ ਸੀ ਯੂ ਵਿੱਚ ਜਿੰਦਗੀ ਮੌਤ ਦੀ ਲੜਾਈ ਲੜ ਰਿਹਾ ਸੀ ....ਸ਼ਰਾਬ ਨੇ ਉਹਦੇ ਲੀਵਰ ਤੇ ਗੁਰਦਿਆਂ ਦਾ ਨਾਸ ਕਰ ਦਿੱਤਾ ਸੀ..... ਟਰੀਟਮੈਂਟ ਚੱਲ ਰਿਹਾ ਸੀ..... ਥੋੜਾ ਬਹੁਤਾ ਫਰਕ ਪਿਆ ਪਰ ਡਾਕਟਰਾਂ ਨੇ ਲੀਵਰ ਦਾ ਇੱਕ ਹਿੱਸਾ ਤੇ ਗੁਰਦਾ ਬਦਲਣ ਨਾਲ ਹੀ ਉਹਦੀ ਜਾਨ ਦਾ ਬਚਾਅ ਦੱਸਿਆ ....ਇਹੀ ਪੱਕਾ ਇਲਾਜ ਸੀ... ਨਹੀਂ ਤਾਂ ਅੰਗਰੇਜ ਕੁਝ ਮਹੀਨਿਆਂ ਦਾ ਮਹਿਮਾਨ ਸੀ ....।

ਸਾਰੇ ਰਿਸ਼ਤੇਦਾਰ ਇਕੱਠੇ ਹੋਏ..... ਇੱਕ ਇੱਕ ਕਰਕੇ ਖਿਸਕ ਰਹੇ ਸਨ ਕਿ ਕਿਤੇ ਕੋਈ ਗੁਰਦੇ ਵਗੈਰਾ ਜਾਂ ਹੋਰ ਕੋਈ ਵੱਡੇ ਸਵਾਲ ਦਾ ਸਾਹਮਣਾ ਨਾ ਕਰਨਾ ਪੈ ਜਾਵੇ ....ਅੰਗਰੇਜ ਦੀ ਭੂਆ ਤੇ ਬੱਸ ਮਨਦੀਪ ਹੀ ਕੋਲ ਰਹਿ ਗਏ ਸਨ...

ਬੱਚੇ ਹਾਲੇ ਬਹੁਤੇ ਵੱਡੇ ਨਹੀਂ ਸਨ ....ਦੋਨੇ ਮੁੰਡੇ ਹੀ ਸਨ... ਉਹ ਘਰ ਵਿੱਚ ਆਪਣੀ ਨਾਨੀ ਅਤੇ ਦਾਦਾ ਦਾਦੀ ਕੋਲ ਸਨ...

ਅੰਗਰੇਜ ਨੂੰ ਡਾਕਟਰਾਂ ਨੇ ਅੰਗਰੇਜ ਨੂੰ ਨਾਲ ਦੇ ਰੂਮ ਵਿੱਚ ਸ਼ਿਫਟ ਕਰਕੇ ਮਨਦੀਪ ਨੂੰ ਸਲਾਹ ਮਸ਼ਵਰਾ ਕਰਨ ਲ ਈ ਜਲਦੀ ਕਿਹਾ ਸੀ ....ਪਹਿਲਾਂ ਗੁਰਦਾ ਬਦਲਿਆ ਜਾਣਾ ਜਰੂਰੀ ਸੀ..... ਲੀਵਰ ਦਾ ਔਪਰੇਸ਼ਨ ਬਾਅਦ ਵਿੱਚ ਠਹਿਰ ਕੇ ਹੋਣਾ ਸੀ...।

ਮਨਦੀਪ ਬਹੁਤ ਜਿਆਦਾ ਦੁਖੀ ਤੇ ਫਿਕਰਮੰਦ ਸੀ..... ਪੈਸੇ ਧੇਲੇ ਦਾ ਜੁਗਾੜ ਤਾਂ ਉਹਨੇ ਕਰ ਲਿਆ ਸੀ..... ਤੇ ਨਾਲ ਹੀ ਬਿਨਾਂ ਕੁਝ ਵੀ ਸੋਚੇ ਵਿਚਾਰੇ ਮਨ ਹੀ ਮਨ ਆਪਣਾ ਗੁਰਦਾ ਦੇਣ ਦਾ ਫੈਸਲਾ ਕਰ ਚੁੱਕੀ ਸੀ.....

ਆਖਿਰ ਉਹ ਉਹਦਾ ਪਤੀ ਸੀ..... ਉਹਦੇ ਬਾਪ ਨੇ ਉਹਨੂੰ ਉਹਦੇ ਲੜ ਲਾਇਆ ਸੀ..... ਉਹਨੂੰ ਵਰਿਆ ਸੀ..... ਉਹਦੀ ਸੋਚ ਜਾਂ ਘਰੋਂ ਮਿਲੀ ਸਿੱਖਿਆ ਇਹੀ ਸੀ ਕਿ ਬੰਦੇ ਬਿਨਾਂ ਔਰਤ ਦਾ ਕੀ ਵੱਟੀ ਦਾ ਐ..... ਫੇਰ ਕੀ ਹੋਇਆ ਜੇ ਅੰਗਰੇਜ ਉਹਨੂੰ ਨਹੀਂ ਬਲਾਉਂਦਾ..... ਫੇਰ ਕੀ ਹੋਇਆ ਜੇ ਉਹ ਉਹਨੂੰ ਹਰ ਟੈਮ ਗਾਹਲਾਂ ਕਢਦਾ..... ਫੇਰ ਕੀ ਹੋਇਆ ਜੇ ਉਹ ਉਹਨੂੰ ਚੰਗਾ ਨਹੀਂ ਸਮਝਦਾ..... ਫੇਰ ਕੀ ਹੋਇਆ ਜੇ ਸ਼ਰਾਬ ਪੀ ਪੀ ਉਹਨੇ ਗੁਰਦੇ ਗਾਲ ਲ ਏ..... ਆਖਿਰ ਪਤੀ ਤਾਂ ਪਤੀ ਹੈ ਤੇ ਉਹਦਾ ਫਰਜ ਹੈ ਪਤੀ ਦੇ ਨਾਲ ਨਿਭਣਾ..... ਉਹਦੇ ਹਰ ਦੁਖ ਸੁਖ ਵਿਚ ਸ਼ਰੀਕ ਹੋਣਾ ....ਇਹ ਉਹਦੀ ਸੋਚ ਸੀ ....ਹਾਲਾਂ ਕਿ ਉਹ ਹਾਲੇ ਤੱਕ ਵੀ ਡਰਦੀ ਅੰਗਰੇਜ ਦੇ ਕਮਰੇ ਵਿੱਚ ਨਹੀਂ ਗ ਈ ਸੀ... ਮਤੇ ਇੱਕ ਤਾਂ ਉਹ ਬਿਮਾਰ ਹੈ ਤੇ ਮੈਨੂੰ ਦੇਖ ਕੇ ਹੋਰ ਦੁਖੀ ਨਾ ਹੋਵੇ ....

ਉਹਨੇ ਡਾਕਟਰਾਂ ਨੂੰ ਆਪਣਾ ਫੈਸਲਾ ਦੱਸ ਦਿੱਤਾ ਤੇ ਲੋੜੀਂਦੀ ਕਾਗਜੀ ਕਾਰਵਾਈ ਤੇ ਦਤਸਤਖਤ ਆਪਣੇ ਟੁੱਟੇ ਫੁੱਟੇ ਅੱਖਰਾਂ ਵਿੱਚ ਕਰ ਅੰਗਰੇਜ ਦੇ ਜਲਦੀ ਠੀਕ ਹੋਣ ਦੀਆਂ ਅਰਦਾਸਾਂ ਕਰਨ ਲੱਗੀ....

ਭਾਵੇਂ ਕਿ ਮਨਦੀਪ ਨੇ ਅੰਗਰੇਜ ਨੂੰ ਕੁਝ ਵੀ ਦੱਸਣ ਤੋਂ ਮਨ੍ਹਾਂ ਕੀਤਾ ਸੀ ਕਿਉਂਕਿ ਉਸ ਨੂੰ ਡਰ ਸੀ ਕਿ ਮੇਰਾ ਗੁਰਦਾ ਖਵਰੇ ਅੰਗਰੇਜ ਲਵੇ ਕਿ ਨਾ ਲਵੇ ਪਰ ਇੱਕ ਨਰਸ ਨੇ ਅੰਗਰੇਜ ਨੂੰ ਸਭ ਕੁਝ ਦੱਸ ਦਿੱਤਾ...।

ਸੁਣ ਕੇ ਅੰਗਰੇਜ ਦੀਆਂ ਅੱਖਾਂ ਤ੍ਰਿਪ ਤ੍ਰਿਪ ਚਿਉਣ ਲੱਗੀਆਂ..... ਆਪਣੀ ਮੌਤ ਤਾਂ ਉਸਨੂੰ ਸਾਹਮਣੇ ਦਿਖਾਈ ਦੇ ਹੀ ਰਹੀ ਸੀ.....ਉਸ ਨੂੰ ਇਹ ਵੀ ਪਤਾ ਸੀ ਕਿ ਕੌਣ ਕਿਸੇ ਨੂੰ ਲੀਵਰ ਗੁਰਦੇ ਵੰਡਦਾ ਫਿਰਦਾ ....ਮਨਦੀਪ ਦੇ ਲੀਵਰ ਤੇ ਗੁਰਦਾ ਦੇਣ ਬਾਰੇ ਸੁਣ ਕੇ ਉਹ ਜਿਵੇਂ ਇੱਕ ਦਮ ਝੰਜੋੜਿਆ ਗਿਆ ਹੋਵੇ..... ਉਸਦੀਆਂ ਅੱਖਾਂ ਸਾਹਮਣੇ ਮਨਦੀਪ ਨਾਲ ਕੀਤ ਉਮਰਾ ਭਰ ਦਾ ਵਰਤਾਅ ਫਿਲਮ ਵਾਂਗੂੰ ਘੁੰਮਣ ਲੱਗਿਆ ....ਉਸਨੂੰ ਆਪਣਾ ਆਪ ਗਰਕਦਾ ਮਹਿਸੂਸ ਹੁੰਦਾ ਦਿਸਿਆ..... ਆਪਣੇ ਹੀ ਮੂੰਹ ਤੇ ਲਫੇੜੇ ਮਾਰਨ ਦਾ ਚਿੱਤ ਕੀਤਾ..... ਉਸਦਾ ਚਿੱਤ ਕਰੇ ਕਿ ਧਰਤੀ ਵਿੱਚ ਕੋਈ ਖੱਡ ਹੋਵੇ ਤੇ ਮੈਂ ਉਸ ਵਿੱਚ ਵੜ ਜਾਵਾਂ..... ਜਗਦੀਆਂ ਲਾਈਟਾਂ ਚੋਂ ਉਸਨੂੰ ਮਨਦੀਪ ਦਾ ਉਹੀ ਪੁਰਾਣਾ ਹੱਸਦਾ ਚਿਹਰਾ ਦਿਖਾਈ ਦਿੱਤਾ..... ਉਸ ਦਾ ਮੂੰਹ ਸੁੱਕਣ ਲੱਗਿਆ ....ਬੈੱਡ ਦੇ ਪਾਵੇ ਹਿਲਦੇ ਪ੍ਰਤੀਤ ਹੋਏ..... ਜਿਵੇਂ ਕੋਈ ਭੁਚਾਲ ਆਇਆ ਹੋਵੇ ....ਉਸਨੇ ਨਰਸ ਤੋਂ ਪਾਣੀ ਮੰਗਿਆ..... ਪਾਣੀ ਪੀ ਉਸ ਨੂੰ ਕੁਝ ਸੁਰਤ ਆਈ..... ਨਰਸ ਨੂੰ ਕਹਿ ਕੇ ਮਨਦੀਪ ਨੂੰ ਅੰਦਰ ਬੁਲਾਇਆ ....ਡਰਦੀ ਡਰਦੀ ਮਨਦੀਪ ਅੰਦਰ ਵੜੀ ਪਰ ਆਸੇ ਪਾਸੇ ਝਾਕਣ ਲੱਗੀ ਨਜਰਾਂ ਨਾ ਮਿਲਾਵੇ ਜਿਵੇਂ ਉਹ ਉਸਦੀ ਚੋਰ ਸੀ..... ਗੁਨਾਹਗਾਰ ਸੀ... ਉਸ ਤੋਂ ਜਿਵੇਂ ਕੋਈ ਪਾਪ ਹੋਇਆ ਸੀ..... ਉਸਨੂੰ ਲੱਗਿਆ ਕਿ ਹੁਣ ਅੰਗਰੇਜ ਮੇਰਾ ਗੁਰਦਾ ਲੈਣ ਤੋਂ ਨਾਂਹ ਕਰੇਗਾ..... ਉਹ ਲੜੇਗਾ ਕਿ ਮੈਂ ਤੇਰਾ ਬੇਵਕੂਫ ਜਨਾਨੀ ਦਾ ਗੁਰਦਾ ਕਿਉਂ ਲਵਾਂ ?

ਮਨਦੀਪ ....ਅੰਗਰੇਜ ਨੇ ਬਾਰੀ ਵੱਲ ਝਾਕਦੀ ਮਨਦੀਪ ਨੂੰ ਹੰਭੀ ਜਿਹੀ ਅਵਾਜ ਵਿੱਚ ਕਿਹਾ..... ਸਾਲਾਂ ਬਾਅਦ ਅੰਗਰੇਜ ਨੇ ਆਪਣੇ ਮੂੰਹੋਂ ਮਨਦੀਪ ਦਾ ਨਾਮ ਲਿਆ ਸੀ..... ਮਨਦੀਪ ਨੂੰ ਜਿਵੇਂ ਸੱਚ ਨਹੀਂ ਆਇਆ ਸੀ..... ਕਿਤੇ ਗਵਾਚ ਜਿਹੀ ਗ ਈ....ਉਹਨੇ ਹੁੰਗਾਰਾ ਨਹੀਂ ਭਰਿਆ .. ਸਿਰਫ ਨਜਰ ਅੰਗਰੇਜ ਵੱਲ ਘੁਮਾਈ ....

ਮਨਦੀਪ ਤੂੰ ਕੋਈ ਗੁਰਦਾ ਲੀਵਰ ਨਹੀਂ ਦੇਣਾ ਮੈਨੂੰ..... ਮਰ ਜਾਣ ਦੇ ਮੈਨੂੰ..... ਮੈਂ ਏਸੇ ਹੀ ਲਾਈਕ ਸੀ... ਮੇਰੇ ਨਾਲ ਏਹੋ ਹੋਣਾ ਚਾਹੀਦਾ ਸੀ..... ਅੰਗਰੇਜ ਇੱਕੋ ਸਾਹੇ ਬੋਲੀ ਜਾ ਰਿਹਾ ਸੀ..... ਮਨਦੀਪ ਬੁੱਤ ਬਣੀ ਸੁਣ ਰਹੀ ਸੀ..... ਉਸ ਦੇ ਸਮਝੋਂ ਬਾਹਰ ਸੀ ਉਹ ਕੀ ਕਹਿ ਰਿਹਾ ਸੀ ਤੇ ਕਿਉਂ ਕਹਿ ਰਿਹਾ ਸੀ !!!

ਅਖੀਰ ਮਨਦੀਪ ਨੇ ਕੁਝ ਬੋਲਣ ਦਾ ਹੀਆ ਕੀਤਾ... ਉਸ ਨੇ ਮਸਾਂ ਹੀ ਅਵਾਜ਼ ਬੁੱਲਾਂ ਤੱਕ ਲਿਆਂਦੀ... ਉਸਦੀ ਜਬਾਨ ਸੁੱਕ ਰਹੀ ਸੀ ਬੋਲਣ ਲੱਗਿਆਂ...ਸ਼

ਤੁਹਾਨੂੰ ਕੁਸ਼ ਨੀ ਹੁੰਦਾ ਜੀ..... ਵਾਹਿਗੁਰੂ ਭਲੀ ਕਰੂ... ਛੇਤੀ ਠੀਕ ਹੋਜੋਂਗੇ ....ਆਪਾਂ ਕਿਹੜਾ ਕੋਈ ਪਾਪ ਕੀਤੇ ਹਨ...

ਮਨਦੀਪ ਤੂੰ ਬੱਸ ਮੇਰੇ ਕੋਲ ਬੈਠ ਜਾ..... ਮੈਂ ਸਾਰੀ ਜਿੰਦਗੀ..... ਤੈਨੂੰ ਦੁੱਖ ਹੀ ਦੁੱਖ ਦਿਤੇ ਹਨ..... ਮੈਂ... ਮੈਂ... ਬਚੇ ਪਲ ਤੇਰੇ ਨਾਲ ਜਿਉਣੇ ਚਹੁੰਨਾਂ ....ਮੈਂ ਸਾਰੀ ਉਮਰ ਦੀਆਂ ਗੱਲਾਂ ਕਰਨੀਆਂ ਤੇਰੇ ਨਾਲ... ਮੈਂ ਮੈਂ ਦੋ ਘੰਟਿਆਂ ਚ ਸਾਰੀ ਉਮਰ ਜੀਅ ਲਵਾਂ ਤੇਰੇ ਨਾਲ..... ਮੈਂ ਕੋਈ ਮੁਆਫੀ ਨਹੀਂ ਮੰਗਣੀ... ਨਾ ਹੀ ਮੇਰੇ ਗੁਨਾਹ ਮੁਆਫੀ ਯੋਗ ਹਨ... ਨਾ ਹੀ ਉਹ ਸਮਾਂ ਹੁਣ ਮੁੜਕੇ ਆਵੇ..... ਮੈਂ ਸੌਣਾ ਹੈ ਤੇਰੀ ਗੋਦ ਵਿੱਚ ਸਿਰ ਰੱਖ ਕੇ ....ਤੂੰ ਐਥੇ ਮੇਰੇ ਨੇੜੇ ਬੈਠ....ਤੇ ਫਿਰ ਉਹ ਕਾਫੀ ਚਿਰ... ਬੀਤੇ ਵੇਲੇ ਦੀਆਂ ਯਾਦਾਂ ਤਾਜੀਆਂ ਕਰਦਾ ਰਿਹਾ ਤੇ ਕਦੋਂ ਉਸ ਨੂੰ ਨੀਂਦ ਆ ਗ ਈ ....ਨਾ ਉਹਨੂੰ ਤੇ ਨਾ ਹੀ ਮਨਦੀਪ ਨੂੰ ਪਤਾ ਲੱਗਿਆ....

ਸ਼ਾਮ ਨੂੰ ਅੰਗਰੇਜ ਦੀ ਅੱਖ ਖੁੱਲ੍ਹੀ.... ਮਨਦੀਪ ਉਸੇ ਤਰਾਂ ਹੀ ਬੈਠੀ ਹੋਈ ਆਪਣੇ ਖਿਆਲਾਂ ਚ ਗਵਾਚੀ ਹੋਈ ਸੀ...

ਅੰਗਰੇਜ ਨੇ ਪਾਣੀ ਪੀਤਾ..... ਦੋ ਗਲਾਸ..... ਤਿੰਨ ਗਲਾਸ...

ਉਸਨੂੰ ਪੇਸ਼ਾਬ ਦੀ ਹਾਜਤ ਹੋਈ... ਮਨਦੀਪ ਉਸਨੂੰ ਫੜ ਕੇ ਬਾਥਰੂਮ ਤੱਕ ਲੈ ਗ ਈ....ਉਸ ਨੂੰ ਖੁੱਲ੍ਹਕੇ ਪੇਸ਼ਾਬ ਆਇਆ ... ਤੇ ਫਿਰ ਨਰਸਾਂ ਤੇ ਡਾਕਟਰ ਆ ਕੇ ਅੰਗਰੇਜ ਨੂੰ ਚੈਕਅੱਪ ਵਾਸਤੇ ਲਿਫਟ ਰਾਹੀਂ ਉਪਰਲੀ ਮੰਜ਼ਿਲ ਵਿੱਚ ਲੈ ਗਏ....।

ਜਦੋਂ ਡਾਕਟਰ ਨੇ ਆ ਕੇ ਮਨਦੀਪ ਨੂੰ ਖੁਸ਼ਖਬਰੀ ਦਿੱਤੀ ਕਿ ਮੁਬਾਰਕਾਂ.... ਤੁਹਾਡੇ ਪਤੀ ਦੇ ਗੁਰਦੇ ਇੱਕਦਮ ਚੱਲ ਪਏ ਹਨ... ਇਹ ਕਿਸੇ ਕਰਿਸ਼ਮੇ ਤੋਂ ਘੱਟ ਨਹੀਂ ....ਹੁਣ ਔਪਰੇਸ਼ਨ ਦੀ ਕੋਈ ਲੋੜ ਨਹੀਂ..... ਲੀਵਰ ਵੀ ਮੈਡੀਸਨ ਨਾਲ ਠੀਕ ਕਰਨ ਦੀ ਕੋਸ਼ਿਸ਼ ਕਰਾਂਗੇ ....

ਮਨਦੀਪ ਨੂੰ ਕੋਈ ਬਹੁਤੀ ਹੈਰਾਨੀ ਨਹੀਂ ਹੋਈ..... ਉਸ ਨੂੰ ਜਿਵੇਂ ਵਿਸ਼ਵਾਸ ਸੀ... ਭਰੋਸਾ ਸੀ ....ਪਰਮਾਤਮਾ ਤੇ ....

ਜਾਂ ਫਿਰ ਅੰਗਰੇਜ ਦਾ ਹੰਕਾਰ.. ਹਾਉਮੇ .. ਆਕੜ .. ਜੋ ਗੁਰਦਿਆਂ ਵਿੱਚ ਬੰਨ੍ਹ ਮਾਰੀ ਬੈਠੇ ਸਨ..... ਜਿਹਨਾਂ ਦੇ ਟੁਟਦਿਆਂ ਹੀ ਗੁਰਦੇ ਚੱਲ ਪਏ ਸਨ.......।

**- ਰਾਜਿੰਦਰ ਢਿੱਲੋਂ ਬਾਜਾਖਾਨਾ**









ਜੇ ਪੁਲਾੜ ਬਾਰੇ ਜਾਣਨ ਦੀ ਉਤਸੁਕਤਾ ਹੈ ਤਾਂ ਕਈ ਐਪ ਤੁਹਾਡੀ ਮਦਦ ਕਰ ਸਕਦੇ ਹਨ। ਜੋ ਰੋਚਕ ਢੰਗ ਨਾਲ ਪੁਲਾੜ ਬਾਰੇ ਤੁਹਾਨੂੰ ਬਹੁਤ ਜਾਣਕਾਰੀ ਦੇਣਗੇ...

# ਆਓ ਘੁੰਮੀਏ ਪੁਲਾੜ ਦੀ ਦੁਨੀਆ



ਪੁਲਾੜ ਬਹੁਤ ਅਜੂਬਿਆਂ ਤੇ ਕਈ ਰੋਚਕ ਜਾਣਕਾਰੀਆਂ ਨਾਲ ਭਰਿਆ ਹੋਇਆ ਹੈ। ਇਸ ਕਰਕੇ ਸਾਰਿਆਂ ਨੂੰ ਇਸ ਬਾਰੇ ਜ਼ਿਆਦਾ ਤੋਂ ਜ਼ਿਆਦਾ ਜਾਣਨ ਦੀ ਜਗਿਆਸਾ ਹੁੰਦੀ ਹੈ। ਬੱਚਿਆਂ ਦੀ ਜਗਿਆਸਾ ਨੂੰ ਸ਼ਾਂਤ ਕਰਨ ਤੇ ਪੁਲਾੜ ਸਬੰਧੀ ਹਰ ਜਾਣਕਾਰੀ ਦੇਣ ਲਈ ਇਕ ਏ ਐਸ ਏ ਕਿਡਸ ਐਪ ਤਿਆਰ ਕੀਤਾ ਗਿਆ ਹੈ।

**ਲੈਬ :** ਇਥੇ ਤੁਹਾਨੂੰ ਬਹੁਤ ਸਾਰੀਆਂ ਜਾਣਕਾਰੀਆਂ ਮਿਲਣਗੀਆਂ ਅਤੇ ਕਈ ਤਰ੍ਹਾਂ ਦੀ ਖੇਡਾਂ ਵਿਚ ਤੁਸੀਂ ਭਾਗ ਵੀ ਲੈ ਸਕਦੇ ਹੋ। ਇਸ ਵਿਚ ਤਿੰਨ ਸੈਕਸ਼ਨ ਹਨ - ਬਿਲਡ, ਆਈ ਆਪਨਰ ਅਤੇ ਟ੍ਰਾਈ ਇਟ। ਬਿਲਡ ਸੈਕਸ਼ਨ ਵਿਚ ਤੁਸੀਂ ਪੇਪਰ ਦੀ ਮਦਦ ਨਾਲ ਸਪੇਸ ਮਾਡ ਬਣਾ ਸਕਦੇ ਹੋ। ਇਸ 'ਚ ਸੈਟੇਲਾਈਟ ਮਾਡਲ ਬਣਾਉਣ ਬਾਰੇ ਬਹੁਤ ਕੁਝ ਦੱਸਿਆ ਜਾਂਦਾ ਹੈ। ਆਈ ਆਪਨਰ ਸੈਕਸ਼ਨ ਵਿਚ ਤੁਹਾਨੂੰ ਐਨੀਮੇਸ਼ਨ ਦੀ ਮਦਦ ਨਾਲ ਪੁਲਾੜ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਦੇ ਟ੍ਰਾਈ ਇਟ ਸੈਕਸ਼ਨ ਵਿਚ ਕਈ ਤਰ੍ਹਾਂ ਦੇ ਐਪ ਅਤੇ ਇਨ੍ਹਾਂ ਦੇ ਪ੍ਰਯੋਗ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ।

**ਖੇਡਾਂ :** ਇਸ ਨੂੰ ਛੇ ਭਾਗਾਂ ਵਿਚ ਵੰਡਿਆ ਗਿਆ ਹੈ। ਇਸ ਦੀਆਂ ਪਹੇਲੀਆਂ ਵਾਲਾ ਸੈਕਸ਼ਨ ਤੁਹਾਨੂੰ ਬਹੁਤ ਮਨੋਰੰਜਕ ਅਤੇ ਜਾਗਰੂਕ ਕਰੇਗਾ। ਆਰਟ ਗੈਲਰੀ ਵਿਚ ਤੁਸੀਂ ਪੁਲਾੜ ਨਾਲ ਜੁੜੀਆਂ ਆਰਟ ਅਤੇ ਕਰਾਫਟ ਵੀ ਬਣਾ ਸਕਦੇ ਹੋ। ਪੁਲਾੜ ਨਾਲ ਜੁੜੀਆਂ ਬਹੁਤ ਸਾਰੀਆਂ ਜਾਣਕਾਰੀਆਂ ਤੁਹਾਨੂੰ ਇਸ ਖੇਡ-ਖੇਡ ਵਿਚ ਪਤਾ ਲਗ ਜਾਣਗੀਆਂ। ਰੰਗ ਭਰੋ ਸੈਕਸ਼ਨ ਵਿਚ ਤੁਸੀਂ ਰੰਗ ਭਰ ਕੇ ਪੁਲਾੜ ਨੂੰ ਆਪਣੇ ਰੰਗਾਂ ਨਾਲ ਰੰਗ ਸਕਦੇ ਹੋ। ਤੁਸੀਂ ਈ-ਬੁੱਕ ਵੀ ਡਾਊਨਲੋਡ ਕਰ ਸਕਦੇ ਹੋ।

**ਖ਼ਬਰਾਂ :** ਇਸ ਸੈਕਸ਼ਨ ਵਿਚ ਤੁਸੀਂ ਪੁਲਾੜ ਨਾਲ ਜੁੜੀਆਂ ਖ਼ਬਰਾਂ ਵੀ ਜਾਣ ਸਕਦੇ ਹੋ। ਇਸ ਵਿਚ ਖ਼ਬਰਾਂ ਨੂੰ ਬੱਚਿਆਂ ਲਈ ਰੋਚਕ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ।

**ਸਾਡਾ ਪੁਲਾੜ :** ਇਸ ਵਿਚ ਤੁਹਾਨੂੰ ਐਨੀਮੇਸ਼ਨ ਦੀ ਮਦਦ ਨਾਲ ਸੌਰ-ਮੰਡਲ ਅਤੇ ਬ੍ਰਹਿਮੰਡ ਦੀਆਂ ਸਾਰੀਆਂ ਮੁਢਲੀਆਂ ਜਾਣਕਾਰੀਆਂ ਦਿੱਤੀਆਂ ਜਾਂਦੀਆਂ ਹਨ। ਇਸ ਸੈਕਸ਼ਨ ਵਿਚ ਗ੍ਰਹਿਆਂ ਦੀ ਸਥਿਤੀ ਉਨ੍ਹਾਂ ਦੀ ਗਤੀ ਅਤੇ ਹੋਰ ਮਹੱਤਵਪੂਰਨ ਤੱਤਾਂ ਬਾਰੇ ਰੋਚਕ ਤਰੀਕੇ ਨਾਲ ਦੱਸਿਆ ਜਾਂਦਾ ਹੈ।

**ਪੁਲਾੜ 'ਚ ਜ਼ਿੰਦਗੀ :** ਇਸ ਵਿਚ ਐਸਟਰੋਨਾਟ ਦੀਆਂ ਹਰ ਗਤੀਵਿਧੀਆ ਨੂੰ ਐਨੀਮੇਸ਼ਨ ਦੀ ਮਦਦ ਨਾਲ ਦਿਖਾਇਆ ਗਿਆ ਹੈ। ਉਨ੍ਹਾਂ ਦੇ ਖਾਣ, ਪੀਣ, ਸੌਣ, ਸਾਫ-ਸਫਾਈ ਆਦਿ ਸਾਰੀਆਂ ਚੀਜਾਂ ਦੀ ਜਾਣਕਾਰੀ ਦਿੱਤੀ ਗਈ ਹੈ।

**ਤਕਨੀਕ :** ਪੁਲਾੜ ਨਾਲ ਜੁੜੀਆਂ ਤਕਨੀਕਾਂ ਜਿਵੇਂ ਉਪਗ੍ਰਹਿ ਸੰਚਾਰ ਮਾਧਿਅਮ ਆਦਿ ਨਾਲ ਜੁੜੀਆਂ ਰੋਚਕ ਅਤੇ ਮਹੱਤਵਪੂਰਨ ਜਾਣਕਾਰੀਆਂ ਨੂੰ ਐਨੀਮੇਸ਼ਨ ਦੇ ਮਾਧਿਅਮ ਨਾਲ ਸਮਝਾਉਣ ਦਾ ਯਤਨ ਕੀਤਾ ਜਾਂਦਾ ਹੈ।

# ਆਓ ਗੁਆਚਾ ਬਚਪਨ ਲੱਭੀਏ

ਉਹ ਵੀ ਬਚਪਨ ਸੀ,
ਜਦੋਂ ਸ਼ਾਮ ਹੁੰਦੀ ਸੀ...
ਹੁਣ ਤੇ ਸਵੇਰ ਤੋਂ ਬਾਅਦ
ਸਿੱਧੀ ਰਾਤ ਹੀ ਹੁੰਦੀ ਹੈ..





ਬਚਪਨ ਇਕ ਅਜਿਹੀ ਉਮਰ ਹੁੰਦੀ ਹੈ, ਜਦੋਂ ਬਿਨਾ ਤਣਾਅ ਤੋਂ ਜ਼ਿੰਦਗੀ ਦਾ ਮਜ਼ਾ ਲੁੱਟਿਆ ਜਾ ਸਕਦਾ ਹੈ। ਨੰਨ੍ਹੇ-ਨੰਨ੍ਹੇ ਬੁੱਲਾਂ 'ਤੇ ਫੁੱਲਾਂ ਵਰਗਾ ਹਾਸਾ ਸਭ ਦਾ ਮਨ ਮੋਹ ਲੈਂਦਾ ਹੈ। ਸ਼ਰਾਰਤ, ਰੁੱਸਣਾ, ਜ਼ਿੱਦ 'ਤੇ ਅੜ ਜਾਣਾ ਬਚਪਨ ਦੀ ਹੀ ਪਛਾਣ ਹੁੰਦੀ ਹੈ। ਸੱਚ ਕਿਹਾ ਜਾਵੇ ਤਾਂ ਬਚਪਨ ਹੀ ਅਜਿਹਾ ਸਮਾਂ ਹੁੰਦਾ ਹੈ ਜਦੋਂ ਦੁਨੀਆ ਦੇ ਝਮੇਲੇ ਜ਼ਿੰਦਗੀ ਤੋਂ ਦੂਰ ਹੁੰਦੇ ਹਨ। ਅਜੋਕੇ ਸਮੇਂ 'ਚ ਇਹ ਸਭ ਕੁਝ ਲੋਪ ਹੁੰਦਾ ਜਾ ਰਿਹਾ ਹੈ। ਨਿੱਜੀ ਜਿਹੀ ਉਮਰ ਵਿਚ ਭਾਰੀ ਬਸਤਿਆਂ ਨਾਲ ਲੱਦੇ ਮੋਢੇ, ਵੀਡੀਓ ਗੇਮਜ਼, ਟੈਲੀਵਿਜ਼ਨ ਨੇ ਬਚਪਨ ਨਾਂ ਨੂੰ ਖਤਮ ਹੀ ਕਰ ਛੱਡਿਆ ਹੈ। ਅੱਜ ਦੇ ਬੱਚਿਆਂ ਨੂੰ ਗੁੱਲੀ ਡੰਡਾ, ਲੁੱਕਣ-ਮਿੱਟੀ, ਕੋਟਲਾ-ਛਪਾਕੀ ਵਰਗੀਆਂ ਖੇਡਾਂ ਨਾਲੋਂ ਕੰਪਿਊਟਰ 'ਤੇ ਖੇਡਣਾ ਜ਼ਿਆਦਾ ਪਸੰਦ ਆਉਂਦਾ ਹੈ। ਇਸ ਕਾਰਨ ਬੱਚਿਆਂ 'ਚ ਚਿੜਚਿੜਾਪਨ ਵਧਾ ਹੀ ਜਾ ਰਿਹਾ ਹੈ। ਇਸ ਚਿੜਚਿੜਾਹਟ ਕਾਰਨ ਹੀ ਬੱਚਿਆਂ ਦੇ ਸੁਭਾਅ ਦਿਨ ਪ੍ਰਤੀ ਦਿਨ ਫਰਕ ਪੈਂਦਾ ਨਜ਼ਰ ਆ ਰਿਹਾ ਹੈ। ਹਰ ਘਰ 'ਚ ਬੱਚਾ ਆਪਣਾ ਮੋਬਾਈਲ ਫੋਨ ਚੁੱਕੀ ਬੈਠਾ ਨਜ਼ਰ ਆਉਂਦਾ ਹੈ। ਕੀ ਇਹ ਸਭ ਕੁਝ ਸਹੀ ਹੈ? ਅੱਜ ਦੇ ਮਾਂ-ਬਾਪ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੱਚਾ ਬਾਹਰੀ ਸੰਗਤ ਨਾਲੋਂ ਇਕੱਲਾ ਹੀ ਘਰ 'ਚ ਬੈਠ ਕੇ ਖੇਡਦਾ ਰਹੇ। ਮਾਂ-ਬਾਪ ਨੂੰ ਲੱਗਦਾ ਹੈ ਕਿ ਪਤਾ ਨਹੀਂ ਬਾਹਰੀ ਸੰਗਤ ਦਾ ਉਨ੍ਹਾਂ ਦੇ ਬੱਚੇ 'ਤੇ ਕਿਹਾ ਜਿਹਾ ਪ੍ਰਭਾਵ ਪਵੇਗਾ। ਇਸ ਲਈ ਉਹ ਉਸ ਨੂੰ ਬਾਹਰ ਖੇਡਣ ਨਾਲੋਂ ਅੰਦਰ ਬੈਠਾ ਕੇ ਵੀਡੀਓ ਖੇਡ ਖੇਡਣ ਦੇਣਾ ਪਸੰਦ ਕਰਦੇ ਹਨ ਪਰ ਇਸ ਦਾ ਨਤੀਜਾ ਇਹੋ ਹੀ ਦੇਖਣ ਵਿਚ ਮਿਲ ਰਿਹਾ ਹੈ ਕਿ ਉਹ ਖੁਦ ਹੀ ਬੱਚਿਆਂ 'ਚ ਨਵੀਆਂ-ਨਵੀਆਂ ਬਿਮਾਰੀਆਂ ਪੈਦਾ ਕਰਵਾ ਰਹੇ ਹਨ। ਜੇ ਬੱਚਾ ਸਾਰਾ ਦਿਨ ਅੰਦਰ ਹੀ ਬੈਠਾ ਰਹੇਗਾ ਤਾਂ ਬੱਚਾ ਦਾ ਪੂਰਾ ਵਿਕਾਸ ਕਿਝ ਹੋਵੇਗਾ? ਇਕ ਜਗ੍ਹਾਂ 'ਤੇ ਬੈਠ ਕੇ ਟੈਲੀਵਿਜ਼ਨ ਦੇਖਣ ਨਾਲ, ਵੀਡੀਓ ਗੇਮਜ਼ ਖੇਡਣ ਨਾਲ, ਕੰਪਿਊਟਰ ਚਲਾਉਣ ਨਾਲ ਉਸ ਦੀਆਂ ਅੱਖਾਂ 'ਤੇ ਮਾੜਾ ਪ੍ਰਭਾਵ ਪਵੇਗਾ ਨਾਲ ਹੀ ਉਸ ਦਾ ਮੋਟਾਪਾ ਵੀ ਵਧੇਗਾ ਜੋ ਹੋਰ ਸੌ ਬਿਮਾਰੀਆਂ ਨੂੰ ਆਪਣੇ ਨਾਲ ਲੈ ਕੇ ਆਵੇਗਾ। ਹਰ ਮਾਂ-ਬਾਪ ਤਾਂ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੱਚਾ ਪਹਿਲੇ ਨੰਬਰ 'ਤੇ ਆਵੇ, ਹਰ ਕਿਸੇ ਨਾਲ ਆਤਮ- ਵਿਸ਼ਵਾਸ਼ ਨਾਲ ਗੱਲ ਕਰ ਸਕੇ, ਉਚੀਆਂ ਬੁਲੰਦੀਆਂ ਨੂੰ ਛੂਹ ਸਕੇ ਪਰ ਕੀ ਉਸ ਨੂੰ ਸਾਰਾ ਦਿਨ ਅੰਦਰ ਬੈਠਾ ਕੇ ਉਸ ਅੰਦਰ ਆਤਮ-ਵਿਸ਼ਵਾਸ਼ ਪੈਦਾ ਹੋ ਸਕੇਗਾ। ਹਰ ਬੱਚੇ ਲਈ ਉਸ ਦੇ ਦੋਸਤ ਹੋਣੇ ਬਹੁਤ ਜ਼ਰੂਰੀ ਹਨ। ਹਰ ਛੋਟੇ ਬੱਚੇ ਤੋਂ ਲੈ ਕੇ ਵੱਡੇ ਬੱਚੇ ਲਈ ਦੋਸਤ ਜ਼ਿੰਦਗੀ ਦਾ ਬਹੁਤ ਅਹਿਮ ਹਿੱਸਾ ਹਨ। ਕਈ ਵਾਰ ਮਾਂ-ਬਾਪ ਦੇ ਡਰ ਕਾਰਨ ਕੋਈ ਬੱਚਾ ਗੱਲ ਬੱਚਾ ਖੁੱਲ



ਕੇ ਨਹੀਂ ਬੋਲ ਪਾਉਂਦਾ ਤੇ ਅੰਦਰੋਂ ਹੀ ਅੰਦਰ ਘੁੱਟਦਾ ਜਾਂਦਾ ਹੈ ਕਿਉਂ ਉਸ ਦੀ ਗੱਲ ਸੁਣਨ ਵਾਲਾ ਕੋਈ ਵਿਅਕਤੀ ਉਸ ਕੋਲ ਨਹੀਂ ਹੁੰਦਾ। ਇਸ ਲਈ ਜ਼ਰੂਰੀ ਹੈ ਬੱਚੇ ਦਾ ਬਚਪਨ 'ਚ ਦੋਸਤ ਬਣਾਉਣਾ ਅਤੇ ਖੇਡਣਾ। ਬੱਚੇ ਦੀ ਮੁਸਕਾਨ ਤੇ ਸ਼ਰਾਰਤ ਨਾਲ ਹੀ ਘਰ ਦੀ ਰੌਣਕ ਵਿੱਚ ਚਾਰ ਚੰਨ ਲਗਦੇ ਹਨ। ਇਸ ਲਈ ਇਸ ਨੂੰ ਹਮੇਸ਼ਾ ਬਰਕਰਾਰ ਬਣਾਈ ਰੱਖਣਾ ਚਾਹੀਦਾ ਹੈ।




ਮੇਰੀ ਸਾਈਕਲ ਬੜੀ ਹੈ ਸੋਹਣੀ,
ਹੈ ਸਾਰੇ ਬੱਚਿਆਂ ਦਾ ਮਨ ਮੋਹਣੀ।
ਪਾਪਾ ਜੀ ਸੀ ਸ਼ਹਿਰੋਂ ਲਿਆਏ,
ਮੈਂ ਪਾਰਕ ਵਿੱਚ ਗੇੜੇ ਲਾਏ।
ਇਸ ਦਾ ਰੰਗ ਹੈ ਲਾਲ,
ਇਸ ਨੂੰ ਪਿਆਰ ਕਰੇ ਹਰ ਬਾਲ।
ਮੈਂ ਇਸ ਨੂੰ ਸੰਭਾਲ ਕੇ ਰੱਖਾਂ,
ਜਿੱਥੇ ਜਾਵਾਂ ਇਸ ਨੂੰ ਨਾਲ ਰੱਖਾਂ।
ਇਹ ਬਿਨਾਂ ਖ਼ਰਚ ਦੇ ਚੱਲਦੀ,
ਨਾ ਪੈਟਰੋਲ, ਨਾ ਗੈਸ ਇਹ ਮੰਗਦੀ।
ਇਸ ਨੂੰ ਜਿਨਾ ਮਰਜ਼ੀ ਭਜਾਵਾਂ,
ਜਿੱਥੇ ਚਾਹਵਾਂ ਉੱਥੇ ਜਾਵਾਂ।
ਚੱਲਦੀ ਸੜਕ 'ਤੇ ਨਾ ਭਜਾਵਾਂ,
ਬਿਨਾਂ ਪਾਰਕ ਤੋਂ ਕਿਤੇ ਨਾ ਲਿਜਾਵਾਂ।
ਮੈਨੂੰ ਮੇਰੀ ਸਾਈਕਲ ਬੜੀ ਪਿਆਰੀ,
ਹਰ ਕੋਈ ਭਾਲੇ ਇਸ ਦੀ ਸਵਾਰੀ।

**- ਕੁਲਵਿੰਦਰ ਕੰਗ**

# ਬਾਲ ਕਹਾਣੀ: ਬਾਬੇ ਬੋਹੜ ਦੀ ਛਾਂ

ਪਿੰਡ ਦੇ ਨਾਲ ਵਗਦੀ ਨਦੀ ਕੰਢੇ ਇਕ ਬਹੁਤ ਵੱਡਾ ਦਰੱਖਤ ਸੀ। ਉਸ ਉੱਪਰ ਹਰ ਤਰ੍ਹਾਂ ਦੇ ਪੰਛੀਆਂ ਨੇ ਆਲ੍ਹਣੇ ਬਣਾਏ ਹੋਏ ਸਨ। ਪੰਛੀ ਸਵੇਰੇ-ਸ਼ਾਮ ਇਸ ਦਰੱਖਤ 'ਤੇ ਚਹਿਚਹਾਉਂਦੇ ਤਾਂ ਅਲੱਗ ਤਰ੍ਹਾਂ ਦਾ ਨਜ਼ਾਰਾ ਹੁੰਦਾ ਪਰ ਬਦਕਿਸਮਤੀ ਨਾਲ ਇਸ ਸੰਘਣੇ ਦਰੱਖਤ ਨੂੰ ਇਸ ਗੱਲ 'ਤੇ ਮਾਣ ਹੋ ਗਿਆ ਕਿ ਜਿੰਨੀ ਮੇਰੀ ਸ਼ੋਭਾ ਹੈ, ਓਨੀ ਹੋਰ ਕਿਸੇ ਦਰੱਖਤ ਦੀ ਨਹੀਂ। ਇਸੇ ਸ਼ੋਭਾ ਕਰਕੇ ਉਸ ਦੇ ਨੇੜੇ-ਤੇੜੇ ਕੋਈ ਦਰੱਖਤ ਉੱਗਦਾ ਤਾਂ ਉਸ ਦਾ ਪਾਣੀ ਪੀ ਜਾਂਦਾ। ਥੋੜ੍ਹਾ ਵੱਡਾ ਹੁੰਦਾ ਤਾਂ ਆਪਣੀਆਂ ਭਾਰੀਆਂ ਟਾਹਣੀਆਂ ਨਾਲ ਉਸ ਨੂੰ ਮਸਲ ਦਿੰਦਾ। ਇਸ ਦਰੱਖਤ ਦੇ ਮਨ 'ਚ ਇਹ ਗੱਲ ਘਰ ਕਰੀ ਬੈਠੀ ਸੀ ਕਿ ਉਸ ਦੇ ਮੁਕਾਬਲੇ ਕੋਈ ਹੋਰ ਦਰੱਖਤ ਵੱਡਾ ਹੋ ਗਿਆ ਤਾਂ ਉਸ ਦੀ ਪ੍ਰਸਿੱਧੀ ਘਟ ਜਾਵੇਗੀ। ਨਦੀ ਦੇ ਦੂਜੇ ਕਿਨਾਰੇ ਇਕ ਬੋਹੜ ਦਾ ਦਰੱਖਤ ਸੀ ਪਰ ਉਹ ਅਜੇ ਛੋਟਾ ਸੀ। ਉਸ ਦਾ ਸੁਭਾਅ ਤੇ ਇਸ ਦਰੱਖਤ ਦੇ ਸੁਭਾਅ 'ਚ ਜ਼ਮੀਨ-ਅਸਮਾਨ ਦਾ ਫਰਕ ਸੀ। ਹੌਲੀ-ਹੌਲੀ ਇਹ ਬੋਹੜ ਦਾ ਦਰੱਖਤ ਫੈਲਦਾ ਗਿਆ। ਇਸ ਦਰੱਖਤ ਉੱਪਰ ਵੀ ਪੰਛੀਆਂ ਨੇ ਆਲ੍ਹਣੇ ਬਣਾਉਣੇ ਸ਼ੁਰੂ ਕਰ ਦਿੱਤੇ। ਬੋਹੜ ਦਾ ਦਰੱਖਤ (ਬਾਕੀ ਸਫਾ 29 'ਤੇ)




- ਡੀ ਆਰ ਬੰਦਨਾ




# ਲਹਿੰਗਿਆਂ ਦੇ ਬਦਲਦੇ ਅੰਦਾਜ਼



ਫ਼ੈਸ਼ਨ ਦੇ ਬਦਲਦੇ ਰੰਗਾਂ ਕਾਰਨ ਹੁਣ ਵਿਆਹ ਦੇ ਲਹਿੰਗਿਆਂ ਵਿਚ ਵੀ ਬਦਲਾਅ ਹੋਣ ਲੱਗਾ ਹੈ। ਅੱਜ ਕੱਲ੍ਹ ਲਹਿੰਗਿਆਂ ਵਿਚ ਫਿਊਜ਼ਨ ਡ੍ਰੈਪ ਆਫ ਬੀਟ ਰੰਗਾਂ ਨਾਲ ਆਕਰਸ਼ਕ ਬਣ ਗਏ ਹਨ। ਅੱਜ ਕੱਲ੍ਹ 8 ਕਲੀ ਲਹਿੰਗਾ ਸਾੜੀ ਅਤੇ ਰਵਾਇਤੀ ਲਹਿੰਗਾ ਚੋਲੀ, ਅਨਾਰਕਲੀ ਅਤੇ ਜੈਕਟ ਟਾਪ ਦਾ ਜ਼ਿਆਦਾ ਚਲਨ ਹੋ ਗਿਆ ਹੈ। ਜੇ ਕਟਸ ਦੀ ਗੱਲ ਕਰੀਏ ਤਾਂ ਸਾਰੇ ਕਲੀਦਾਰ, ਡ੍ਰੈਪਡ ਕਲੀਦਾਰ ਅਤੇ ਫੁਲ ਸਰਕਲ ਲਹਿੰਗੇ ਜ਼ਿਆਦਾ ਪਸੰਦ ਕੀਤੇ ਜਾ ਰਹੇ ਹਨ। ਨਾਲ ਹੀ ਬੀਡਸ ਅਤੇ ਕੁੰਦਨ ਵਰਕ ਨਾਲ ਸਜੇ ਲਹਿੰਗਿਆਂ ਦਾ ਬੋਲਬਾਲਾ ਹੈ। ਲਾਲ ਲਹਿੰਗੇ ਤੇ ਗੋਲਡਨ ਮੋਤੀਆਂ ਦਾ ਕੰਮ ਅਤੇ ਚੌੜਾ ਬਾਰਡਰ ਵੀ ਲੱਗ ਰਿਹਾ ਹੈ ਬੇਹੱਦ ਆਕਰਸ਼ਕ। ਲਹਿੰਗਾ ਲੈਂਦੇ ਸਮੇਂ ਜੇ ਦੁਲਹਨ ਦਾ ਕੱਦ ਛੋਟਾ ਹੈ ਤਾਂ ਜੈਕਟ ਟਾਪ ਨਾਲ ਫਲੋਈ ਬਾਟਮ ਦ ਚੋਣ ਕਰਨੀ ਚਾਹੀਦੀ ਹੈ। ਦੁਲਹਨ ਜੇ ਪਤਲੀ ਤਾਂ ਕ੍ਰਾਪਡ ਬਲਾਊਜ਼ ਦੀ ਚੋਣ ਕਰੋ। ਲੰਬੀ ਦੁਲਹਨ ਲਈ ਕਾਰਸੇਟ ਟਾਪ ਦੀ ਚੋਣ ਕਰਨੀ ਚਾਹੀਦੀ ਹੈ।



**ਲਹਿੰਗੇ ਦੇ ਬਲਾਊਜ਼ ਸਟਾਈਲਿਸ਼-** ਲਹਿੰਗੇ ਦੇ ਬਲਾਊਜ਼ ਹੁਣ ਕੁਝ ਜ਼ਿਆਦਾ ਹੀ ਸਟਾਈਲਿਸ਼ ਹੋ ਗਿਆ ਹੈ। ਲਹਿੰਗੇ ਦੇ ਨਾਲ ਨਾਲ ਬਲਾਊਜ਼ ਵਿਚ ਵੀ ਕਈ ਤਰ੍ਹਾਂ ਦੇ ਫੈਬਰਿਕ ਅਤੇ ਡਿਜ਼ਾਈਨ ਦੀ ਵਰਤੋਂ ਕੀਤੀ ਜਾ ਰਹੀ ਹੈ। ਹੁਣ ਲਹਿੰਗੇ ਦੇ ਬਲਾਊਜ਼ 'ਤੇ ਆਰੀ ਅਤੇ ਜ਼ਰਦੋਜ਼ੀ ਹੀ ਨਹੀਂ ਵਰਤੀ ਜਾਂਦੀ ਬਲਕਿ ਸਿਲਕ, ਵੈਲਵੇਟ ਅਤੇ ਕ੍ਰਿਸਟਲਾਈਜ਼ਡ ਅਤੇ ਸਰਵੋਸਕੀ ਦੀ ਵੀ ਵਰਤੋਂ ਕੀਤੀ ਜਾ ਰਹੀ ਹੈ। ਜਿਸ ਕਰਕੇ ਉਹ ਜ਼ਿਆਦਾ ਆਕਰਸ਼ਕ ਲੱਗ ਰਹੇ ਹਨ।



**ਜਿਊਲਰੀ ਦੀ ਚੋਣ -** ਅੱਜ ਕੱਲ੍ਹ ਵੈਡਿੰਗ ਜਿਊਲਰੀ ਵਿਚ ਟ੍ਰੈਡੀਸ਼ਨਲ ਅਤੇ ਕੰਟੇਮਪਰੀ ਜਿਊਲਰੀ ਦਾ ਚਲਨ ਨਹੀਂ ਹੈ ਬਲਕਿ ਇਨ੍ਹਾਂ ਦੋਵੇਂ ਡਿਜ਼ਾਈਨਾਂ ਨੂੰ ਇਕੋ ਵੇਲੇ ਵਰਤ ਕੇ ਫਿਊਜ਼ਨ ਜਿਊਲਰੀ ਦਾ ਚਲਨ ਹੈ। ਪੋਲਕੀ ਦੇ ਨਾਲ ਡਾਇਮੰਡ ਦੁਲਹਨਾਂ ਵੱਲੋਂ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਜੇ ਕਿਸੇ ਦੁਲਹਨ ਦੀ ਗਰਦਨ ਦੀ ਲੰਬਾਈ ਘੱਟ ਅਤੇ ਉਸ ਦਾ ਰੰਗ ਵੀ ਦਬਿਆ ਹੋਇਆ ਹੈ ਤਾਂ ਉਸ ਨੂੰ ਗੋਲਡ, ਰੂਬੀ ਸਟੋਨ, ਬਲੂ ਕਲਰਡ ਚਾਕਰਸ, ਲਾਂਗ ਡੈਂਗਲ ਈਅਰਰਿੰਗਸ, ਰਾਣੀ ਹਾਰ, ਬਾਜੂਬੰਦ, ਮਾਂਗਟਿੱਕਾ ਪਹਿਨਣਾ ਚਾਹੀਦਾ ਹੈ। ਤੁਹਾਡੀ ਲੰਬਾਈ ਦੇ ਹਿਸਾਬ ਨਾਲ ਇਹ ਜਿਊਲਰੀ ਤੁਹਾਡੇ 'ਤੇ ਫਬੇਗੀ। ਦੁਲਹਨ ਦਾ ਰੰਗ ਜੇ ਗੋਰਾ ਹੈ ਤਾਂ ਉਸ ਨੂੰ ਚੂੜੇ ਨਾਲ ਖੂਬਸੂਰਤ ਐਥਨਿਕ ਜਿਊਲਰੀ ਪਹਿਨਣੀ ਚਾਹੀਦੀ ਹੈ।

# ਦੁਲਹਨਾਂ ਲਈ ਬਰਾਈਡਲ ਮੇਕਅੱਪ ਟਿਪਸ



ਕੀ ਤੁਹਾਡਾ ਵਿਆਹ ਜਲਦੀ ਹੋਣ ਵਾਲਾ ਹੈ? ਤਾਂ ਤੁਸੀਂ ਸਾਰੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹੋਣਗੀਆਂ। ਕਿਉਂਕਿ ਹਰ ਕੁੜੀ ਲਈ ਵਿਆਹ ਇੱਕ ਸੁਪਨਾ ਹੁੰਦਾ ਹੈ ਜੋ ਉਹ ਬਚਪਨ ਤੋਂ ਹੀ ਦੇਖਦੀ ਹੈ। ਇਸ ਦਿਨ ਖੂਬਸੂਰਤ ਲੱਗਣਾ ਚਾਹੁੰਦੀ ਹੈ ਪਰ ਕਦੀ-ਕਦੀ ਅਜਿਹਾ ਹੁੰਦਾ ਹੈ ਕਿ ਤੁਹਾਨੂੰ ਸਮਝ ਨਹੀਂ ਆਉਂਦਾ ਹੈ ਕਿ ਤੁਹਾਡੇ 'ਤੇ ਕਿਹੜਾ ਮੇਕਅੱਪ ਸਹੀ ਲੱਗੇਗਾ। ਅਜਿਹੀਆਂ ਬਹੁਤ ਦੁਲਹਨਾਂ ਹੁੰਦੀਆਂ ਹਨ ਜੋ ਜ਼ਿਆਦਾ ਮੇਕਅੱਪ ਪਸੰਦ ਨਹੀਂ ਕਰਦੀਆਂ ਸਗੋਂ ਸਿੰਪਲ ਮੇਕਅੱਪ ਕਰਦੀਆਂ ਹਨ। ਮੇਕਅੱਪ ਕਰਨ ਤੋਂ ਪਹਿਲਾਂ ਅਪਣਾਓ ਇਹ ਟਿਪਸ

**1. ਆਪਣੇ ਚਿਹਰੇ ਨੂੰ ਸਾਫ਼ ਕਰੋ-** ਮੇਕਅੱਪ ਕਰਨ ਤੋਂ ਪਹਿਲਾਂ ਚਿਹਰੇ ਨੂੰ ਚੰਗੀ ਤਰ੍ਹਾਂ ਸਾਫ਼ ਕਰੋ। ਇਸ ਲਈ ਕਲੀਜ਼ਰ ਨੂੰ ਚਿਹਰੇ 'ਤੇ ਲਗਾਓ। ਫਿਰ ਰੂੰ ਨੂੰ ਕੋਸੇ ਪਾਣੀ ਵਿੱਚ ਭਿਓਂ ਕੇ ਚਿਹਰੇ ਨੂੰ ਸਾਫ਼ ਕਰੋ। ਕਿਉਂਕਿ ਕੋਸਾ ਪਾਣੀ ਪੋਰਸ ਤੋਂ ਗੰਦਗੀ ਸਾਫ਼ ਕਰਦਾ ਹੈ। ਇਸ ਤੋਂ ਬਾਅਦ ਪਾਣੀ ਨਾਲ ਚਿਹਰਾ ਧੋ ਲਓ।



**2 ਬੇਸ ਲਗਾਓ-** ਆਪਣੀ ਚਮੜੀ 'ਤੇ ਆਪਣੀ ਚਮੜੀ ਟੋਨ ਦੇ ਹਿਸਾਬ ਨਾਲ ਬੇਸ ਲਗਾਓ। ਤੁਸੀਂ ਉਹ ਮੌਸਚਾਰਈਜ਼ਰ ਇਸਤੇਮਾਲ ਕਰ ਸਕਦੇ ਹੋ ਜੋ ਤੁਹਾਡੀ ਚਮੜੀ ਨੂੰ ਨਮੀ ਦੇਵੇਗਾ।

**3 ਪ੍ਰਾਈਮਰ ਅਤੇ ਫਾਊਂਡੇਸ਼ਨ-** ਹੁਣ ਚਿਹਰੇ 'ਤੇ ਪ੍ਰਾਈਮਰ ਲਗਾਓ ਅਤੇ 2 ਮਿੰਟ ਬਾਅਦ ਮੌਸਚਰਾਈਜ਼ਰ ਲਗਾਓ। ਇਸ ਨਾਲ ਤੁਹਾਡਾ ਕੰਸੀਲਰ ਅਤੇ ਫਾਊਂਡੇਸ਼ਨ ਆਪਣੀ ਥਾਂ 'ਤੇ ਰਹਿਣਗੇ। ਕੰਸੀਲਰ ਨਾਲ ਤੁਹਾਡੀ ਚਮੜੀ ਦੇ ਸਾਰੇ ਦਾਗ ਧੱਬੇ ਲੁਕ ਜਾਂਦੇ ਹਨ।



**4 ਹਾਈਲਾਈਟ ਦੀ ਵਰਤੋਂ ਕਰੋ-** ਜੇਕਰ ਤੁਸੀਂ ਸਿੰਪਲ ਬਰਾਈਡਲ ਮੇਕਅੱਪ ਲੁੱਕ ਚਾਹੁੰਦੇ ਹੋ ਤਾਂ ਹਾਈਲਾਈਟਰ ਲਗਾਉਣਾ ਨਾ ਭੁੱਲੋ। ਇਸ ਨੂੰ ਤੁਸੀਂ ਆਪਣੀਆਂ ਗੱਲ੍ਹਾਂ, ਨੱਕ 'ਤੇ ਲਗਾ ਸਕਦੇ ਹੋਏ।

**5 ਬਲੱਸ਼ਰ ਦੀ ਵਰਤੋਂ ਕਰੋ-** ਬਲੱਸ਼ਰ ਤੁਸੀਂ ਆਪਣੀ ਚਮੜੀ ਦੇ ਹਿਸਾਬ ਜਾ ਆਪਣੀ ਡਰੈੱਸ ਨਾਲ ਮਿਲਦੇ ਰੰਗ ਦਾ ਲਗਾ ਸਕਦੀ ਹੋ। ਇਸ ਨੂੰ ਹਮੇਸ਼ਾ ਉੱਪਰ ਵੱਲ ਲਗਾਓ।

**6 ਆਈਸ ਮੇਕਅੱਪ-** ਸਿੰਪਲ ਬਰਾਈਲ ਮੇਕਅੱਪ ਅੱਖਾਂ ਬਿਨ੍ਹਾਂ ਅਧੂਰਾ ਰਹਿੰਦਾ ਹੈ। ਅੱਖਾਂ ਦਾ ਮੇਕਅੱਪ ਅੱਖਾਂ ਦੀ ਪੁਤਲੀ ਦੇ ਹਿਸਾਬ ਨਾਲ ਕਰਨਾ ਚਾਹੀਦਾ ਹੈ। ਆਈ ਸ਼ੈਡੋ ਦਾ ਰੰਗ ਤੁਹਾਡੀ ਚਮੜੀ ਦੇ ਹਿਸਾਬ ਨਾਲ ਹੋਣਾ ਚਾਹੀਦਾ ਹੈ। ਗਰਮੀਆਂ 'ਚ ਵਾਟਰਪਰੂਫ ਆਈਲਾਈਨਰ ਅਤੇ ਕਾਜਲ ਦੀ ਵਰਤੋਂ ਕਰੋ।




# ਬੱਚਿਆਂ ਨੂੰ ਸਕੂਲ ਭੇਜਣ ਲਈ ਤਿਆਰ ਕਰਨਾ ਲਗਦੀ ਹੈ ਇਕ ਵੱਡੀ ਮੁਸੀਬਤ ?



ਜਿਨ੍ਹਾਂ ਦੇ ਛੋਟੇ ਬੱਚੇ ਸਕੂਲ ਜਾਂਦੇ ਹਨ, ਉਨ੍ਹਾਂ ਘਰਾਂ ਵਿਚ ਸਵੇਰੇ-ਸਵੇਰੇ ਬੱਚਿਆਂ ਨੂੰ ਤਿਆਰ ਕਰਕੇ ਸਮੇਂ ਸਿਰ ਸਕੂਲ ਭੇਜਣ ਦੀ ਇਕ ਸਮੱਸਿਆ ਬਣੀ ਰਹਿੰਦੀ ਹੈ। ਸਾਰੇ ਘਰ ਵਿਚ ਹਫੜਾ-ਦਫੜੀ ਦਾ ਮਾਹੌਲ ਬਣਿਆ ਰਹਿੰਦਾ ਹੈ। ਬੱਚਿਆਂ ਦੇ ਰੋਣ ਦੀਆਂ ਆਵਾਜ਼ਾਂ ਅਤੇ ਮਾਪੇ ਟੈਨਸ਼ਨ ਭਰਪੂਰ ਭੱਜ-ਨੱਠ ਕਰਦੇ ਦੇਖਣ ਨੂੰ ਮਿਲਦੇ ਹਨ।

ਸਕੂਲ ਭੇਜਣ ਲਈ ਬੱਚਿਆਂ ਨੂੰ ਜਲਦੀ ਜਗਾਉਣਾ ਬਹੁਤ ਜ਼ਰੂਰੀ ਹੈ। ਬੱਚਿਆਂ ਨੂੰ ਸਵੇਰੇ ਜਲਦੀ ਜਗਾਉਣਾ ਵੀ ਇਕ ਕਲਾ ਤੋਂ ਘੱਟ ਨਹੀਂ ਹੈ। ਕਿਉਂਕਿ ਬਹੁਤ ਸਾਰੇ ਮਾਪੇ ਇਸ ਕਲਾ ਵਿਚ ਸਫਲ ਹੁੰਦੇ ਹਨ ਅਤੇ ਬਹੁਤ ਸਾਰੇ ਅਸਫਲ। ਕਈ ਮਾਵਾਂ ਬੱਚਿਆਂ ਨੂੰ ਸਵੇਰੇ ਬਹੁਤ ਹੀ ਚਾਅ-ਲਾਡ ਨਾਲ ਜਗਾਉਂਦੀਆਂ ਹਨ ਅਤੇ ਕਈ ਤਾਂ ਬੱਚਿਆਂ ਦੀ ਖਿੱਚ-ਧੂਹ ਕਰਕੇ ਆਪਣਾ ਵੀ ਸਾਰੇ ਦਿਨ ਲਈ ਮੂਡ ਖਰਾਬ ਕਰ ਲੈਂਦੀਆਂ ਹਨ। ਮਨੋਵਿਗਿਆਨਕ ਦ੍ਰਿਸ਼ਟੀ ਤੋਂ ਹਰ ਇਕ ਛੋਟਾ ਬੱਚਾ ਚਾਹੁੰਦਾ ਹੈ ਕਿ ਉਸ ਨੂੰ ਉਸ ਦੀ ਮਾਂ ਹੀ ਸਵੇਰੇ ਲਾਡ ਨਾਲ ਜਗਾਵੇ ਅਤੇ ਇਸ ਤਰ੍ਹਾਂ ਸਵੇਰੇ-ਸਵੇਰੇ ਮਾਂ ਦਾ ਰੋਲ ਹੋਰ ਵੀ ਵਧ ਜਾਂਦਾ ਹੈ। ਕਿਉਂਕਿ ਉਸ ਸਮੇਂ ਉਸ ਨੇ ਬੱਚਿਆਂ ਦਾ ਨਾਸ਼ਤਾ ਅਤੇ ਸਕੂਲ ਲਈ ਟਿਫਨ ਵੀ ਤਿਆਰ ਕਰਨਾ ਹੁੰਦਾ ਹੈ। ਸੁੱਘੜ ਅਤੇ ਸਿਆਣੀਆਂ ਮਾਵਾਂ ਆਪ ਜਲਦੀ ਉੱਠ ਕੇ ਬੜੇ ਹੀ ਮਿਠਾਸ ਭਰੇ ਤਰੀਕੇ ਨਾਲ ਬੱਚਿਆਂ ਨੂੰ ਜਗਾਉਂਦੀਆਂ ਅਤੇ ਨਹਾ ਕੇ ਤਿਆਰ ਕਰਦੀਆਂ ਹਨ ਅਤੇ ਬੱਚਿਆਂ ਨੂੰ ਖੁਸ਼ੀ-ਖੁਸ਼ੀ ਸਕੂਲ ਭੇਜਦੀਆਂ ਹਨ, ਪਰ ਦੂਜੇ ਪਾਸੇ ਕੁਝ ਅਜਿਹੀਆਂ ਮਾਵਾਂ ਵੀ ਹੁੰਦੀਆਂ ਹਨ, ਜੋ ਆਪ ਸਵੇਰੇ ਲੇਟ ਉੱਠਦੀਆਂ ਅਤੇ ਆਪਣੀ ਗਲਤੀ ਦਾ ਸਾਰਾ ਗੁੱਸਾ ਬੱਚੇ ਉੱਤੇ ਉਤਾਰਦੀਆਂ ਹਨ। ਹਰ ਬੱਚੇ ਨੂੰ ਨੀਂਦ ਪਿਆਰੀ ਹੁੰਦੀ ਹੈ ਅਤੇ ਉਸ ਦਾ ਸਵੇਰੇ ਜਲਦੀ ਉਠਣ ਨੂੰ ਮਨ ਨਹੀਂ ਕਰਦਾ। ਮਾਂ ਨੂੰ ਬੜੇ ਠਰ੍ਹੰਮੇ ਤੋਂ ਕੰਮ ਲੈਣ ਦੀ ਜ਼ਰੂਰਤ ਹੁੰਦੀ ਹੈ।

ਬੱਚਿਆਂ ਦਾ ਸਕੂਲ ਜਾ ਕੇ ਵੀ ਮਨ ਪੜ੍ਹਾਈ ਵਿਚ ਘੱਟ ਲਗਦਾ ਹੈ ਅਤੇ ਉਹ ਚੰਗੀ ਵਿੱਦਿਆ ਪਾਉਣ ਵਿਚ ਅਸਫਲ ਰਹਿੰਦੇ ਹਨ। ਬੱਚਿਆਂ ਨੂੰ ਸਵੇਰੇ ਸਕੂਲ ਤਿਆਰ ਕਰਨ ਵਿਚ ਪਿਤਾ ਨੂੰ ਵੀ ਸਹਾਇਤਾ ਕਰਨੀ ਚਾਹੀਦੀ ਹੈ, ਕਿਉਂਕਿ ਸਵੇਰੇ-ਸਵੇਰੇ ਮਾਂ 'ਤੇ ਕੰਮ ਦਾ ਬੋਝ ਜ਼ਿਆਦਾ ਹੋ ਜਾਂਦਾ ਹੈ। ਅੱਜਕਲ੍ਹ ਤਾਂ ਖਾਸ ਕਰਕੇ ਪਿੰਡਾਂ ਅਤੇ ਸ਼ਹਿਰਾਂ ਵਿਚ ਇੰਗਲਿਸ਼ ਮੀਡੀਅਮ ਸਕੂਲਾਂ ਦੇ ਬੱਚਿਆਂ ਦੀ ਤਿਆਰੀ ਲਈ ਪੂਰੇ ਪਰਿਵਾਰ ਨੂੰ ਵਿਸ਼ੇਸ਼ ਮੁਹਿੰਮ ਚਲਾਉਣੀ ਪੈਂਦੀ ਹੈ। ਬੱਚਿਆਂ ਦਾ ਸਕੂਲੀ ਬੈਗ ਤਿਆਰ ਕਰਨਾ, ਸਕੂਲ ਦੀ ਇੱਛਾ ਅਨੁਸਾਰ ਵਰਦੀ ਦਾ ਰੰਗ ਉਸ ਦਿਨ ਅਨੁਸਾਰ ਪਾਉਣਾ, ਬੂਟਾਂ ਅਤੇ ਜੁਰਾਬਾਂ ਨੂੰ ਚੰਗੀ ਤਰ੍ਹਾਂ ਚੈੱਕ ਕਰਕੇ ਪਾਉਣਾ, ਸਭ ਕੁਝ ਮਾਪਿਆਂ ਨੇ ਸਵੇਰੇ-ਸਵੇਰੇ ਚੈੱਕ ਕਰਨਾ ਹੁੰਦਾ ਹੈ। ਇਸ ਸਭ ਕੁਝ ਲਈ ਚੰਗਾ ਹੁੰਦਾ ਹੈ ਕਿ ਮਾਪੇ ਬੱਚਿਆਂ ਦੀ ਡਰੈੱਸ ਨੂੰ ਚੰਗੀ ਤਰ੍ਹਾਂ ਚੈੱਕ ਕਰਕੇ ਰਾਤ ਨੂੰ ਹੀ ਤਿਆਰ ਰੱਖਣ। ਬੱਚੇ ਵਲੋਂ ਸਕੂਲ ਵਰਤੋਂ ਲਈ ਪੈੱਨ, ਪੈਨਸਿਲ, ਰਬੜ ਅਤੇ ਹੋਰ ਲੋੜੀਂਦੀ ਸਟੇਸ਼ਨਰੀ ਬੜੇ ਧਿਆਨ ਨਾਲ ਪਾਉਣੀ ਚਾਹੀਦੀ ਹੈ, ਨਹੀਂ ਤਾਂ ਬੱਚਾ ਸਕੂਲ ਵਿਚ ਕਿਸੇ ਚੀਜ਼ ਦੀ ਕਮੀ ਮਹਿਸੂਸ ਕਰਦਾ ਹੋਇਆ ਆਪਣੇ-ਆਪ ਨੂੰ ਨਿੰਮੋਝੂਣਾ ਜਿਹਾ ਮਹਿਸੂਸ ਕਰਦਾ ਹੈ ਅਤੇ ਮਨ ਲਗਾ ਕੇ ਪੜ੍ਹਾਈ ਵਿਚ ਧਿਆਨ ਨਹੀਂ ਦਿੰਦਾ।

ਜਿਉਂ-ਜਿਉਂ ਬੱਚਾ ਵੱਡਾ ਹੁੰਦਾ ਹੈ, ਉਸ ਨੂੰ ਖੁਦ ਤਿਆਰ ਹੋਣ, ਆਪਣੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਾਉਣਾ ਚਾਹੀਦਾ ਹੈ। ਸਕੂਲ ਲਈ ਤਿਆਰ ਹੋਣ ਵਾਸਤੇ ਵੀ ਉਸ ਨੂੰ ਖੁਦ 'ਤੇ ਨਿਰਭਰ ਹੋਣਾ ਚਾਹੀਦਾ ਹੈ। ਛੋਟੇ ਬੱਚਿਆਂ ਤੇ ਛੋਟੀਆਂ ਜਮਾਤਾਂ ਸਮੇਂ ਮਾਪਿਆਂ ਦੀ ਦੇਖ-ਰੇਖ ਕੁਝ ਜ਼ਿਆਦਾ ਹੀ ਹੁੰਦੀ ਹੈ ਪਰ ਜਿਨ੍ਹਾਂ ਘਰਾਂ ਵਿਚ ਮਾਵਾਂ ਵੀ ਨੌਕਰੀ ਕਰਦੀਆਂ ਹਨ ਜਾਂ ਕਿਸੇ ਹੋਰ ਕੰਮ 'ਤੇ ਪਰਿਵਾਰ ਦੇ ਨਿਰਬਾਹ ਲਈ ਕੰਮ 'ਤੇ ਜਾਂਦੀਆਂ ਹਨ, ਉਨ੍ਹਾਂ ਲਈ ਸਮੱਸਿਆ ਕੁਝ ਜ਼ਿਆਦਾ ਹੀ ਹੁੰਦੀ ਹੈ, ਕਿਉਂਕਿ ਉਨ੍ਹਾਂ ਆਪ ਵੀ ਤਿਆਰ ਹੋ ਕੇ ਸਮੇਂ ਸਿਰ ਆਪਣੀ ਡਿਊਟੀ 'ਤੇ ਪਹੁੰਚਣਾ ਹੁੰਦਾ ਹੈ ਪਰ ਇਹ ਗੱਲ ਵੀ ਬਿਲਕੁਲ ਠੀਕ ਹੈ ਕਿ ਜਦੋਂ ਤੱਕ ਬੱਚੇ ਛੋਟੇ ਹਨ ਜਾਂ ਸਕੂਲ ਵਿਚ ਪੜ੍ਹਦੇ ਹਨ ਤਾਂ ਉਨ੍ਹਾਂ ਦੀ ਤਿਆਰੀ ਕਰਨ ਦੀ ਸਮੱਸਿਆ ਬਣੀ ਰਹਿੰਦੀ ਹੈ ਪਰ ਇਸ ਸਮੱਸਿਆ ਨੂੰ ਆਪਣਾ ਕਰਤੱਵ ਸਮਝਦੇ ਹੋਏ ਪਿਆਰ, ਨਿਮਰਤਾ, ਮਿਠਾਸ, ਮਿਲਵਰਤਣ ਅਤੇ ਖੁਸ਼ੀ-ਖੁਸ਼ੀ ਹੱਲ ਕਰਨਾ ਚਾਹੀਦਾ ਹੈ, ਤਾਂ ਕਿ ਬੱਚਿਆਂ ਅਤੇ ਮਾਪਿਆਂ ਦਾ ਜੀਵਨ ਖੁਸ਼ੀ ਭਰਪੂਰ ਨਿਰੋਗ ਬਣਿਆ ਰਹੇ। ਬੱਚੇ ਵੀ ਪੜ੍ਹਾਈ ਵੱਲ ਜ਼ਿਆਦਾ ਧਿਆਨ ਦੇਣ ਲੱਗ ਜਾਂਦੇ ਹਨ।

- ਗੁਰਭਿੰਦਰ ਗੁਰੀ

# ਬਾਰਿਸ਼ ਦੇ ਮੌਸਮ 'ਚ ਕਿਵੇਂ ਕਰੀਏ ਕੱਪੜਿਆਂ ਦੀ ਸੰਭਾਲ ?

ਬਾਰਿਸ਼ ਦੇ ਮੌਸਮ 'ਚ ਅਕਸਰ ਸੀਲਨ ਕਾਰਨ ਕੱਪੜਿਆਂ 'ਚੋਂ ਬਦਬੂ ਆਉਣ ਲੱਗਦੀ ਹੈ। ਕਈ ਵਾਰ ਤਾਂ ਕੱਪੜਿਆਂ 'ਤੇ ਸਫੇਦ ਦਾਗ ਵੀ ਪੈ ਜਾਂਦੇ ਹਨ, ਜੋ ਕਿ ਬੇਹੱਦ ਭੱਦੇ ਲੱਗਣ ਲੱਗਦੇ ਹਨ। ਅਜਿਹੇ ਕੱਪੜਿਆਂ ਨੂੰ ਪਹਿਨਣ ਦਾ ਦਿਲ ਵੀ ਨਹੀਂ ਕਰਦਾ ਪਰ ਅੱਜ ਅਸੀਂ ਤੁਹਾਨੂੰ ਕੁਝ ਅਜਿਹੇ ਟਿਪਸ ਦੱਸਣ ਜਾ ਰਹੇ ਹਾਂ ਜੋ ਕਿ ਕੱਪੜਿਆਂ 'ਚੋਂ ਆਉਣ ਵਾਲੀ ਬਦਬੂ ਨੂੰ ਦੂਰ ਰੱਖਣ 'ਚ ਮਦਦ ਕਰਨਗੇ। ਜੇ ਤੁਸੀਂ ਵੀ ਮਾਨਸੂਨ ਸੀਜਨ 'ਚ ਕੱਪੜਿਆਂ 'ਚੋਂ ਆਉਣ ਵਾਲੀ ਬਦਬੂ ਨੂੰ ਲੈ ਕੇ ਪ੍ਰੇਸ਼ਾਨ ਹੋ ਤਾਂ ਇਨ੍ਹਾਂ ਟਿਪਸ ਦੀ ਮਦਦ ਨਾਲ ਤੁਸੀਂ ਇਸ ਸਮੱਸਿਆ ਤੋਂ ਛੁਟਕਾਰਾ ਪਾ ਸਕਦੇ ਹੋ।

**ਮਾਨਸੂਨ 'ਚ ਕੱਪੜਿਆਂ ਦੀ ਬਦਬੂ ਹਟਾਉਣ ਦੇ ਟਿਪਸ :**



1. ਅਲਮਾਰੀ 'ਚ ਕੱਪੜੇ ਰੱਖਣ ਤੋਂ ਪਹਿਲਾਂ ਉਸ ਨੂੰ ਕਿਸੇ ਕੱਪੜੇ ਨਾਲ ਸਾਫ ਕਰ ਲਓ। ਇਸ ਤੋਂ ਬਾਅਦ ਕਪੂਰ ਦੇ ਪਾਣੀ ਨਾਲ ਅਲਮਾਰੀ ਨੂੰ ਸਾਫ ਕਰੋ ਅਤੇ ਸੁੱਕਣ ਲਈ ਛੱਡ ਦਿਓ। ਅਲਮਾਰੀ ਸੁੱਕਣ ਦੇ ਬਾਅਦ ਉਸ 'ਚ ਕੱਪੜੇ ਰੱਖ ਦਿਓ। ਇਸ ਨਾਲ ਕੱਪੜਿਆਂ 'ਚੋਂ ਸੀਲਨ ਦੀ ਬਦਬੂ ਨਹੀਂ ਆਵੇਗੀ।
2. ਬਾਰਿਸ਼ ਦੇ ਮੌਸਮ 'ਚ ਧੁੱਪ ਨਾ ਨਿਕਲਣ ਕਾਰਨ ਕੱਪੜੇ ਠੀਕ ਤਰ੍ਹਾਂ ਨਾਲ ਸੁੱਕ ਨਹੀਂ ਪਾਉਂਦੇ, ਜਿਸ ਕਾਰਨ ਉਸ 'ਚ ਬਦਬੂ ਆਉਣ ਲੱਗਦੀ ਹੈ। ਅਜਿਹੇ 'ਚ ਤੁਸੀਂ ਕੱਪੜਿਆਂ ਨੂੰ ਧੋਣ ਤੋਂ ਪਹਿਲਾਂ ਉਸ ਨੂੰ ਚੰਗੀ ਤਰ੍ਹਾਂ ਨਾਲ ਨਿਚੋੜ ਲਓ। ਇਸ ਤੋਂ ਬਾਅਦ ਸੁੱਕਣ ਦੇ ਲਈ ਪਾਓ ਅਤੇ ਚੰਗੀ ਤਰ੍ਹਾਂ ਨਾਲ ਹਵਾ ਲਗਵਾਓ।
3. ਮਹਿੰਗੇ ਅਤੇ ਕੀਮਤੀ ਕੱਪੜਿਆਂ ਨੂੰ ਅਲਮਾਰੀ 'ਚ ਰੱਖਣ ਤੋਂ ਪਹਿਲਾਂ ਵੈਕਸ ਪੇਪਰ ਜਾਂ ਪਲਾਸਟਿਕ ਪੇਪਰ 'ਚ ਲਪੇਟ ਕੇ ਰੱਖ ਦਿਓ। ਇਸ ਨਾਲ ਕੱਪੜੇ ਅਲਮਾਰੀ ਦੇ ਸੰਪਰਕ 'ਚ ਨਹੀਂ ਆਉਣਗੇ ਅਤੇ ਖਰਾਬ ਹੋਣ ਤੋਂ ਬਚ ਜਾਣਗੇ।
4. ਕਈ ਵਾਰ ਤੁਸੀਂ ਕੱਪੜੇ ਸਿੱਲੇ-ਸਿੱਲੇ ਹੋਣ 'ਤੇ ਵੀ ਅਲਮਾਰੀ 'ਚ ਰੱਖ ਦਿੰਦੀ ਹੋ ਪਰ ਇਸ ਨਾਲ ਵੀ ਕੱਪੜਿਆਂ 'ਚੋਂ ਬਦਬੂ ਆਉਣ ਲੱਗਦੀ ਹੈ। ਇਸ ਲਈ ਕੱਪੜਿਆਂ ਨੂੰ ਚੰਗੀ ਤਰ੍ਹਾਂ ਸੁੱਕਣ ਦੇ ਬਾਅਦ ਹੀ ਅਲਮਾਰੀ 'ਚ ਰੱਖੋ।
5. ਹਫਤੇ 'ਚ ਇਕ ਵਾਰ ਅਲਮਾਰੀ ਨੂੰ ਜ਼ਰੂਰ ਸਾਫ ਕਰੋ। ਇਸ ਨਾਲ ਹਵਾ ਅਲਮਾਰੀ ਦੇ ਅੰਦਰ ਜਾਵੇਗੀ ਅਤੇ ਸੀਲਨ ਦੀ ਸਮੱਸਿਆ ਨਹੀਂ ਹੋਵੇਗੀ।
6. ਕੱਪੜਿਆਂ ਦੀ ਬਦਬੂ ਨੂੰ ਦੂਰ ਕਰਨ ਲਈ ਅਲਮਾਰੀ 'ਚ ਨੈਪਥਲੀਨ ਦੀਆਂ ਗੋਲੀਆਂ ਵੀ ਰੱਖ ਸਕਦੀ ਹੋ। ਇਸ ਦੀ ਵਰਤੋਂ ਕੱਪੜਿਆਂ 'ਚੋਂ ਆਉਣ ਵਾਲੀ ਬਦਬੂ ਨੂੰ ਦੂਰ ਰੱਖਦਾ ਹੈ।
7. ਤੁਸੀਂ ਕੱਪੜਿਆਂ ਨੂੰ ਪਲਾਸਟਿਕ ਬੈਗ ਦੀ ਬਜਾਏ ਅਖਬਾਰ 'ਚ ਲਪੇਟ ਕੇ ਵੀ ਰੱਖ ਸਕਦੇ ਹੋ। ਇਸ ਤੋਂ ਇਲਾਵਾ ਹਫਤੇ 'ਚ ਇਕ ਵਾਰ ਕੱਪੜਿਆਂ ਨੂੰ ਧੁੱਪ 'ਚ ਜ਼ਰੂਰ ਸੁਕਾਓ।
8. ਖਾਣੇ 'ਚ ਵਰਤੋਂ ਹੋਣ ਵਾਲਾ ਬੇਕਿੰਗ ਸੋਡਾ ਕੱਪੜਿਆਂ ਦੀ ਬਦਬੂ ਨੂੰ ਵੀ ਹਟਾਉਂਦਾ ਹੈ। ਇਸ ਦੇ ਇਲਾਵਾ ਤੁਸੀਂ ਕੱਪੜਿਆਂ ਨੂੰ ਧੋਂਦੇ ਸਮੇਂ ਉਸ 'ਚ ਥੋੜ੍ਹਾ ਜਿਹਾ ਬੇਕਿੰਗ ਸੋਡਾ ਪਾ ਦਿਓ। ਇਸ ਨਾਲ ਕੱਪੜਿਆਂ 'ਚੋਂ ਬਦਬੂ ਨਹੀਂ ਆਵੇਗੀ।

# ਡਿਫਰੈਂਟ ਸਟਾਈਲ ਨਾਲ ਕੈਰੀ ਕਰੋ ਸਕਾਰਫ



ਸਕਾਰਫ ਅਜਿਹੀ ਅਸੈੱਸਰੀ ਹੈ ਜਿਸ ਨੂੰ ਲੜਕੀਆਂ ਗਰਮੀ ਹੋਵੇ ਜਾਂ ਸਰਦੀ, ਦੋਹਾਂ ਹੀ ਮੌਸਮ ਵਿਚ ਕੈਰੀ ਕਰ ਸਕਦੀਆਂ ਹਨ, ਕਿਉਂਕਿ ਇਹ ਕਦੀ ਆਊਟ ਆਫ ਫੈਸ਼ਨ ਨਹੀਂ ਹੁੰਦੇ। ਇਹ ਡ੍ਰੈੱਸਕੋਡ ਨੂੰ ਇਕ ਵੱਖਰੀ ਗ੍ਰੇਸ ਅਤੇ ਸਟਾਈਲਿਸ਼ ਟੱਚਅਪ ਤਾਂ ਦਿੰਦਾ ਹੀ ਹੈ, ਨਾਲ ਹੀ ਗਰਮੀ ਵਿਚ ਤੇਜ਼ ਧੁੱਪ ਤੇ ਧੂੜ-ਮਿੱਟੀ, ਉਥੇ ਹੀ ਸਰਦੀਆਂ ਵਿਚ ਠੰਡੀਆਂ ਹਵਾਵਾਂ ਤੋਂ ਬਚਾਈ ਰੱਖਦਾ ਹੈ। ਸਮਰ ਸੀਜ਼ਨ ਵਿਚ ਜਿੱਥੇ ਹਲਕੇ-ਫੁਲਕੇ ਪ੍ਰਿੰਟ ਤੇ ਫੈਬ੍ਰਿਕ ਜਿਵੇਂ ਸ਼ਿਫਾਨ, ਕਾਟਨ, ਸਾਟਨ, ਜਾਰਜੈੱਟ ਅਤੇ ਸਿਲਕ ਨੂੰ ਪਸੰਦ ਕੀਤਾ ਜਾਂਦਾ ਹੈ, ਉਥੇ ਹੀ ਸਰਦੀਆਂ ਵਿਚ ਡਾਰਕ ਕਲਰ ਵਿਚ ਹੈਵੀ ਫੈਬ੍ਰਿਕ ਜਿਵੇਂ ਉੱਨ, ਫੈਦਰ ਆਦਿ ਦੀ ਮੰਗ ਜ਼ਿਆਦਾ ਹੋ ਜਾਂਦੀ ਹੈ। ਮਜ਼ੇ ਦੀ ਗੱਲ ਇਹ ਹੈ ਕਿ ਜਦੋਂ ਤੁਸੀਂ ਸਕਾਰਫ ਕੈਰੀ ਕਰਦੇ ਹੋ ਤਾਂ ਤੁਹਾਨੂੰ ਹੋਰ ਕੋਈ ਹੈਵੀ ਅਸੈੱਸਰੀ ਵੀਅਰ ਕਰਨ ਦੀ ਲੋੜ ਨਹੀਂ ਪੈਂਦੀ।



ਆਊਟਫਿੱਟ ਦੇ ਹਿਸਾਬ ਨਾਲ ਸਕਾਰਫ ਨੂੰ ਵੱਖ-ਵੱਖ ਸਟਾਈਲ ਵਿਚ ਕੈਰੀ ਕਰ ਕੇ ਤੁਸੀਂ ਆਪਣੀ ਲੁਕ ਨੂੰ ਯੂਨੀਕ ਅਤੇ ਆਕਰਸ਼ਕ ਦਿਖਾ ਸਕਦੇ ਹੋ। ਜੇ ਤੁਸੀਂ ਵੀ ਇਹ ਸਮਝ ਨਹੀਂ ਪਾਉਂਦੇ ਕਿ ਆਖਿਰ ਸਕਾਰਫ ਨੂੰ ਕਿਵੇਂ ਕੈਰੀ ਕਰੀਏ ਤਾਂ ਚਲੋ ਅੱਜ ਅਸੀਂ ਤੁਹਾਨੂੰ ਡਿਫਰੈਂਟ ਸਟਾਈਲ ਨਾਲ ਸਕਾਰਫ ਵੀਅਰ ਕਰਨ ਦੇ ਕੁੱਝ ਤਰੀਕੇ ਦੱਸਦੇ ਹਾਂ।

ਤੁਸੀਂ ਸਕਾਰਫ ਨੂੰ ਕੇਪ ਸਟਾਈਲ ਵਿਚ ਵੀ ਕੈਰੀ ਕਰ ਸਕਦੇ ਹੋ। ਇਸਦੇ ਲਈ ਤੁਹਾਨੂੰ ਚੌਰਸ ਵੱਡੇ ਆਕਾਰ ਦਾ ਸਕਾਰਫ ਚਾਹੀਦਾ ਹੈ। ਬਸ ਸਕਾਰਫ ਦੇ ਸੈਂਟਰ ਦੇ ਦੋਵਾਂ ਕੋਨਿਆਂ ਨੂੰ ਆਪਸ ਵਿਚ ਮਿਲਾਓ ਤਾਂ ਕਿ ਇਹ ਤ੍ਰਿਕੋਣੇ ਆਕਾਰ ਵਿਚ ਆ ਜਾਣ। ਹੁਣ ਸਕਾਰਫ ਦੇ ਦੋਹਾਂ ਕੋਨਿਆਂ ਨੂੰ ਮੋਢਿਆਂ ਤੋਂ ਅੱਗੇ ਵਾਲੇ ਪਾਸੇ ਲਟਕਾਓ। ਕੇਪ ਸਟਾਈਲ ਸਕਾਰਫ ਤਿਆਰ ਹੈ। ਇਸ ਨੂੰ ਲੰਮੇ ਸਮੇਂ ਤੱਕ ਇਕ ਹੀ ਥਾਂ 'ਤੇ ਸੈੱਟ ਰੱਖਣਾ ਚਾਹੁੰਦੇ ਹੋ ਤਾਂ ਇਸਦੇ ਨਾਲ ਬੈਲਟ ਕੈਰੀ ਕਰੋ।



1. ਜੇ ਤੁਸੀਂ ਸਕਾਰਫ ਨੂੰ ਦੁਪੱਟੇ ਵਾਂਗ ਕਵਰ ਕਰਨਾ ਚਾਹੁੰਦੇ ਹੋ ਤਾਂ ਉਸ ਨੂੰ ਅੱਗੇ ਵਾਲੇ ਪਾਸੇ ਫ੍ਰੀ ਛੱਡਦੇ ਹੋਏ ਉਸ 'ਤੇ ਬੈਲਟ ਲਗਾ ਲਓ। ਇਸ ਨਾਲ ਤੁਹਾਡੀ ਲੁਕ ਟ੍ਰੈਡੀਸ਼ਨਲ ਦੇ ਨਾਲ ਵੈਸਟਰਨ ਵੀ ਦਿਖਾਈ ਦੇਵੇਗੀ।
2. ਟੀ-ਸ਼ਰਟ ਜਾਂ ਸ਼ਰਟ ਨਾਲ ਤੁਸੀਂ ਸਕਾਰਫ ਨੂੰ ਸਿੰਪਲ ਤਰੀਕੇ ਨਾਲ ਗੰਢ ਬੰਨ੍ਹ ਕੇ ਕੈਰੀ ਕਰ ਸਕਦੇ ਹੋ।
3. ਸਰਦੀਆਂ ਵਿਚ ਜੇ ਤੁਸੀਂ ਹੱਥ ਨਾਲ ਬੁਣੇ ਜਾਂ ਮੋਟੇ ਸਟੱਫ ਦੇ ਸਕਾਰਫ ਨੂੰ ਕੈਰੀ ਕਰਨਾ ਚਾਹੁੰਦੇ ਹੋ ਤਾਂ ਇਸ ਨੂੰ ਆਪਣੀ ਗਰਦਨ 'ਤੇ ਟਵਿਸਟ ਕਰਦੇ ਹੋਏ ਲਪੇਟ ਲਓ। ਇਸ ਨਾਲ ਤੁਸੀਂ ਸਟਾਈਲਿਸ਼ ਵੀ ਲੱਗੋਗੇ ਅਤੇ ਗਰਦਨ ਵੀ ਠੰਡ ਤੋਂ ਬਚੀ ਰਹੇਗੀ।
4. ਸਕਾਰਫ ਨੂੰ ਤੁਸੀਂ ਸਕਾਰਫ ਵਾਂਗ ਨਹੀਂ ਪਹਿਨਣਾ ਚਾਹੁੰਦੇ ਹੋ ਤਾਂ ਇਸ ਨੂੰ ਬੈਲਟ ਵਾਂਗ ਟਾਈ ਕਰੋ।



ਇਸ ਨੂੰ ਤੁਸੀਂ ਵਨ ਪੀਸ, ਸਕਰਟ, ਜੀਨਸ ਨਾਲ ਟਾਈ ਕਰ ਸਕਦੇ ਹੋ। ਬਸ ਲੂੱਪੀ 'ਚ ਸਕਾਰਫ ਨੂੰ ਪਾ ਕੇ ਬੈਲਟ ਵਾਂਗ ਬੰਨ੍ਹ ਲਓ।

5. ਸਕਾਰਫ ਨੂੰ ਤੁਸੀਂ ਹੇਅਰ ਅਸੈੱਸਰੀਜ਼ ਦੇ ਰੂਪ ਵਿਚ ਵੀ ਕੈਰੀ ਕਰ ਸਕਦੇ ਹੋ। ਬਸ ਕਲਰਫੁੱਲ ਸਕਾਰਫ ਨੂੰ ਸਿਰ ਦੇ ਚਾਰੇ ਪਾਸੇ ਚੰਗੀ ਤਰ੍ਹਾਂ ਬੰਨ੍ਹ ਲਓ, ਫਿਰ ਗਰਦਨ ਦੀ ਫਰੰਟ ਸਾਈਡ ਤੋਂ ਸਕਾਰਫ ਦੇ ਕੋਨੇ ਫੜ ਕੇ ਗੰਢ ਬੰਨ੍ਹ ਲਓ।



6. ਉਂਝ ਅੱਜਕਲ੍ਹ ਮਾਰਕੀਟ ਵਿਚ ਝਾਲਰਦਾਰ ਸਕਾਰਫ ਵੀ ਖੂਬ ਵਿਕ ਰਹੇ ਹਨ। ਇਨ੍ਹਾਂ ਸਕਾਰਫ ਨੂੰ ਤੁਸੀਂ ਪਾਰਟੀ ਵੀਅਰ ਵੈਸਟਰਨ ਸਟਾਈਲ ਡਰੈੱਸ ਨਾਲ ਕੈਰੀ ਕਰ ਸਕਦੇ ਹੋ। ਗਾਊਨ ਨਾਲ ਫਰਿੱਲ ਵਾਲੇ ਸਕਾਰਫ ਬਹੁਤ ਸਟਾਈਲਿਸ਼ ਲਗਦੇ ਹਨ।

# ਪੜ੍ਹੇ ਲਿਖੇ ਉਤੇ ਭਾਰੀ ਪਈ ਅਨਪੜ੍ਹਤਾ



ਮਾਰਚ 2017 ਦੇ ਤੀਜੇ ਜਾਂ ਚੌਥੇ ਹਫ਼ਤੇ ਦੀ ਗੱਲ ਹੈ। ਛੁੱਟੀ ਦਾ ਦਿਨ ਹੋਣ ਦੇ ਕਾਰਨ ਭਾਰਤੀ ਪ੍ਰਸ਼ਾਸਨਿਕ ਸੇਵਾ ਦੇ ਪ੍ਰਮੁੱਖ ਅਧਿਕਾਰੀ ਜੇ. ਸੀ. ਮੋਂਹਤੀ ਦੁਪਹਿਰ ਨੂੰ ਆਪਣੇ ਸਰਕਾਰੀ ਬੰਗਲੇ ਵਿੱਚ ਬਣੇ ਆਫ਼ਿਸ ਵਿੱਚ ਬੈਠੇ ਫ਼ਾਈਲਾਂ ਦੇਖ ਰਹੇ ਸਨ। ਉਹਨਾਂ ਦੇ ਮੇਜ ਤੇ ਫ਼ਾਈਲਾਂ ਦਾ ਢੇਰ ਲੱਗਿਆ ਹੋਇਆ ਸੀ। ਉਹ ਰਾਜਸਥਾਨ ਦੇ ਜਨ ਸਿਹਤ ਇੰਜੀਨੀਅਰਿੰਗ ਦੇ ਭੂਮ ਜਲ ਵਿਭਾਗ ਵਿੱਚ ਮੁੱਖ ਸਕੱਤਰ ਹਨ। ਉਹ ਪਾਣੀ ਦੇ ਮਹਿਕਮੇ ਨਾਲ ਜੁੜੇ ਹਨ ਅਤੇ ਇਸ ਵਕਤ ਗਰਮੀ ਦਾ ਮੌਸਮ ਚੱਲ ਰਿਹਾ ਸੀ। ਇਸ ਕਰਕੇ ਫ਼ਾਈਲਾਂ ਦੀ ਗਿਣਤੀ ਕਾਫ਼ੀ ਹੋ ਗਈ ਸੀ। ਉਹ ਫ਼ਾਈਲ ਤੇ ਸਬੰਧਤੀ ਅਧਿਕੀਆਂ ਦੁਆਰਾ ਲਿਖੀਆਂ ਗਈਆਂ ਟਿੱਪਣੀਆਂ ਨੂੰ ਧਿਆਨ ਨਾਲ ਪੜ੍ਹ ਰਹੇ ਸਨ ਕਿ ਅਚਾਨਕ ਉਹਨਾ ਦੇ ਮੋਬਾਇਲ ਤੇ ਘੰਟੀ ਵੱਜੀ। ਉਹਨਾਂ ਨੇ ਮੋਬਾਇਲ ਤੇ ਸਕ੍ਰੀਨ ਉਤੇ ਆਉਣ ਵਾਲੇ ਨੰਬਰਾਂ ਨੂੰ ਸਰਸਰੀ ਤੌਰ ਤੇ ਦੇਖਿਆ ਅਤੇ ਫ਼ਿਰ ਸਵਿੱਚ ਔਨ ਕਰਕੇ ਹੈਲੋ ਕਿਹਾ।

ਸਰ ਮੈਂ ਸਟੇਟ ਬੈਂਕ ਆਫ਼ ਇੰਡੀਆ ਤੋਂ ਬੋਲ ਰਿਹਾ ਹੈ, ਫ਼ੋਨ ਕਰਨ ਵਾਲੇ ਨੇ ਕਿਹਾ।

ਹਾਂ ਦੱਸੋ, ਮੋਂਹਤੀ ਨੇ ਫ਼ਾਈਲ ਤੇ ਨਜ਼ਰਾਂ ਲਗਾਉਂਦੇ ਹੋਏ ਹੀ ਕਿਹਾ।

ਸਰ, ਤੁਹਾਨੂੰ ਪਤਾ ਹੀ ਹੋਵੇਗਾ ਕਿ ਇੱਕ ਅਪ੍ਰੈਲ ਤੋਂ ਸਟੇਟ ਬੈਂਕ ਆਫ਼ ਬੀਕਾਨੇਰ ਐਂਡ ਜੈਪੁਰ ਸਮੇਤ ਦੇਸ਼ ਦੇ 5 ਬੈਂਕਾਂ ਦਾ ਐਸ. ਬੀ. ਆਈ. ਵਿੱਚ ਰਲੇਵਾਂ ਹੋ ਰਿਹਾ ਹੈ। ਤੁਹਾਡਾ ਖਾਤਾ ਐਸ. ਬੀ. ਬੀ. ਜੇ. ਵਿੱਚ ਹੈ। ਤੁਹਾਡੇ ਐਸ. ਬੀ. ਬੀ. ਜੇ. ਦੇ ਏ. ਟੀ. ਐਮ. ਕਾਰਡ ਦਾ ਵੈਰੀਫ਼ਿਕੇਸ਼ਨ ਕਰਨਾ ਹੈ ਤਾਂ ਜ ਉਸਨੂੰ ਐਸ. ਬੀ. ਆਈ. ਨਾਲ ਜੋੜਿਆ ਜਾ ਸਕੇ। ਦੂਜੇ ਪਾਸਿਉਂ ਫ਼ੋਨ ਕਰਨ ਵਾਲੇ ਨੇ ਨਪੇ-ਤੁਲੇ ਸ਼ਬਦਾਂ ਵਿੱਚ ਕਿਹਾ।

ਗੱਲ ਕਰਨ ਵਾਲੇ ਦਾ ਲਹਿਜ਼ਾ ਸਭਿਆ ਅਤੇ ਪ੍ਰੋਫ਼ੈਸ਼ਨਲ ਲੱਗਦਾ ਸੀ, ਇਸ ਕਰਕੇ ਜੇ. ਸੀ. ਮੁਹੰਤੀ ਨੇ ਪੁੱਛਿਆ, ਉਹ ਤਾਂ ਠੀਕ ਹੈ ਪਰ ਇਸ ਲਈ ਮੈਂ ਕੀ ਕਰਨਾ ਹੈ ?

ਸਰ, ਤੁਸੀਂ ਤੁਹਾਡੇ ਏ. ਟੀ. ਐਮ. ਕਾਰਡ ਦਾ ਨੰਬਰ ਦੱਸ ਦਿਓ, ਫ਼ੋਨ ਕਰਨ ਵਾਲੇ ਨੇ ਕਿਹਾ।

ਬੈਂਕਾਂ ਦੇ ਰਲੇਵੇਂ ਦੀ ਗੱਲ ਤਾਂ ਮੋਂਹਤੀ ਨੂੰ ਪਤਾ ਸੀ ਕਿਉਂਕਿ ਰੋਜ਼ ਹੀ ਖਬਰਾਂ ਆ ਰਹੀਆਂ ਸਨ। ਇਸ ਕਰਕੇ ਉਹਨਾਂ ਨੇ ਟੇਬਲ ਤੇ ਰੱਖੇ ਆਪਣੇ ਪਰਸ ਤੋਂ ਸਟੇਟ ਬੈਂਕ ਆਫ਼ ਬੀਕਾਨੇਰ ਐਂਡ ਜੈਪੁਰ ਦਾ ਏ. ਟੀ. ਐਮ. ਕਾਰਡ ਕੱਢ ਕੇ ਉਸ ਤੇ ਸਾਹਮਣੇ ਲਿਖੇ 12 ਅੰਕ ਫ਼ੋਨ ਕਰਨ ਵਾਲੇ ਨੂੰ ਦੱਸ ਦਿੱਤੇ। ਦੂਜੇ ਪਾਸਿਉਂ ਫ਼ੋਨ ਕਰਨ ਵਾਲੇ ਨੇ ਏ. ਟੀ. ਐਮ. ਕਾਰਡ ਨੰਬਰ ਨੋਟ ਕਰਦੇ ਹੋਏ ਦੁਬਾਰਾ ਬੋਲ ਕੇ ਕਨਫ਼ਰਮ ਕਰਦੇ ਹੋਏ ਕਿਹਾ, ਥੈਂਕਿਊ ਸਰ, ਤੁਹਾਡਾ ਇੱਕ ਮਿੰਟ ਹੋਰ ਲਿਆਂਗਾ। ਤੁਹਾਨੂੰ ਏ. ਟੀ. ਐਮ. ਕਾਰਡ ਦੇ ਪਿੱਛੇ ਲਿਖਿਆ ਸੀ. ਵੀ ਵੀ ਨੰਬਰ ਵੀ ਦੱਸਣਾ ਹੋਵੇਗਾ।

ਮੋਂਹਤੀ ਨੇ ਸੀਵੀਵੀ ਨੰਬਰ ਵੀ ਦੱਸ ਦਿੱਤਾ। ਇਸ ਤੋਂ ਬਾਅਦ ਫ਼ੋਨ ਕੱਟਿਆ ਗਿਆ ਤਾਂ ਉਹ ਫ਼ਿਰ ਤੋਂ ਆਪਣੇ ਕੰਮ ਵਿੱਚ ਰੁੱਝ ਗਿਆ। ਕੁਝ ਦੇਰ ਬਾਅਦ ਹੀ ਉਸ ਦੇ ਮੋਬਾਇਲ ਤੇ ਇੱਕ ਮੈਸੇਜ ਆਇਆ, ਉਸਨੇ ਮੈਸੇਜ ਦੇਖਿਆ ਤਾਂ ਉਸ ਵਿੱਚ ਓ. ਟੀ. ਪੀ. ਨੰਬਰ ਸੀ। ਉਸਨੂੰ ਉਸਨੇ ਆਪਣੀ ਡਾਇਰੀ ਵਿੱਚ ਨੋਟ ਕਰ ਲਿਆ।

ਮੈਸੇਜ ਆਉਣ ਤੋਂ ਕਰੀਬ 10 ਮਿੰਟ ਬਾਅਦ ਉਹਨਾਂ ਦੇ ਮੋਬਾਇਲ ਤੇ ਇੱਕ ਵਾਰ ਫ਼ਿਰ ਉਸ ਵਿਅਕਤੀ ਦਾ ਫ਼ੋਨ ਆਇਆ। ਉਸ ਨੇ ਕਿਹਾ, ਸਰ ਤੁਹਾਨੂੰ ਇੱਕ ਵਾਰ ਹੋਰ ਕਸ਼ਟ ਦੇ ਰਿਹਾ ਹਾਂ, ਤੁਹਾਡੇ ਮੋਬਾਇਲ ਤੇ ਓ. ਟੀ. ਪੀ. ਨੰਬਰ ਦਾ ਮੈਸੇਜ ਆਇਆ ਹੋਵੇਗਾ। ਇਸੇ ਓ. ਟੀ. ਪੀ. ਨੰਬਰ ਤੋਂ ਤੁਹਾਡੇ ਏ. ਟੀ. ਐਮ. ਕਾਰਡ ਅਤੇ ਬੈਂਕ ਖਾਤੇ ਦਾ ਵੈਰੀਫ਼ਿਕੇਸ਼ਨ ਕੀਤਾ ਜਾਵੇਗਾ। ਕਿਰਪਾ ਕਰਕੇ ਤੁਸੀਂ ਉਹ ਓ. ਟੀ. ਪੀ. ਨੰਬਰ ਦੱਸ ਦਿਓ ਤਾਂ ਜੋ ਤੁਹਾਡੇ ਖਾਤੇ ਅਤੇ ਏ. ਟੀ. ਐਮ. ਕਾਰਡ ਨੂੰ ਵੈਰੀਫ਼ਾਈ ਕਰਕੇ ਸਟੇਟ ਬੈਂਕ ਆਫ਼ ਇੰਡੀਆ ਨਾਲ ਜੋੜ ਕੇ ਅਪਡੇਟ ਕੀਤਾ ਜਾ ਸਕੇ।

ਕੁਝ ਦੇਰ ਪਹਿਲਾਂ ਹੀ ਆਪਣੀ ਪ੍ਰਸਨਲ ਡਾਇਰੀ ਵਿੱਚ ਲਿਖਿਆ ਓ. ਟੀ. ਪੀ. ਨੰਬਰ ਜੇ. ਸੀ. ਮੋਂਹਤੀ ਨੇ ਫ਼ੋਨ ਕਰਨ ਵਾਲੇ ਨੂੰ ਦੱਸ ਦਿੱਤਾ ਅਤੇ ਆਪਣੇ ਕੰਮ ਵਿੱਚ ਰੁੱਝ ਗਿਆ। ਸਕੱਤਰੇਤ ਵਿੱਚ ਆਈ. ਏ. ਐਸ. ਅਧਿਕਾਰੀ ਦਾ ਜੀਵਨ ਬਹੁਤ ਬਿਜ਼ੀ ਹੁੰਦਾ ਹੈ। ਦਿਨ ਭਰ ਮੀਟਿੰਗਾਂ ਅਤੇ ਫ਼ਾਈਲਾਂ ਨਾਲ ਸਿਰ ਖਪਾਉਣਾ ਪੈਂਦਾ ਹੈ।

ਕਦੀ ਸਬੰਧਤ ਮੰਤਰੀ ਬੁਲਾ ਲੈਂਦੇ ਹਨ ਅਤੇ ਕਦੀ ਮੁੱਖ ਸਕੱਤਰ, ਮੁੱਖ ਮੰਤਰੀ ਆਫ਼ਿਸ ਨਾਲ ਵੀ ਦਿਨ ਵਿੱਚ 2-4 ਵਾਰ ਕਿਸੇ ਨਾ ਕਿਸੇ ਫ਼ਾਈਲ ਦੇ ਬਾਰੇ ਪੁੱਛਗਿੱਛ ਕੀਤੀ ਜਾਂਦੀ ਹੈ। ਵੈਸੇ ਵੀ ਉਹਨਾਂ ਦਿਨਾਂ ਵਿੱਚ ਰਾਜਸਥਾਨ ਵਿਧਾਨ ਸਭਾ ਦਾ ਬਜਟ ਸੈਸ਼ਨ ਚੱਲ ਰਿਹਾ ਸੀ, ਇਸ ਕਰਕੇ ਭੂਮੀ ਜਲ ਵਿਭਾਗ ਦੇ ਸਵਾਲਾਂ ਦੇ ਜਵਾਬ ਦੇ ਲਈ ਉਹਨਾਂ ਦਾ ਵਿਧਾਨ ਸਭਾ ਵਿੱਚ ਹਾਜ਼ਰ ਰਹਿਣਾ ਜ਼ਰੂਰੀ ਸੀ।

ਇਹਨਾਂ ਰੁਝੇਵਿਆਂ ਵਿੱਚਕਾਰ ਜੇ. ਸੀ. ਮੋਂਹਤੀ ਦੇ ਮੋਬਾਇਲ ਤੇ 50 ਦੇ ਕਰੀਬ ਮੈਸੇਜ ਅਜਿਹੇ ਆਏ, ਜਿਹਨਾਂ ਨੂੰ ਉਹ ਖੋਲ੍ਹ ਕੇ ਦੇਖ ਜਾਂ ਪੜ੍ਹ ਨੀਂ ਸਕੇ। 3 ਅਪ੍ਰੈਲ ਨੂੰ ਉਹ ਸਕੱਤਰੇਤ ਦੇ ਆਪਣੇ ਆਫ਼ਿਸ ਵਿੱਚ ਬੈਠੇ ਸਨ, ਜਿਸ ਵਕਤ ਉਹ ਥੋੜ੍ਹਾ ਫ਼ੁਰਸਤ ਵਿੱਚ ਸਨ, ਉਦੋਂ ਹੀ ਉਹਨਾਂ ਦੇ ਮੋਬਾਇਲ ਤੇ ਇੱਕ ਮੈਸੇਜ ਆਇਆ। ਉਹਨਾਂ ਨੇ ਉਹ ਮੈਸੇਜ ਪੜ੍ਹਿਆ ਤਾਂ ਹੈਰਾਨ ਰਹਿ ਗਏ। ਮੈਸੇਜ ਮੁਤਾਬਕ ਉਹਨਾਂ ਦੇ ਬੈਂਕ ਖਾਤੇ ਤੋਂ 30 ਹਜ਼ਾਰ ਰੁਪਏ ਕਢਵਾਏ ਗਏ ਸਨ।

ਜਦਕਿ ਬੈਂਕ ਤੋਂ ਜਾਂ ਏ. ਟੀ. ਐਮ. ਤੋਂ ਉਹਨਾਂ ਨੇ ਕੋਈ ਪੈਸੇ ਨਹੀਂ ਕਢਵਾਏ ਸਨ, ਇਸ ਕਰਕੇ ਉਹ ਪ੍ਰੇਸ਼ਾਨ ਹੋ ਗਿਆ। ਉਹ ਤੁਰੰਤ ਸਕੱਤਰੇਤ ਵਿੱਚ ਸਥਿਤ ਸਟੇਟ ਬੈਂਕ ਆਫ਼ ਬੀਕਾਨੇਰ ਐਂਡ ਜੈਪੁਰ ਦੀ ਬਰਾਂਚ ਪਹੁੰਚਿਆ ਅਤੇ ਬੈਂਕ ਮੈਨੇਜਰ ਨੂੰ ਪੂਰੀ ਗੱਲ ਦੱਸੀ। ਬੈਂਕ ਮੈਨੇਜਰ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਤੁਰੰਤ ਜੇ. ਸੀ. ਮੋਂਹਤੀ ਦੇ ਬੈਂਥ ਖਾਤੇ ਦੀ ਡਿਟੇਲ ਕਢਵਾਈ, ਜਿਸਨੂੰ ਦੇਖ ਕੇ ਸ੍ਰੀ ਮੋਂਹਤੀ ਨੂੰ ਝਟਕਾ ਜਿਹਾ ਲੱਗਿਆ। ਉਹਨਾਂ ਦੇ ਬੈਂਕ ਖਾਤੇ ਤੋਂ 22 ਮਾਰਚ ਤੋਂ 3 ਅਪ੍ਰੈਲ ਵਿੱਚਕਾਰ ਅਲੱਗ ਅਲੱਗ ਸਮੇਂ ਵਿੱਚ 73 ਹਜ਼ਾਰ ਰੁਪਏ ਕਢਵਾਏ ਗ? ਸਨ।

ਉਹਨਾਂ ਦੇ ਮੋਬਾਇਲ ਤੇ ਬੈਂਕ ਵੱਲੋਂ ਇਸ ਨਿਕਾਸੀ ਦੇ ਮੈਸੇਜ ਵੀ ਭੇਜੇ ਗ? ਸਨ। ਪਰ ਰੁਝੇਵਿਆਂ ਦੇ ਕਾਰਨ ਉਹ ਮੈਸੇਜ ਦੇਖ ਨਾ ਸਕਿਆ। ਖਾਤੇ ਤੋਂ ਕਰੀਬ ਪੌਣੇ 3 ਲੱਖ ਕਢਵਾਉਣ ਦੀ ਡਿਟੇਲ ਦੇਖ ਕੇ ਜੇ. ਸੀ. ਮੋਂਹਤੀ ਨੂੰ ਕਰੀਬ 15 ਦਿਨ ਪਹਿਲਾਂ ਮੋਬਾਇਲ ਤੇ ਆਏ ਉਸ ਫ਼ੋਨ ਦੀ ਯਾਦ ਆਈ, ਜਿਸ ਵਿੱਚ ਖੁਦ ਨੂੰ ਬੈਂਥ ਅਧਿਕਾਰੀ ਦੱਸ ਕੇ ਕਿਸੇ ਆਦਮੀ ਨੇ ਉਹਨਾਂ ਦਾ ਏ. ਟੀ. ਐਮ. ਕਾਰਡ ਦਾ ਨੰਬਰ, ਸੀ. ਵੀ. ਸੀ. ਨੰਬਰ ਅਤੇ ਓ. ਟੀ. ਪੀ. ਨੰਬਰ ਮੰਗਿਆ ਸੀ।

ਮੋਂਹਤੀ ਸਮਝ ਗਿਆ ਕਿ ਉਹ ਸਾਈਬਰ ਠੱਗਾਂ ਦੀ ਠੱਗੀ ਦਾ ਸ਼ਿਕਾਰ ਹੋ ਗਿਆ ਹੈ। ਉਹਨਾਂ ਦੇ ਨਾਲ ਆਨਲਾਈਨ ਠੱਗੀ ਹੋ ਗਈ ਹੈ। ਉਹਨਾਂ ਨੂੰ ਦੁੱਖ ਇਸ ਗੱਲ ਦਾ ਸੀ ਕਿ ਸਤੰਬਰ 2016 ਵਿੱਚ ਇੱਕ ਵਾਰ ਹੋਰ ਉਸ ਨਾਲ ਸਾਈਬਰ ਠੱਗੀ ਲੱਗ ਚੁੱਕੀ ਸੀ। ਉਸ ਵਕਤ ਉਹਨਾਂ ਦੇ ਕ੍ਰੈਡਿਟ ਕਾਰਡ ਤੋਂ ਵਿਦੇਸ਼ ਵਿੱਚ 86 ਹਜ਼ਾਰ ਦੀ ਸ਼ਾਪਿੰਗ ਕੀਤੀ ਗਈ ਸੀ। ਜੈਪੁਰ ਦੇ ਥਾਣਾ ਅਸ਼ੋਕ ਨਗਰ ਵਿੱਚ ਇਯ ਦੀ ਰਿਪੋਰਟ ਦਰਜ ਕਰਵਾਈ ਗਈ ਪਰ ਠੱਗਾਂ ਦਾ ਪਤਾ ਨਹੀਂ ਲੱਗ ਸਕਿਆ ਸੀ।

ਇਸ ਆਨਲਾਈਨ ਲੱਗੀ ਤੋਂ ਉਹ ਪ੍ਰੇਸ਼ਾਨ ਹੋ ਗਿਆ। ਉਹਨਾਂ ਨੇ ਬੈਂਕ ਮੈਨੇਜਰ ਨੂੰ ਪੈਸਿਆਂ ਦੀ ਨਿਕਾਸੀ ਰੋਕਣ ਲਈ ਕਿਹਾ ਹੀ ਨਹੀਂ, ਬਲਕਿ ਬੈਂਕ ਦੀ ਜ਼ਰੂਰੀ ਕਾਗਜ਼ੀ ਖਾਨਾਪੂਰਤੀ ਵੀ ਕੀਤੀ ਤਾਂ ਜੋ ਆਨਲਾਈਨ ਠੱਗੀ ਕਰਨ ਵਾਲੇ ਭਵਿੱਖ ਵਿੱਚ ਉਸਦੇ ਖਾਤੇ ਤੋਂ ਪੈਸਾ ਨਾ ਕਢਵਾ ਸਕਣ। ਇਸ ਤੋਂ ਬਾਅਦ ਆਪਣੇ ਦਫ਼ਤਰ ਪਹੁੰਚ ਕੇ ਉਸਨੇ ਪੁਲਿਸ ਕਮਿਸ਼ਨਰ ਨੂੰ ਫ਼ੋਨ ਕਰਕੇ ਆਪਣੇ ਨਾਲ ਹੋਈ ਸਾਈਬਰ ਠੱਗੀ ਦੀ ਜਾਣਕਾਰੀ ਦਿੱਤੀ।

ਪੁਲਿਸ ਵੀ ਹੈਰਾਨ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਰਾਜਸਥਾਨ ਪੁਲਿਸ ਅਤੇ ਵੱਖ ਵੱਖ ਬੈਂਕਾਂ ਵੱਲੋਂ ਅਕਸਰ ਅਖਬਾਰਾਂ, ਇਲੈਕਟ੍ਰਾਨਿਕ ਅਤੇ ਡਿਜ਼ੀਟਲ ਮੀਡੀਆ ਦੁਆਰਾ ਰੋਜ਼ਾਨਾ ਲੋਕਾਂ ਨੂੰ ਆਨਲਾਈਨ ਠੱਗੀ ਬਾਰੇ ਜਾਗਰੂਕ ਕੀਤਾ ਜਾ ਰਿਹਾ ਸੀ ਕਿ ਕਿਸੇ ਵੀ ਵਿਅਕਤੀ ਨੂੰ ਫ਼ੋਨ ਤੇ ਆਪਣਾ ਏ. ਟੀ. ਐਮ. ਕਾਰਡ ਬੈ ਬੈਂਕ ਖਾਤੇ ਦੀ ਡਿਟੇਲ ਬਿਲਕੁਲ ਨਾ ਦਿਓ।

ਪੁਲਿਸ ਅਤੇ ਬੈਂਕਾਂ ਦੀ ਇੰਨੀ ਕੋਸ਼ਿਸ਼ ਦੇ ਬਾਵਜੂਦ ਵੀ ਆਮ ਆਦਮੀ ਰੋਜ਼ਾਨਾ ਇਹਨਾਂ ਠੱਗਾਂ ਦਾ ਸ਼ਿਕਾਰ ਹੋ ਰਹੇ ਹਨ ਪਰ ਜੇਕਰ ਕੋਈ ਸੀਨੀਅਰ ਆਈ. ਏ. ਐਸ. ਅਫ਼ਸਰ ਇਸ ਕਿਸਮ ਦੀ ਠੱਗੀ ਦ ਾ ਸ਼ਿਕਾਰ ਹ ੋ ਜਾਵੇ ਤਾਂ ਹੈਰਾਨੀ ਹੁੰਦੀ ਹੈ। ਸੰਜੇ ਅੱਗਰਵਾਲ ਨੇ ਮੋਂਹਤੀ ਨੂੰ ਰਿਪੋਰਟ ਦਰਜ ਕਰਾਉਣ ਦੀ ਸਲਾਹ ਦਿੰਦੇ ਹੋਏ ਸਾਈਬਰ ਠੱਗਾਂ ਨੂੰ ਜਲਦੀ ਪਕੜਨ ਦਾ ਭਰੋਸਾ ਦਿੱਤਾ।

ਮੂਲ ਤੌਰ ਤੇ ਉੜੀਸਾ ਦੇ ਰਹਿਣ ਵਾਲੇ ਰਾਜਸਥਾਨ ਕੈਡਰ ਦੇ ਸੰਨ 1985 ਬੈਚ ਦੇ ਆਈ. ਐਸ. ਅਧਿਕਾਰੀ ਮੋਂਹਤੀ ਨੇ ਉਸੇ ਦਿਨ ਜੈਪੁਰ ਦੇ ਸਕੱਤਰੇਤ ਕੋਲ ਸਥਿਤ ਥਾਣਾ ਅਸ਼ੋਕਨਗਰ ਵਿੱਚ ਆਪਣੇ ਨਾਲ ਹੋਈ ਠੱਗੀ ਦੀ ਰਿਪੋਰਟ ਦਰਜ ਕਰਵਾਈ। ਆਨਲਾਈਨ ਠੱਗੀ ਦਾ ਇਹ ਇੱਕ ਉਦਾਹਰਣ ਹੈ। ਅਜਿਹੀ ਠੱਗੀ ਰਾਜਸਥਾਨ ਸਮੇਤ ਭਾਰਤ ਦੇ ਲੱਗਭੱਗ ਹਰ ਸੂਬੇ ਵਿੱਚ ਰੋਜ਼ਾਨਾ ਸੌ-ਪੰਜਾਹ ਲੋਕਾਂ ਨਾਲ ਹੋ ਰਹ ਹੈ। ਰਾਜਸਥਾਨ ਵਿੱਚ ਸੰਨ 2016 ਵਿੱਚ ਸਾਈਬਰ ਕ੍ਰਾਈਮ ਦੇ 907 ਮੁਕੱਦਮੇ ਦਰਜ ਹੋਏ ਸਨ, ਜਿਹਨਾਂ ਵਿੱਚ 530 ਮੁਕੱਦਮੇ ਸਿਰਫ਼ ਜੈਪੁਰ ਸ਼ਹਿਰ ਵਿੱਚ ਦਰਜ ਹੋਏ ਸਨ।

ਮੁਕੱਦਮਿਆਂ ਦੇ ਦਰਜ ਹੋਣ ਤੋਂ ਬਾਅਦ ਜਾਂਚ ਵਿੱਚ ਸਾਹਮਣੇ ਆਇਆ ਕਿ ਸਾਈਬਰ ਠੱਗ ਖੁਦ ਨੂੰ ਬੈਂਕ ਮੈਨੇਜਰ ਦੱਸ ਕੇ ਲੋਕਾਂ ਦੇ ਮੋਬਾਇਲ ਤੇ ਫ਼ੋਨ ਕਰਕੇ ਕਹਿੰਦੇ ਹਨ ਕਿ ਤੁਹਾਡਾ ਏ. ਟੀ. ਐਮ. ਕਾਰਡ ਬੰਦ ਹੋ ਰਿਹਾ ਹੈ ਜਾਂ ਤੁਹਾਡੇ ਏ. ਟੀ. ਐਮ. ਕਾਰਡ ਚਲਾਉਣ ਦੀ ਸੀਮਾ ਵਧਵਾਓ ਅਤੇ ਇਸਨੂੰ ਆਧਾਰ ਕਾਰਡ ਨਾਲ ਲਿੰਕ ਕਰਵਾਓ। ਕਿਸੇ ਵੀ ਵਿਅਕਤੀ ਨੂੰ ਇਹ ਠੱਗ ਮੋਬਾਇਲ ਤੇ ਕਹਿੰਦੇ ਹਨ ਕਿ ਤੁਹਾਡਾ ਏ. ਟੀ. ਐਮ. ਕਾਰਡ ਪੁਰਾਣਾ ਹੋ ਗਿਆ ਹੈ। ਉਸ ਦੇ ਬਦਲੇ ਨਵਾਂ ਕਾਰਡ ਜਾਰੀ ਕੀਤਾ ਜਾ ਰਿਹਾ ਹੈ। ਇਸ ਕਰਕੇ ਨਵਾਂ ਪਾਸਵਰਡ ਦਿੱਤਾ ਜਾ ਰਿਹਾ ਹੈ। ਤੁਸੀਂ ਪਿਛਲੀ ਵਾਰ ਏ. ਟੀ. ਐਮ. ਤੋਂ ਕਦੋਂ ਰਕਮ ਕਢਵਾਈ ਸੀ ? ਕੀ ਤੁਸੀਂ ਨਵੇਂ ਕੇ. ਵਾਈ. ਸੀ. ਜਾਂ ਆਧਾਰ ਕਾਰਡ ਨੂੰ ਲਿੰਕ ਨਹੀਂ ਕੀਤਾ ਹੈ ?

ਬੈਂਕ ਵਾਲਿਆਂ ਵਾਂਗ ਤਕਨੀਕੀ ਗੱਲਾਂ ਕਹਿ ਕੇ ਇਹ ਠੱਗ ਮੋਬਾਇਲ ਤੇ ਹੀ ਲੋਕਾਂ ਦੇ ਏ. ਟੀ. ਐਮ. ਕਾਰਡ ਦਾ ਨੰਬਰ, ਸੀ. ਵੀ. ਸੀ. ਨੰਬਰ ਅਤੇ ਓ. ਟੀ. ਪੀ. ਨੰਬਰ ਪੁੱਛ ਲੈਂਦੇ ਹਨ। ਇਸ ਤੋਂ ਬਾਅਦ ਇਹ ਸਾਈਬਰ ਠੱਗ ਸਮਾਰਟ ਫ਼ੋਨ ਜਾਂ ਕੰਪਿਊਟਰ ਦੇ ਜ਼ਰੀਏ ਮਨੀ ਟ੍ਰਾਂਸਫ਼ਰ ਸਾਫ਼ਟਵੇਅਰ ਦੁਆਰਾ ਉਸ ਵਿਅਕਤੀ ਦੇ ਖਾਤੇ ਦੀ ਰਕਮ ਕਢਵਾ ਲੈਂਦੇ ਹਨ।

ਰਾਜਸਥਾਨ ਵਿੱਚ ਇਯ ਕਿਸਮ ਦੀਆਂ ਲਗਾਤਾਰ ਹੋ ਰਹੀਆਂ ਠੱਗੀ ਦੀਆਂ ਵਾਰਦਾਤਾਂ ਕਰਨ ਵਾਲੇ ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਦੇ ਤਲੇਗਾਉਂ ਇਲਾਕੇ ਵਿੱਚ ਰਹਿ ਰਹੇ ਹਨ। ਟੀਮ ਨੇ ਉਹਨਾਂ ਨੂੰ ਪਛਾਣ ਕੇ ਨਿਗਰਾਨੀ ਆਰੰਭ ਕੀਤੀ ਤਾਂ ਪਤਾ ਲੱਗਿਆ ਕਿ ਇਹ ਠੱਗ ਕਾਲ ਸੈਂਟਰ ਦੀ ਤਰਜ ਤੇ ਬੈਂਕ ਅਧਿਕਾਰੀ ਬਣ ਕੇ ਰੋਜ਼ਾਨਾ ਸੈਂਕੜੇ ਲੋਕਾਂ ਨੂੰ ਫ਼ੋਨ ਕਰਦੇ ਹਨ ਅਤੇ ਉਹਨਾਂ ਦੇ ਏ. ਟੀ. ਐਮ. ਕਾਰਡ ਦਾ ਨੰਬਰ ਆਦਿ ਪੁੱਛ ਕੇ ਆਨਲਾਈਨ ਠੱਗੀ ਮਾਰਦੇ ਹਨ।

ਕਈ ਦਿਨਾਂ ਦੀ ਨਿਗਰਾਨੀ ਤੋਂ ਬਾਅਦ ਕ੍ਰਾਈਮ ਬਰਾਂਚ ਨੇ ਮਹਾਰਾਸ਼ਟਰ ਦੇ ਪੁਣੇ ਦੇ ਐਸ. ਪੀ. ਸੁਵੇਜ ਹੱਕ ਅਤੇ ਕ੍ਰਾਈਮ ਬ੍ਰਾਂਚ ਦੇ ਅਧਿਕਾਰੀਆਂ ਦੀ ਮਦਦ ਨਾਲ 27 ਮਾਰਚ ਨੂੰ 5 ਲੋਕਾਂ ਨੂੰ ਮਹਾਰਾਸ਼ਟਰ ਦੇ ਤਲੇਗਾਉਂ ਦਾਭਾੜੇ ਤੋਂ ਗ੍ਰਿਫ਼ਤਾਰ ਕੀਤਾ। ਇਹਨਾਂ ਵਿੱਚ ਝਾਰਖੰਡ ਦੇ ਜ਼ਿਲ੍ਹਾ ਜਾਮਤਾੜਾ ਦੇ ਕਰਮਾਟਾਂਡ ਨਿਵਾਸੀ 3 ਸਕੇ ਭਰੇ ਯੂਸਫ਼, ਮੁਖਤਾਰ ਅਤੇ ਅਖਤਰ ਸ਼ਾਮਲ ਸਨ। ਯੂਨਸ ਦੇ ਇਹਨਾਂ ਤਿੰਨੇ ਬੇਟਿਆਂ ਵਿੱਚ ਯੂਸਫ਼ ਸਭ ਤੋਂ ਵੱਡਾ ਅਤੇ ਅਖਤਰ ਸਭ ਤੋਂ ਛੋਟਾ ਸੀ। ਇਹਨਾਂ ਤੋਂ ਇਲਾਵਾ ਮਹਾਰਾਸ਼ਟਰ ਦੇ ਪੁਣੇ ਦੇ ਤਲੇਗਾਉਂ ਦਾਭਾੜੇ ਨਿਵਾਸੀ ਸੰਜੇ ਸਿੰਧੇ ਅਤੇ ਸ਼ੈਲੇਸ਼ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਇਹਨਾਂ ਦੇ ਕੋਲੋਂ ਪੁਲਿਸ ਨੇ 10 ਛੋਟੇ ਅਤੇ 4 ਵੱਡੇ ਮੋਬਾਇਲ ਫ਼ੋਨ, 15 ਸਿਮ, 7 ਏ. ਟੀ. ਐਮ. ਕਾਰਡ ਅਤੇ 9 ਲੱਖ 86 ਹਜ਼ਾਰ 500 ਰੁਪਏ ਬਰਾਮਦ ਕੀਤੇ ਸਨ। ਇਹਨਾਂ ਲੋਕਾਂ ਨੇ ਪਿਛਲੇ ਸਾਲ ਜੈਪੁਰ ਦੇ ਰਹਿਣ ਵਾਲੇ ਗੋਪਾਲ ਬੈਰਵਾ ਨੂੰ ਫ਼ੋਨ ਕਰਕੇ ਉਸ ਤੋਂ 29 ਹਜ਼ਾਰ 600 ਰੁਪਏ ਠੱਗੇ ਸਨ। ਇਸ ਦਾ ਮੁਕੱਦਮਾ ਜੈਪੁਰ ਪੂਰਬ ਦੇ ਥਾਣਾ ਬੱਸੀ ਵਿੱਚ ਦਰਜ ਸੀ। ਗ੍ਰਿਫ਼ਤਾਰ ਦੋਸ਼ੀਆਂ ਨੂੰ ਪੁਲਿਸ ਜੈਪੁਰ ਲੈ ਆਈ। ਇਹਨਾਂ ਤੋਂ ਪੁੱਛਗਿੱਛ ਵਿੱਚ ਪਤਾ ਲੱਗਿਆ ਕਿ ਝਾਰਖੰਡ ਦੇ ਜਾਮਤਾੜਾ ਜ਼ਿਲ੍ਹੇ ਦੇ ਕਰਮਾਟਾਂਡ ਦੇ ਰਹਿਣ ਵਾਲੇ ਤਿੰਨ ਠੱਗ ਭਰਾਵਾਂ ਨੇ ਆਪਣੇ ਪਿੰਡ ਦੇ ਹੀ ਦੂਜੇ ਲੋਕਾਂ ਤੋਂ ਬੈਂਕ ਅਧਿਕਾਰੀ ਬਣ ਕੇ ਆਨਲਾਈਨ ਠੱਗੀ ਮਾਰਨਾ ਸਿੱਖਿਆ ਅਤੇ ਨਕਲੀ ਆਈ. ਡੀ. ਤੇ ਦਰਜਨਾਂ ਸਿਮ ਹਾਸਲ ਕਰਕੇ ਆਸਾਨ ਤਰੀਕੇ ਨਾਲ ਮੋਟਾ ਪੈਸਾ ਕਮਾਉਣ ਲੱਗੇ।

ਇਹ ਲੋਕ ਠੱਗੀ ਦੇ ਲਈ ਨਕਲੀ ਆਈ. ਡੀ. ਤੋਂ ਲਏ ਗਏ ਸਿਮ ਅਤੇ ਦਰਜਨਾਂ ਮੋਬਾਇਲਾਂ ਦੀ ਵਰਤੋਂ ਕਰਦੇ ਸਨ ਤਾਂ ਜੋ ਪੁਲਿਸ ਇਹਨਾਂ ਤੱਕ ਨਾ ਪਹੁੰਚ ਸਕੇ। ਇਹਨਾਂ ਲੋਕਾਂ ਨੇ ਨਕਲੀ ਮੋਬਾਇਲ ਸਿਮਾਂ ਤੇ ਈ-ਵਾਲੇਟ ਵੀ ਰਜਿਸਟਰਕ ਕਰਵਾ ਰੱਖੇ ਸਨ, ਜਿਹਨਾਂ ਵਿੱਚ ਸ਼ਿਕਾਰ ਹੋਏ ਵਿਅਕਤੀ ਦੇ ਬੈਂਕ ਖਾਤੇ ਤੋਂ ਆਨਲਾਈਨ ਪੈਸੇ ਟ੍ਰਾਂਸਫ਼ਰ ਕਰਦੇ ਸਨ। ਇਸ ਤੋਂ ਬਾਅਦ ਇਹ ਆਨਲਾਈਨ ਸ਼ਾਪਿੰਗ ਕਰਦੇ ਜਾਂ ਈ-ਵਾਲੇਟ ਦੇ ਜ਼ਰੀਏ ਉਸ ਪੈਸੇ ਨੂੰ ਆਪਣੇ ਬੈਂਕ ਖਾਤੇ ਵਿੱਚ ਭੇਜ ਦਿੰਦੇ। ਇਹ ਠੱਗੀ ਗਈ ਰਕਮ ਨਾਲ ਈ-ਵਾਲੇਟ ਦੇ ਜ਼ਰੀਏ ਮੋਬਾਇਲ ਵੀ ਰਿਚਾਰਜ ਕਰਦੇ ਸਨ। ਇਸ ਦੇ ਲਈ ਇਹ ਮੋਬਾਇਲ ਦੀ ਦੁਕਾਨ ਚਲਾਉਣ ਵਾਲਿਆਂ ਨਾਲ ਮਿਲੀਭੁਗਤ ਕਰਕੇ ਉਹਨਾਂ ਨੂੰ 30 ਤੋਂ 40 ਪ੍ਰਤੀਸ਼ਤ ਤੱਕ ਕਮਿਸ਼ਨ ਦਾ ਲਾਲਚ ਦਿੰਦੇ ਸਨ। ਇਸ ਤਰ੍ਹਾਂ ਮੋਬਾਇਲ ਰਿਚਾਰਜ ਕਰਕੇ ਦੁਕਾਨਦਾਰਾਂ ਤੋਂ ਮਿਲਣ ਵਾਲੀ ਰਕਮ ਨੂੰ ਇਹ ਲੋਕ ਆਪਣੇ ਘਰ ਵਾਲਿਆਂ ਦੇ ਬੈਂਕ ਖਾਤੇ ਵਿੱਚ ਜਮ੍ਹਾ ਕਰਾਉਂਦੇ ਸਨ।

ਦੇਸ਼ ਭਰ ਵਿੱਚ ਹੋ ਰਹੀ ਆਨਲਾਈਨ ਠੱਗੀ ਦੀਆਂ ਵਾਰਦਾਤਾਂ ਨੂੰ ਦੇਖਦੇ ਹੋਏ ਝਾਰਖੰਡ ਸਮੇਤ ਵੱਖ ਵੱਖ ਸੂਬਿਆਂ ਦੀ ਪੁਲਿਸ ਨੇ ਝਾਰਖੰਡ ਦੇ ਜਾਮਤਾੜਾ ਇਲਾਕੇ ਵਿੱਚ ਰਹਿਣ ਵਾਲੇ ਸਾਈਬਰ ਠੱਗਾਂ ਤੇ ਸ਼ਿਕੰਜਾ ਕਸਿਆ ਤਾਂ ਕਰਮਾਟਾਂਡ ਦੇ ਰਹਿਣ ਵਾਲੇ ਤਿੰਨੇ ਠੱਗ ਭਰਾ ਆਪਣੇ ਸਾਥੀਆਂ ਸੰਜੇ ਸਿੰਧੈ ਅਤੇ ਸ਼ੈਲੇਸ਼ ਦੀ ਮਦਦ ਨਾਲ ਇਸ ਸਾਲ ਫ਼ਰਵਰੀ ਤੋਂ ਪੁਣੇ ਦੇ ਤਲੇਗਾਉਂ ਇਲਾਕੇ ਵਿੱਚ ਕਿਰਾਏ ਦੇ ਇੱਕ ਮਕਾਨ ਵਿੱਚ ਰਹਿਣ ਲੱਗੇ। ਉਸੇ ਮਕਾਨ ਤੋਂ ਪੰਜੇ ਠੱਗੀ ਦੀਆਂ ਵਾਰਦਾਤਾਂ ਕਰਦੇ ਸਨ।

ਪੁੱਛਗਿੱਛ ਵਿੱਚ ਪਤਾ ਲੱਗਿਆ ਕਿ ਇਹਨਾਂ ਪੰਜੇ ਦੋਸ਼ੀਆਂ ਨੇ ਪਿਛਲੇ ਇੱਕ ਸਾਲ ਵਿੱਚ ਰਾਜਸਥਾਨ ਸਮੇਤ ਦੇਸ਼ ਦੇ 23 ਸੂਬਿਆਂ ਵਿੱਚ 85 ਹਜ਼ਾਰ ਤੋਂ ਜ਼ਿਆਦਾ ਫ਼ੋਨ ਕੀਤੇ। ਪਰ ਇਹ ਮੁੱਖ ਤੌਰ ਤੇ ਰਾਜਸਥਾਨਦੇ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਸਨ। ਇਸ ਦਾ ਪਤਾ ਇਸੇ ਤੋਂ ਲੱਗਦਾ ਹੈ ਕਿ85 ਹਜ਼ਾਰ ਫ਼ੋਨਾਂ ਵਿੱਚੋਂ ਲੱਗਭੱਗ 50 ਹਜ਼ਾਰ ਫ਼ੋਨ ਰਾਜਸਥਾਨ ਦੇ ਸਾਰੇ 33 ਜ਼ਿਲ੍ਹਿਆਂ ਵਿੱਚ ਕੀਤੇ ਗਏ ਸਨ।

ਰਾਜਸਥਾਨ ਦਾ ਅਜਿਹਾ ਕੋਈ ਜ਼ਿਲ੍ਹਾ ਨਹੀਂ ਬਚਿਆ ਸੀ, ਜਿੱਥੇ ਇਹਨਾਂ ਲੋਕਾਂ ਨੇ ਠੱਗੀ ਨਾ ਕੀਤੀ ਹੋਵੇ। ਇੱਕੱਲੇ ਜੈਪੁਰ ਸ਼ਹਿਰ ਵਿੱਚ ਹੀ ਇਹਨਾਂ ਲੋਕਾਂ ਨੇ ਕਰੀਬ 5 ਹਜ਼ਾਰ ਫ਼ੋਨ ਕੀਤੇ ਸਨ। ਪੁਲਿਸ ਨੇ ਇਹਨਾਂ ਤੋਂ ਜੋ ਕਰੀਬ 10 ਲੱਖ ਬਰਾਮਦ ਕੀਤੇ ਸਨ। ਇਹ ਪੈਸੇ ਇੱਕ ਮਹੀਨਾ ਦਾ ਕਲੈਕਸ਼ਨ ਦੱਸਿਆ ਗਿਆ ਸੀ। ਤਿੰਨੇ ਠੱਗ ਭਰਾਵਾਂ ਨੇ ਧੋਖਾਦੇਹੀ ਨਾਲ ਕਰੋੜਾਂ ਰੁਪਏ ਕਮਾਏ ਹਨ। ਠੱਗੀ ਦੀ ਰਕਮ ਨੂੰ ਇਹਨਾਂ ਨੇ ਕਰੀਬ 25 ਬੈਂਕ ਖਾਤਿਆਂ ਅਤੇ 50 ਤੋਂ ਜ਼ਿਆਦਾ ਈ-ਵਾਲੇਟ ਵਿੱਚ ਜਮ੍ਹਾ ਕਰਵਾਈ ਸੀ। ਇਹਨਾਂ ਦੇ ਬੈਂਕ ਖਾਤਿਆਂ ਦੀ ਡਿਟੇਲ ਕਢਵਾਈ ਜਾ ਰਹ ਹੈ। ਇਹਨਾਂ ਵਿੱਚੋਂ 4 ਖਾਤੇ ਪ੍ਰਾਈਵੇਟ ਬੈਂਕਾਂ ਅਤੇ 6 ਸਰਕਾਰੀ ਬੈਂਕਾਂ ਵਿੱਚ ਹਨ। ਇਹਨਾਂ ਵਿੱਚੋਂ 4 ਬੈਂਕ ਖਾਤੇ ਕੇਰਲ ਵਿੱਚ ਹਨ। ਇਹਨਾਂ ਸਾਰੇ ਖਾਤਿਆਂ ਵਿੱਚ 58 ਲੱਖ 18 ਹਜ਼ਾਰ ਰੁਪਏ ਜਮ੍ਹਾ ਹੋਏ ਸਨ। ਪਰ ਇਹਨਾਂ ਵਿੱਚੋਂ ਇੱਕ ਜਨਵਰੀ 2017 ਤੋਂ 24 ਮਾਰਚ ਤੱਕ 8 ਲੱਖ 49 ਹਜ਼ਾਰ ਰੁਪਏ ਹੀ ਬਚੇ ਸਨ।

ਜੈਪੁਰ ਪੁਲਿਸ ਨੇ ਇਸ ਤੋਂ ਪਹਿਲਾਂ ਆਨਲਾਈਨ ਠੱਗੀ ਦੇ ਇੱਕ ਹੋਰ ਮਾਮਲੇ ਵਿੱਚ 23 ਮਾਰਚ ਨੂੰ ਇੱਕ ਦੋਸ਼ੀ ਦਿਨੇਸ਼ ਮੰਡਲ ਨੂੰ ਮੁੰਬਈ ਤੋਂ ਉਥੋਂ ਦੀ ਪੁਲਿਸ ਦੀ ਮਦਦ ਨਾਲ ਗ੍ਰਿਫ਼ਤਾਰ ਕੀਤਾ ਸੀ। ਮੂਲ ਤੌਰ ਤੇ ਜਾਮਤਾੜਾ ਦਾ ਰਹਿਣ ਵਾਲਾ ਦਿਨੇਸ਼ ਮੰਡਲ ਮੁੰਬਈ ਵਿੱਚ ਵਰਲੀ ਸਥਿਤ ਜਨਤਾ ਕਾਲੋਨੀ ਦੇ ਕੋਲੀਕਮ ਵਿੱਚ ਰਹਿ ਕੇ ਆਨਲਾਈਨ ਠੱਗੀ ਕਰ ਰਿਹਾ ਸੀ।

ਉਸ ਨੇ ਪਿਛਲੇ ਸਾਲ ਜੈਪੁਰ ਦੇ ਵਿਨੋਦ ਕੁਮਾਰ ਪਾਲ ਨੂੰ ਫ਼ੋਨ ਕਰਕੇ ਖੁਦ ਨੂੰ ਬੈਂਕ ਅਧਿਕਾਰੀ ਦੱਸ ਕੇ ਏ. ਟੀ. ਐਮ. ਕਾਰਡ ਅਤੇ ਓ. ਪੀ. ਟੀ. ਨੰਬਰ ਪੁੱਛ ਕੇ ਉਹਨਾਂ ਦੇ ਖਾਤਿਆਂ ਤੋਂ 7 ਹਜ਼ਾਰ ਰੁਪਏ ਆਨਲਾਈਨ ਕਢਵਾਏ ਸਨ। ਇਸ ਦਾ ਮੁਕੱਦਮਾ ਜੈਪੁਰ ਪੱਛਮ ਦੇ ਥਾਣਾ ਸਦਰ ਵਿੱਚ ਦਰਜ ਸੀ। ਪੁਲਿਸ ਨੇ ਦਿਨੇਸ਼ ਮੰਡਲ ਤੋਂ 4 ਮੋਬਾਇਲ ਫ਼ੋਨ ਅਤੇ 7 ਸਿਮ ਬਰਾਮਦ ਕੀਤੇ ਸਨ।

(ਬਾਕੀ ਸਫਾ 24 'ਤੇ)

# ਚੰਗੇ ਪੰਜਾਬ ਦੀ ਸਿਰਜਣਾ ਦਾ ਸੰਕਲਪ

ਪੰਜਾਬੀ ਸਮਾਜ ਬਹੁਪੱਖੀ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਇਸ ਵਿਚੋਂ ਨਿਕਲਣ ਲਈ ਡੂੰਘੇ ਚਿੰਤਨ-ਮੰਥਨ ਦੀ ਲੋੜ ਹੈ। ਇਹ ਅਮਲ ਟੁੱਟਵੇਂ ਰੂਪ ਵਿਚ ਚੱਲ ਤਾਂ ਰਿਹਾ ਹੈ, ਪਰ ਬਹੁਤ ਹੱਦ ਤੀਕ ਰਵਾਇਤੀ ਸੋਚ ਪ੍ਰਣਾਲੀਆਂ ਤੋਂ ਪਾਰ ਨਹੀਂ ਜਾ ਰਿਹਾ। ਇਸ ਪ੍ਰਸੰਗ ਵਿਚ ਸੁਮੇਲ ਸਿੰਘ ਸਿੱਧੂ ਦਾ ਲੇਖ 'ਹੀਰਵੰਨੇ ਪੰਜਾਬ ਦੀ ਸਿਰਜਣਾ ਲਈ ਧਰਮ ਯੁੱਧ ਦੀ ਸੇਧ ਦਾ ਸਵਾਲ' ਕੁਝ ਅਹਿਮ ਮੁੱਦੇ ਛੋਂਹਦਾ ਹੈ ਜਿਨ੍ਹਾਂ ਬਾਰੇ ਹੋਰ ਵਿਚਾਰ ਵਟਾਂਦਰੇ ਦੀ ਲੋੜ ਹੈ।

ਲੇਖ ਦੇ ਸਿਰਲੇਖ ਵਿਚ ਹੀ 'ਹੀਰਵੰਨੇ ਪੰਜਾਬ' ਦੀ ਸਿਰਜਣਾ ਦੀ ਗੱਲ ਕੀਤੀ ਗਈ ਹੈ। ਧਾਰਮਿਕ ਵੰਡੀਆਂ ਅਤੇ ਫਿਰਕੂ ਹਿੰਸਾ ਤੋਂ ਉਪਰ ਉਠ ਕੇ ਸਾਰੇ ਪੰਜਾਬੀਆਂ ਦੇ ਮੁਹੱਬਤ ਦੇ ਸਾਂਝੇ ਚਿੰਨ੍ਹ ਹੀਰ ਰਾਹੀਂ ਮੋਹ ਮੁਹੱਬਤ ਭਰਪੂਰ ਪੰਜਾਬ ਸਿਰਜਣ ਦੇ ਉਦੇਸ਼ ਨੂੰ ਪੇਸ਼ ਕੀਤਾ ਗਿਆ ਹੈ ਪਰ ਲੇਖਕ ਬਹੁਤੇ ਪੰਜਾਬੀ ਚਿੰਤਕਾਂ ਵਾਂਗ ਮੌਜੂਦਾ ਦੌਰ ਦੇ ਮਸਲਿਆਂ ਦੇ ਹੱਲ ਲਈ ਭੂਤਕਾਲ 'ਤੇ ਹੀ ਟੇਕ ਰੱਖਦਾ ਹੈ ਜਦੋਂਕਿ ਅਜੋਕੇ ਸਮੇਂ ਦੀਆਂ ਸਮੱਸਿਆਵਾਂ ਦੇ ਹੱਲ ਵੀ ਅਜੋਕੇ ਦੌਰ ਦੇ ਸਿਧਾਂਤਾਂ ਅਤੇ ਵਿਧੀਆਂ ਵਿਚੋਂ ਹੀ ਲੱਭੇ ਜਾ ਸਕਦੇ ਹਨ।

ਲੇਖਕ ਦੀ ਇਹ ਇਮਾਨਦਾਰੀ ਹੈ ਕਿ ਉਹ ਵਿਗਿਆਨਕ ਤਰੱਕੀ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕਰਦਾ। ਉਹ ਮੰਨਦਾ ਹੈ, ''ਤਕਨੀਕੀ ਵਿਕਾਸ ਰਾਹੀਂ ਤਰੱਕੀ ਕਰਨ ਦੀ ਤਤਫੱਟ ਮਾਨਸਿਕਤਾ ਨੇ ਪੰਜਾਬੀਆਂ ਨੂੰ ਜਿਣਸੀ ਤੌਰ 'ਤੇ ਖੁਸ਼ਹਾਲੀ ਦਿੱਤੀ ਅਤੇ ਭਵਿਖ ਬਾਬਤ ਭਰੋਸਾ ਵੀ ਬੰਨ੍ਹਾਇਆ'' ਅਤੇ ਉਹ ਇਸ ਨੂੰ ''ਇੱਕ ਹੱਦ ਤੀਕ ਸਹੀ'' ਕਰਾਰ ਦਿੰਦਾ ਹੈ ਪਰ ਅੱਗੇ ਜਾ ਕੇ ਲੇਖ ਦੀ ਮੁੱਖ ਸੁਰ ਤਕਨੀਕੀ ਤਰੱਕੀ ਦੇ ਉਲਟ ਹੋ ਜਾਂਦੀ ਹੈ ਅਤੇ ਇਸ ਲਈ 'ਤਕਨੀਕਪ੍ਰਸਤੀ' ਸ਼ਬਦ ਵਰਤਿਆ ਜਾਂਦਾ ਹੈ। ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਵਿਗਿਆਨ ਨੇ ਹੀ ਮਨੁੱਖੀ ਜੀਵਨ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਦਿਆਂ ਭੌਤਿਕ ਦੁੱਖਾਂ ਤੋਂ ਛੁਟਕਾਰਾ ਹਾਸਲ ਕਰਨਾ ਸੰਭਵ ਬਣਾਇਆ ਹੈ। ਸੋ, ਤਕਨੀਕ ਨੂੰ ਨਿੰਦਣ ਦੀ ਜਗ੍ਹਾ, ਲੋੜ ਤਕਨੀਕ ਦੀ ਮੁਨਾਫੇ ਲਈ ਵਰਤੋਂ ਦਾ ਵਿਰੋਧ ਕਰਨ ਅਤੇ ਇਸ ਨੂੰ ਮਨੁੱਖ ਵਿਰੋਧੀ ਸ਼ਕਤੀਆਂ ਦੇ ਹੱਥਾਂ ਵਿਚੋਂ ਕੱਢ ਕੇ ਮਨੁੱਖ ਹਿਤੈਸ਼ੀ ਸ਼ਕਤੀਆਂ ਦੇ ਕੰਟਰੋਲ ਹੇਠ ਲਿਆਉਣ ਦੀ ਹੈ।

ਸੁਮੇਲ ਸਿੰਘ ਤਕਨੀਕੀ ਤਰੱਕੀ ਅਤੇ ਮਾਨਵੀ ਕਦਰਾਂ ਕੀਮਤਾਂ ਦਾ ਸੁਮੇਲ ਕਰਨ ਦਾ ਰਾਹ ਲੱਭਣ ਦੀ ਥਾਂ ਇਨ੍ਹਾਂ ਨੂੰ ਵਿਰੋਧੀ ਜੁੱਟਾਂ ਵਜੋਂ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਲੇਖਕ ਅੰਗਰੇਜ਼ੀ-ਪੰਜਾਬੀ, ਤਕਨੀਕ-ਰਵਾਇਤ, ਸ਼ਹਿਰੀ-ਪੇਂਡੂ ਦੇ ਵਿਰੋਧੀ ਜੁੱਟ ਬਣਾ ਕੇ ਅੰਗਰੇਜ਼ੀ ਪੜ੍ਹੀ, ਤਕਨੀਕੀ ਸਾਧਨਾਂ ਨੂੰ ਵਰਤਣ ਵਾਲੀ, ਸ਼ਹਿਰੀ ਸ਼੍ਰੇਣੀ ਦੇ ਜਿਉਣ ਢੰਗ ਨੂੰ ਰੱਦ ਕਰਦਿਆਂ ਪੇਂਡੂ ਰਹਿਤਲ ਅਤੇ ਪੰਜਾਬ ਦੇ ਰਵਾਇਤੀ ਸੋਚ ਪ੍ਰਬੰਧ ਨਾਲ ਜੁੜਨ ਦਾ ਸੱਦਾ ਦਿੰਦਾ ਹੈ। ਇਹ ਸਭ ਕੁਝ ਪੀੜ੍ਹੀਆਂ ਤੋਂ ਚਲਦੇ ਆ ਰਹੇ ਜੀਵਨ ਢੰਗ ਨੂੰ ਵਡਿਆਉਂਦਾ ਹੋਣ ਕਰਕੇ ਸਮੂਹਿਕ ਅਵਚੇਤਨ ਨੂੰ ਚੰਗਾ ਲੱਗਦਾ ਹੈ, ਖਾਸਕਰ ਜਦੋਂ ਇਸ ਨੂੰ ਪੰਜਾਬ ਦੇ ਮਹਾਂਪੁਰਖਾਂ ਨਾਲ ਜੋੜ ਕੇ ਸ਼ਾਇਰਾਨਾ ਅੰਦਾਜ਼ ਵਿਚ ਪੇਸ਼ ਕੀਤਾ ਜਾਵੇ ਪਰ ਪੰਜਾਬੀ ਸਮਾਜ ਦੀਆਂ ਅਸਲ ਲੋੜਾਂ ਕੁਝ ਹੋਰ ਮੰਗ ਕਰਦੀਆਂ ਹਨ। ਜਿਵੇਂ ਪੰਜਾਬੀ ਭਾਸ਼ਾ ਪ੍ਰਤੀ ਭਾਵੁਕ ਮੋਹ ਦਿਖਾਉਣ ਦੀ ਥਾਂ ਇਸ ਵਿਚ ਅਧਿ



ਗਿਆਨ ਵਿਗਿਆਨ ਉਪਲੱਬਧ ਕਰਵਾਉਣ ਦੀ ਲੋੜ ਹੈ, ਤਕਨੀਕ ਨੂੰ ਸਰਮਾਏ ਦੀ ਜਕੜ ਵਿਚੋਂ ਮੁਕਤ ਕਰਕੇ ਮਨੁੱਖੀ ਸਰਦਾਰੀ ਹੇਠ ਲਿਆਉਣ ਅਤੇ ਸ਼ਹਿਰੀ ਪੇਂਡੂ ਜੀਵਨ ਵਿਚ ਸਹੂਲਤਾਂ ਤੇ ਸਾਧਨਾਂ ਦੇ ਵਖਰੇਵੇਂ ਖਤਮ ਕਰਨ ਦੀ ਲੋੜ ਹੈ। ਕਿਸੇ ਵੀ ਸਮਾਜ ਨੂੰ ਪੁਰਾਣੇ ਸਮਿਆਂ ਵਿਚ ਸਥਿਰ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕੋਈ ਸਮਾਜ ਪਿਛਾਂਹ ਵੱਲ ਮੁੜ ਸਕਦਾ ਹੈ। ਜੇ ਸਰਮਾਏ ਤੋਂ ਆਜ਼ਾਦੀ ਦੇ ਪਿਛਲੀ ਸਦੀ ਵਿਚ ਸਥਾਪਤ ਹੋਏ ਰਾਹ ਅਤੇ ਮਾਡਲ ਅਸਫਲ ਹੋਏ ਹਨ ਤਾਂ ਉਸ ਤੋਂ ਪਹਿਲੀਆਂ ਸਦੀਆਂ ਦੇ ਮਾਡਲ ਵੀ ਹੁਣ ਕੰਮ ਨਹੀਂ ਆ ਸਕਣਗੇ। ਇਸ ਲਈ ਹੋਰ ਨਵੇਂ ਰਾਹ ਤਲਾਸ਼ਣੇ ਪੈਣਗੇ।

ਲੇਖਕ ਅਹਿਮ ਮੁੱਦਾ ਕਰੁਣਾ ਦੀ ਘਾਟ ਦਾ ਉਠਾਉਂਦਾ ਹੈ ਜਿਸ ਕਾਰਨ ਪੰਜਾਬ ਵਿਚ ਹਿੰਸਾ ਅਤੇ ਪ੍ਰਤੀਹਿੰਸਾ ਦੇ ਬਹੁਤ ਭੈੜੇ ਦੌਰ ਚਲਦੇ ਰਹੇ ਹਨ। ਇਸ ਵਿਚ ਉਹ ਅੱਸੀਵਿਆਂ ਵਿਚ ਅਸਾਲਟਧਾਰੀ ਸਿੱਖ ਖਾੜਕੂਆਂ ਦੀ ਦਹਿਸ਼ਤਗਰਦੀ ਅਤੇ ਸਟਾਲਿਨੀ ਦੌਰ ਵਿਚ ਕਮਿਊਨਿਸਟ ਪ੍ਰਬੰਧ ਅਧੀਨ ਹੋਈ ਹਿੰਸਾ ਤੇ ਜਬਰ ਨੂੰ ਕ੍ਰਮਵਾਰ ਸਿੱਖ ਸਿਧਾਂਤਾਂ ਅਤੇ ਮਾਰਕਸਵਾਦ ਨੂੰ ਸ਼ਰਮਿੰਦਾ ਕਰਨ ਵਾਲਾ ਬਿਆਨਦਾ ਹੈ। ਉਹ ਅਜਿਹੇ 'ਹਿੰਸਕ ਪੈਂਤੜੇ ਦੀ ਪੈਰ ਗੱਡ ਕੇ ਸਿਧਾਂਤਕ ਆਲੋਚਨਾ' ਕਰਨ ਦੀ ਮੰਗ ਕਰਦਾ ਹੈ ਜਿਸ ਤੋਂ ਸਹੀ ਸੋਚ ਵਾਲਾ ਕੋਈ ਵੀ ਮਨੁੱਖ ਮੁਨਕਰ ਨਹੀਂ ਹੋ ਸਕਦਾ। ਪੰਜਾਬੀ ਚਿੰਤਨ ਵਿਚ ਨਹਿਰੂ ਦੌਰ ਦੀਆਂ ਮੁਕਾਬਲਤਨ ਅਗਾਂਹਵਧੂ ਧਾਰਨਾਵਾਂ ਦਾ ਜ਼ਿਕਰ ਬਹੁਤ ਘੱਟ ਕੀਤਾ ਜਾਂਦਾ ਹੈ ਅਤੇ ਅਜੋਕੇ ਸਮਿਆਂ ਵਿਚ ਤਾਂ ਇਨ੍ਹਾਂ ਦਾ ਦੇਸ਼ ਭਰ ਵਿਚ ਯੋਜਨਾਬੱਧ ਢੰਗ ਨਾਲ ਨਿਗੂਣਾਕਰਨ ਕੀਤਾ ਜਾ ਰਿਹਾ ਹੈ, ਪਰ ਲੇਖਕ ਪੰਜਾਬ ਦੀ ਦੁਖਾਂਤਕ ਸਥਿਤੀ ਵਿਚ ਇਸ ਨੂੰ ਵੀ ਜੋੜ ਕੇ ਆਪਣੇ ਵਿਸ਼ਲੇਸ਼ਣ ਦੇ ਆਧਾਰ ਨੂੰ ਹੋਰ ਚੌੜਾ ਕਰਦਾ ਹੈ, ਜਦੋਂ ਉਹ ਲਿਖਦਾ ਹੈ, ''ਨਹਿਰੂ ਦੌਰ ਦੀਆਂ ਸੰਸਥਾਵਾਂ ਦੇ ਪਤਨ ਦੇ ਨਾਲ ਨਾਲ ਸਹਿਜ-ਵਿਵੇਕ-ਕਰੁਣਾ ਨੂੰ ਜ਼ਲੀਲ ਕਰਕੇ ਪੰਜਾਬ ਤਿੱਖੀ ਤੱਤੀ ਵਾਰਤਾ ਦਾ, ਹਿੰਸਾ ਦੀ ਸਭਿਅਤਾ ਦਾ ਸਿਰਨਾਵਾਂ ਬਣਦਾ ਤੁਰਿਆ ਗਿਆ।''

ਇਸ ਤਰ੍ਹਾਂ ਲੇਖਕ ਪੰਜਾਬ ਦੀ ਦੁਖਾਂਤਕ ਸਥਿਤੀ ਅਤੇ ਇਸ ਨੂੰ ਦਰਪੇਸ਼ ਮਸਲਿਆਂ ਦੀ ਨਿਸ਼ਾਨਦੇਹੀ ਤਾਂ ਬਹੁਤ ਜ਼ੋਰਦਾਰ ਢੰਗ ਨਾਲ ਕਰਦਾ ਹੈ, ਪਰ ਇਸ ਸਥਿਤੀ ਲਈ ਜ਼ਿੰਮੇਵਾਰ ਸ਼ਕਤੀਆਂ ਨੂੰ ਟਿੱਕਣ ਅਤੇ ਉਨ੍ਹਾਂ ਨੂੰ ਪਛਾੜਨ ਵੱਲ ਕੋਈ ਕਦਮ ਨਹੀਂ ਵਧਾਉਂਦਾ। ਜੇ ਨੌਜਵਾਨ ਅਜਿਹੇ ਰਾਂਝੇ ਬਣ ਰਹੇ ਹਨ ਜਿਨ੍ਹਾਂ ਨੂੰ 'ਵੰਝਲੀ ਵਿਚ ਸਾਹ ਭਰਨਾ ਵੀ ਨਹੀਂ ਆਉਂਦਾ' ਤਾਂ ਅਜਿਹੀ ਮਾਨਸਿਕਤਾ ਪਿੱਛੇ ਪਏ ਕਾਰਨ ਵੀ ਲੱਭਣੇ ਹੋਣਗੇ। ਕਿਸੇ ਵੀ ਪੀੜ੍ਹੀ ਦੇ ਵਿਚਾਰ ਉਸ ਦੌਰ ਦੇ ਹਾਲਾਤ ਦੀ ਪੈਦਾਵਾਰ ਹੁੰਦੇ ਹਨ। ਉਨ੍ਹਾਂ ਹਾਲਾਤ ਨੂੰ ਬਦਲੇ ਬਿਨਾ ਸਿਰਫ ਲੇਖਾਂ ਅਤੇ ਲੈਕਚਰਾਂ ਰਾਹੀਂ ਚੰਗਾ ਸਭਿਆਚਾਰ ਉਸਾਰਿਆ ਨਹੀਂ ਜਾ ਸਕਦਾ। ਸਮੁੱਚੀ ਧਰਤੀ ਦੇ ਸਾਧਨਾਂ ਅਤੇ ਸਰਮਾਏ ਨੂੰ ਕੰਟਰੋਲ ਕਰਦੀਆਂ ਧੜਵੈਲ ਕਾਰਪੋਰੇਸ਼ਨਾਂ ਦੇ ਚਮਚਮਾਉਂਦੇ ਸ਼ੋਅਰੂਮਾਂ, ਮਾਲਜ਼, ਸੁਪਰ ਸਟੋਰਾਂ, ਨਵੇਂ ਨਵੇਂ ਮਾਡਲਾਂ ਦੀਆਂ ਗੱਡੀਆਂ, ਮੋਬਾਈਲਾਂ, ਬ੍ਰਾਂਡਿਡ ਵਸਤਾਂ ਦੀ ਚਕਾਚੌਂਧ ਨਾਲ ਭਰਮਾਏ ਨੌਜਵਾਨਾਂ ਦੀ ਸੋਚ ਨੂੰ ਕਰੋੜਾਂ ਦੀ ਲਾਗਤ ਨਾਲ ਬਣਾਈਆਂ ਜਾਂਦੀਆਂ ਫਿਲਮਾਂ, ਅੱਧਨੰਗੀਆਂ ਮਾਡਲਾਂ ਦੇ ਨਖਰੇ ਅਤੇ ਟੀ. ਵੀ. ਚੈਨਲਾਂ 'ਤੇ ਘਰ ਘਰ ਦਿਖਾਈ ਜਾਂਦੀ ਦਿਖਾਵੇ ਭਰੀ ਜ਼ਿੰਦਗੀ ਉਧਾਲ ਕੇ ਲੈ ਜਾਂਦੀ ਹੈ, ਜਿਥੋਂ ਉਹ ਹੀਰ ਦੇ ਬੇਲਿਆਂ ਨੂੰ ਨਹੀਂ ਮੁੜ ਸਕਦੇ। ਸ਼ੁਭਚਿੰਤਨ-ਸਾਂਝੀਵਾਲਤਾ-ਸਰਬੱਤ ਦੀ ਆਜ਼ਾਦੀ ਦੇ ਸੰਕਲਪ ਲਿਖਣ-ਬੋਲਣ ਨੂੰ ਚੰਗੇ ਹਨ, ਪਰ ਇਨ੍ਹਾਂ ਨੂੰ ਸਾਕਾਰ ਕਰਨ ਲਈ ਅਜਿਹਾ ਆਰਥਕ-ਸਮਾਜਕ-ਰਾਜਨੀਤਕ ਢਾਂਚਾ ਉਸਾਰਨਾ ਪਵੇਗਾ ਜਿਥੇ ਸਰਮਾਏ ਦੀ ਜਕੜ ਤੋੜ ਕੇ ਇਹ ਸੰਕਲਪ ਸਾਕਾਰ ਹੋ ਸਕਣ। ਅਜਿਹਾ ਰਾਜਨੀਤਕ ਪ੍ਰਬੰਧ ਉਸਾਰਨ ਲਈ ਕੀ ਕਰਨਾ ਲੋੜੀਂਦਾ ਹੈ, ਕਿਹੜਾ ਰਾਹ ਅਪਨਾਉਣ ਦੀ ਲੋੜ ਹੈ? ਇਨ੍ਹਾਂ ਸਵਾਲਾਂ ਬਾਰੇ ਲੇਖ ਬਿਲਕੁਲ ਚੁੱਪ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇਹ ਲੇਖ ਪੰਜਾਬੀ ਮਨ ਦੇ ਅਵਚੇਤਨ ਨੂੰ ਸੰਬੋਧਿਤ ਹੈ, ਅਵਚੇਤਨ ਧਾਰਨਾਵਾਂ ਦੀ ਆਪਣੀ ਸ਼ਕਤੀ ਹੁੰਦੀ ਹੈ ਪਰ ਮੌਜੂਦਾ ਸੰਕਟ ਵਿਚੋਂ ਲੰਘਣ ਲਈ ਚੇਤਨ ਕੋਸ਼ਿਸ਼ਾਂ ਦੀ ਲੋੜ ਹੈ ਜਿਸ ਲਈ ਸ਼ਾਇਰਾਨਾ ਟਿੱਪਣੀਆਂ ਨਾਲੋਂ ਠੋਸ ਜੁਗਤਾਂ ਘੜਨ ਦੀ ਲੋੜ ਹੈ।

**- ਰਾਜਪਾਲ ਸਿੰਘ**

# ਲੋਕਤੰਤਰ ਦੀ ਸੁਰੱਖਿਆ ਲਈ ਪ੍ਰੈੱਸ ਦੀ ਆਜ਼ਾਦੀ ਜ਼ਰੂਰੀ

ਪ੍ਰੈੱਸ ਦੀ ਆਜ਼ਾਦੀ ਲਈ ਕੰਮ ਕਰਨ ਵਾਲੀ ਮੰਨੀ-ਪ੍ਰਮੰਨੀ ਸੰਸਥਾ 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਦੀ 2017 ਦੀ ਰਿਪੋਰਟ ਦੱਸਦੀ ਹੈ ਕਿ 'ਵਰਲਡ ਫ੍ਰੀਡਮ ਇੰਡੈਕਸ' ਵਿਚ ਭਾਰਤ 3 ਸਥਾਨ ਹੇਠਾਂ ਖਿਸਕ ਕੇ 136ਵੇਂ ਸਥਾਨ 'ਤੇ ਆ ਗਿਆ ਹੈ। ਅਸੀਂ ਆਪਣੇ ਜੁਝਾਰੂ ਮੀਡੀਆ ਨੂੰ ਦੱਖਣੀ ਏਸ਼ੀਆ ਵਿਚ ਸਭ ਤੋਂ ਆਜ਼ਾਦ ਮੰਨਦੇ ਹਾਂ ਪਰ 'ਫ੍ਰੀਡਮ ਹਾਊਸ' ਦੀ ਨਜ਼ਰ ਵਿਚ ਇਹ ਆਜ਼ਾਦੀ ਅੰਸ਼ਿਕ ਤੌਰ 'ਤੇ ਹੀ ਹੈ। ਪਿਛਲੇ ਸਾਲ ਭਾਰਤ 'ਚ 11 ਪੱਤਰਕਾਰਾਂ ਦੀ ਹੱਤਿਆ ਹੋਈ, 46 'ਤੇ ਹਮਲੇ ਹੋਏ ਅਤੇ ਪੱਤਰਕਾਰਾਂ ਵਿਰੁੱਧ ਪੁਲਸ ਕਾਰਵਾਈ ਦੇ 27 ਮਾਮਲੇ ਸਾਹਮਣੇ ਆਏ। 'ਇੰਡੀਆ ਫ੍ਰੀਡਮ ਰਿਪੋਰਟ' ਦੇ ਇਹ ਅੰਕੜੇ ਜ਼ਮੀਨੀ ਪੱਧਰ 'ਤੇ ਰਿਪੋਰਟਿੰਗ ਦੇ ਜੋਖ਼ਮ ਨੂੰ ਜ਼ਾਹਿਰ ਕਰਦੇ ਹਨ। 5 ਸਤੰਬਰ 2016 ਨੂੰ ਗੌਰੀ ਲੰਕੇਸ਼ ਦੀ ਹੱਤਿਆ ਨੇ ਸਿਰਫ ਗੱਲਾਂ ਬਣਾਉਣ ਵਾਲਿਆਂ ਨੂੰ ਆਰਾਮ ਦੀ ਨੀਂਦ ਤੋਂ ਜਗਾ ਦਿੱਤਾ। ਬਦਕਿਸਮਤੀ ਨਾਲ ਕਾਨੂੰਨ ਦੇ ਰਖਵਾਲਿਆਂ ਤੇ ਕਾਨੂੰਨ ਤੋੜਨ ਵਾਲਿਆਂ ਦੋਵੇਂ ਪਾਸਿਓਂ ਹੋਣ ਵਾਲੇ ਹਮਲਿਆਂ ਨੂੰ ਝੱਲਦਿਆਂ ਅਜਿਹੀਆਂ ਹੱਤਿਆਵਾਂ ਹੋਣਾ ਆਮ ਗੱਲ ਹੈ। ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਤੋਂ 2 ਦਿਨਾਂ ਬਾਅਦ ਬਿਹਾਰ ਦੇ ਅਰਵਲ ਜ਼ਿਲੇ 'ਚ ਬਾਈਕ ਸਵਾਰ 2 ਹਮਲਾਵਰਾਂ ਨੇ 'ਰਾਸ਼ਟਰੀ ਸਹਾਰਾ' ਦੇ ਪੱਤਰਕਾਰ ਪੰਕਜ ਮਿਸ਼ਰਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੱਤਰਕਾਰਾਂ ਦੀ ਸੁਰੱਖਿਆ ਲਈ ਕੰਮ ਕਰਨ ਵਾਲੇ ਇਕ ਐੱਨ. ਜੀ. ਓ. 'ਕਮੇਟੀ ਫਾਰ ਪ੍ਰੋਟੈਕਸ਼ਨ ਆਫ ਜਰਨਲਿਸਟ' ਦੀ ਸੰਨ 2016 ਦੀ ਵਰਲਡ ਰੈਂਕਿੰਗ ਅਨੁਸਾਰ ਭਾਰਤ ਵਿਚ ਪੱਤਰਕਾਰਾਂ ਦੀ ਹੱਤਿਆ ਅਤੇ ਕਾਤਲਾਂ ਦੇ ਨਾ ਫੜੇ ਜਾਣ ਦੇ ਮਾਮਲਿਆਂ 'ਚ ਪਿਛਲੇ ਇਕ ਦਹਾਕੇ ਦੌਰਾਨ 100 ਫੀਸਦੀ ਵਾਧਾ ਹੋਇਆ ਹੈ ਤੇ ਇਸ ਮਾਮਲੇ 'ਚ ਭਾਰਤ ਦੀ ਰੈਂਕਿੰਗ 13ਵੀਂ ਹੈ। ਪ੍ਰੈੱਸ ਦੀ ਆਜ਼ਾਦੀ ਨੂੰ ਖਤਰਾ ਇਸ ਦੀ ਸ਼ੁਰੂਆਤ ਤੋਂ ਹੀ ਰਿਹਾ ਹੈ। 1857 ਦੀ ਕ੍ਰਾਂਤੀ ਦੇ ਨਾਲ ਹੀ ਲਾਰਡ ਕੇਨਿੰਗ ਵਲੋਂ ਬਣਾਇਆ ਗਿਆ 'ਗੈਗਿੰਗ ਐਕਟ' ਹੋਂਦ 'ਚ ਆਇਆ, ਜਿਸ ਵਿਚ ਸਰਕਾਰ ਤੋਂ ਲਾਇਸੈਂਸ ਲੈਣਾ ਲਾਜ਼ਮੀ ਕਰਦਿਆਂ ਪ੍ਰਿੰਟਿੰਗ ਪ੍ਰੈੱਸਾਂ ਅਤੇ ਉਨ੍ਹਾਂ 'ਚ ਛਪਣ ਵਾਲੀ ਸਮੱਗਰੀ ਨੂੰ ਰੈਗੂਲੇਟ ਕੀਤਾ ਗਿਆ ਸੀ। ਇਸ ਦੇ ਤਹਿਤ ਛਪਣ ਵਾਲੀ ਕਿਸੇ ਵੀ ਸਮੱਗਰੀ ਦੀ ਇਸ ਗੱਲ ਲਈ ਜਾਂਚ ਕੀਤੀ ਜਾ ਸਕਦੀ ਸੀ ਕਿ ਇਹ ਬ੍ਰਿਟਿਸ਼ ਰਾਜ ਦੀਆਂ ਨੀਤੀਆਂ ਦੇ ਵਿਰੁੱਧ ਤਾਂ ਨਹੀਂ।

ਖੇਤਰੀ ਭਾਸ਼ਾ ਦੇ ਅਖ਼ਬਾਰਾਂ ਨੇ ਜਦੋਂ 1876-77 ਦੇ ਅਕਾਲ ਨਾਲ ਨਜਿੱਠਣ 'ਚ ਬਸਤੀਵਾਦੀ ਸਰਕਾਰ ਦੀ ਢਿੱਲ-ਮੱਠ ਨੂੰ ਲੈ ਕੇ ਖ਼ਬਰਾਂ ਛਾਪੀਆਂ ਤਾਂ ਸਰਕਾਰ ਸਥਾਨਕ ਆਲੋਚਨਾਵਾਂ ਨੂੰ ਕੁਚਲਣ ਲਈ 'ਵਰਨਾਕਿਊਲਰ ਪ੍ਰੈੱਸ ਐਕਟ-1878' ਲੈ ਆਈ। ਇਸ ਕਾਨੂੰਨ ਦੇ ਤਹਿਤ ਬੰਗਾਲ ਦੇ 'ਅੰਮ੍ਰਿਤ ਬਾਜ਼ਾਰ' ਰਸਾਲੇ ਸਮੇਤ 35 ਖੇਤਰੀ ਭਾਸ਼ਾਵਾਂ ਦੀਆਂ ਅਖ਼ਬਾਰਾਂ 'ਤੇ ਸ਼ਿਕੰਜਾ ਕੱਸਿਆ ਗਿਆ। ਇਸ ਦੇ ਕਈ ਚਰਚਿਤ ਕਿੱਸੇ ਹਨ।

'ਦਿ ਬੰਗਾਲੀ' ਅਖ਼ਬਾਰ ਦੇ ਸੰਪਾਦਕ ਸੁਰਿੰਦਰਨਾਥ ਬੈਨਰਜੀ ਨੂੰ, ਜੋ ਆਪਣੇ ਉਪ-ਨਾਮ 'ਰਾਸ਼ਟਰ ਗੁਰੂ' ਨਾਲ ਮਸ਼ਹੂਰ ਸਨ, ਆਪਣੇ ਅਖ਼ਬਾਰ 'ਚ ਅਦਾਲਤ ਦੀ ਤੌਹੀਨ ਦੀ ਟਿੱਪਣੀ ਛਾਪਣ ਲਈ ਗ੍ਰਿਫਤਾਰ ਕੀਤਾ ਗਿਆ। ਇਥੋਂ ਤਕ ਕਿ ਬਾਲ ਗੰਗਾਧਰ ਤਿਲਕ ਨੂੰ ਵੀ ਦਮਨਕਾਰੀ ਬ੍ਰਿਟਿਸ਼ ਰਾਜ ਵਿਰੁੱਧ ਸਮੱਗਰੀ ਲਿਖਣ ਲਈ 2 ਵਾਰ ਜੇਲ ਜਾਣਾ ਪਿਆ।

ਅੱਜ ਦੇ ਦੌਰ 'ਚ ਛੋਟੇ ਸ਼ਹਿਰਾਂ ਵਿਚ ਅਕਸਰ ਅਜਿਹੇ ਹਮਲੇ ਹੁੰਦੇ ਰਹਿੰਦੇ ਹਨ, ਜਿਨ੍ਹਾਂ 'ਚ ਪੀੜਤ ਕਿਸੇ ਖੇਤਰੀ ਅਖ਼ਬਾਰ ਜਾਂ ਚੈਨਲ ਵਿਚ 'ਫ੍ਰੀਲਾਂਸਰ' ਵਜੋਂ ਕੰਮ ਕਰਨ ਵਾਲਾ ਸ਼ਖ਼ਸ ਹੁੰਦਾ ਹੈ, ਜਿਸ ਦੇ ਜ਼ਿੰਮੇ ਸਟੂਡੀਓ ਜਾਂ ਦਫਤਰ 'ਚ ਬੈਠਣ ਦੀ ਬਜਾਏ ਫੀਲਡ ਦਾ ਕੰਮ ਜ਼ਿਆਦਾ ਹੁੰਦਾ ਹੈ। ਸੰਨ 2014 'ਚ ਹਮਲਾਵਰਾਂ ਨੇ ਇਕ ਪੱਤਰਕਾਰ ਤਰੁਣ ਕੁਮਾਰ ਆਚਾਰੀਆ ਨੂੰ ਚਾਕੂਆਂ ਨਾਲ ਵਿੰਨ੍ਹ ਕੇ ਮਾਰ ਦਿੱਤਾ ਸੀ।

ਜ਼ਾਹਿਰਾ ਤੌਰ 'ਤੇ ਇਸ ਦੀ ਵਜ੍ਹਾ ਓਡਿਸ਼ਾ ਵਿਚ ਕਾਜੂ ਪ੍ਰੋਸੈਸਿੰਗ ਪਲਾਂਟ ਅੰਦਰ ਬਾਲ ਮਜ਼ਦੂਰਾਂ ਤੋਂ ਕੰਮ ਕਰਵਾਏ ਜਾਣ ਦੀਆਂ ਖ਼ਬਰਾਂ ਛਾਪਣਾ ਸੀ। ਪੰਜਾਬ ਵਿਚ ਚੋਣਾਂ ਤੋਂ ਪਹਿਲਾਂ ਸਰਕਾਰ ਵਿਰੁੱਧ ਖ਼ਬਰਾਂ ਲਿਖਣ ਲਈ ਪੱਤਰਕਾਰ ਦਵਿੰਦਰ ਪਾਲ ਦੇ ਘਰ 'ਤੇ ਪੈਟਰੋਲ ਬੰਬ ਸੁੱਟਿਆ ਗਿਆ ਸੀ, ਤਾਂ ਯੂ. ਪੀ. ਵਿਚ ਮਾਰਚ 2014 ਵਿਚ ਇਕ ਅਸਾਈਨਮੈਂਟ 'ਤੇ ਕੰਮ ਕਰ ਰਹੀ ਪੱਤਰਕਾਰ ਨਾਲ ਸਮੂਹਿਕ ਬਲਤਕਾਰ ਕੀਤਾ ਗਿਆ।

ਸੀਮਤ ਕਾਨੂੰਨੀ ਸੁਰੱਖਿਆ ਨਾਲ ਪ੍ਰੈੱਸ ਦੀ ਆਜ਼ਾਦੀ ਦਾ ਜ਼ਿਆਦਾ ਮਤਲਬ ਨਹੀਂ ਰਹਿ ਜਾਂਦਾ। ਅਜਿਹੀ ਆਜ਼ਾਦੀ ਆਨਲਾਈਨ ਧਮਕੀਆਂ ਤੇ ਮੁਕੱਦਮਿਆਂ ਸਾਹਮਣੇ ਬਹੁਤ ਆਸਾਨੀ ਨਾਲ ਕਮਜ਼ੋਰ ਪੈ ਸਕਦੀ ਹੈ। ਇਸ ਦੇ ਨਾਲ ਹੀ ਆਈ. ਪੀ. ਸੀ. ਦੀ ਧਾਰਾ-124 (ਏ) (ਰਾਸ਼ਟਰਧ੍ਰੋਹ ਦੀ ਵਿਵਸਥਾ) ਤਾਂ ਹੈ ਹੀ। ਅਕਸਰ ਰਾਜਨੇਤਾਵਾਂ ਅਤੇ ਨਾਮੀ ਹਸਤੀਆਂ ਵਲੋਂ ਮਾਣਹਾਨੀ ਦੀ ਧਾਰਾ ਦਾ ਇਸਤੇਮਾਲ ਪ੍ਰੈੱਸ ਨੂੰ ਆਪਣੇ ਵਿਰੁੱਧ ਟਿੱਪਣੀ ਕਰਨ ਤੋਂ ਰੋਕਣ ਲਈ ਕੀਤਾ ਜਾਂਦਾ ਹੈ। ਖਾਸ ਕਰਕੇ ਤਾਮਿਲਨਾਡੂ ਵਿਚ ਅਜਿਹੇ ਤਰੀਕੇ ਬਹੁਤ ਜ਼ਿਆਦਾ ਅਪਣਾਏ ਜਾਂਦੇ ਹਨ।

1991-96 ਦਰਮਿਆਨ ਜੈਲਲਿਤਾ ਦੀ ਸਿਹਤ ਅਤੇ ਸੂਬਾ ਸਰਕਾਰ ਦੀਆਂ ਕਾਰਵਾਈਆਂ ਨੂੰ ਲੈ ਕੇ ਖ਼ਬਰਾਂ ਛਾਪਣ 'ਤੇ ਉਨ੍ਹਾਂ ਦੀ ਸਰਕਾਰ ਵਲੋਂ ਪ੍ਰਕਾਸ਼ਕਾਂ ਵਿਰੁੱਧ ਮਾਣਹਾਨੀ ਦੇ ਲੱਗਭਗ 120 ਮੁਕੱਦਮੇ ਦਰਜ ਕਰਵਾਏ ਗਏ ਸਨ। ਇਥੋਂ ਤਕ ਕਿ ਟੀ. ਵੀ. ਐਂਕਰ ਸਾਇਰਸ ਭਰੂਚਾ ਨੂੰ ਆਪਣੇ ਮਜ਼ਾਕੀਆ ਸ਼ੋਅ ਵਿਚ ਜੈਲਲਿਤਾ ਵਰਗੇ ਕੱਪੜੇ ਪਹਿਨਣ ਲਈ ਵੀ ਮੁਕੱਦਮੇ ਦਾ ਸਾਹਮਣਾ ਕਰਨਾ ਪਿਆ।

ਵੱਡੇ ਮੀਡੀਆ ਘਰਾਣੇ ਤਾਂ ਮਾਣਹਾਨੀ ਦੇ ਅਜਿਹੇ ਮੁਕੱਦਮਿਆਂ ਦਾ ਖਰਚਾ ਉਠਾ ਸਕਦੇ ਹਨ ਪਰ ਛੋਟੇ ਅਤੇ ਦਰਮਿਆਨੇ ਪੱਧਰ ਦੇ ਅਖ਼ਬਾਰਾਂ ਲਈ ਇਸ ਨਾਲ ਹੋਂਦ ਦਾ ਸੰਕਟ ਖੜ੍ਹਾ ਹੋ ਜਾਂਦਾ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਸੰਪਾਦਕ ਜ਼ਿਆਦਾਤਰ ਅਜਿਹੀਆਂ 'ਸਟੋਰੀਆਂ' ਛਾਪਣ ਤੋਂ ਪ੍ਰਹੇਜ਼ ਕਰਦੇ ਹਨ ਅਤੇ ਪੱਤਰਕਾਰਾਂ ਦਾ ਉਤਸ਼ਾਹ ਵੀ ਠੰਡਾ ਪੈਂਦਾ ਹੈ। ਸਾਨੂੰ ਅਪਰਾਧਿਕ ਮਾਣਹਾਨੀ ਦੀ ਧਾਰਾ ਨੂੰ ਖਤਮ ਕਰਨ ਜਾਂ ਘੱਟੋ-ਘੱਟ ਹਰਜਾਨੇ ਦੀ ਰਕਮ ਸੀਮਤ ਕਰਨ ਲਈ ਕਦਮ ਚੁੱਕਣੇ ਪੈਣਗੇ, ਤਾਂ ਕਿ ਖੇਤਰੀ ਅਤੇ ਸਥਾਨਕ ਅਖ਼ਬਾਰਾਂ ਦੇ ਪੱਤਰਕਾਰ ਮਾਣਹਾਨੀ ਦੇ ਮੁਕੱਦਮਿਆਂ ਦੇ ਡਰ ਤੋਂ ਬਿਨਾਂ ਕੰਮ ਕਰ ਸਕਣ।

ਕਾਇਦੇ ਨਾਲ ਬੋਲਣ ਦੀ ਆਜ਼ਾਦੀ ਅਤੇ ਇਸ ਦਾ ਵਿਸਤਾਰ ਕਹੀ ਜਾਣ ਵਾਲੀ ਪ੍ਰੈੱਸ ਦੀ ਆਜ਼ਾਦੀ ਨਿਰਵਿਘਨ ਹੋਣੀ ਚਾਹੀਦੀ ਹੈ ਪਰ ਧਾਰਾ-19 ਦੀ ਉਪ-ਧਾਰਾ 2 ਦੀ ਮੌਜੂਦਾ ਸੰਵਿਧਾਨਿਕ ਵਿਵਸਥਾ ਪ੍ਰੈੱਸ 'ਤੇ ਪ੍ਰਭਾਵਸ਼ਾਲੀ ਕੰਟਰੋਲ ਰੱਖਦੀ ਹੈ। ਸਰਕਾਰੀ ਭੇਤ ਗੁਪਤ ਰੱਖਣ ਸਬੰਧੀ ਕਾਨੂੰਨ ਪੱਤਰਕਾਰਾਂ ਨੂੰ ਦੇਸ਼ ਦੀ ਰੱਖਿਆ ਨਾਲ ਜੁੜੇ ਮਾਮਲਿਆਂ ਦੀਆਂ ਖ਼ਬਰਾਂ ਛਾਪਣ ਤੋਂ ਰੋਕਦਾ ਹੈ, ਹਾਲਾਂਕਿ ਇਸ ਵਿਵਸਥਾ ਦੀ ਦੁਰਵਰਤੋਂ ਦੀ ਵੀ ਪੂਰੀ ਸੰਭਾਵਨਾ ਹੈ।

ਸੰਸਦ ਇਸ ਮਾਮਲੇ ਵਿਚ ਘੱਟੋ-ਘੱਟ ਇੰਨਾ ਜ਼ਰੂਰ ਕਰ ਸਕਦੀ ਹੈ ਕਿ ਪੱਤਰਕਾਰਾਂ ਨੂੰ ਅਪਰਾਧਿਕ ਕਾਰਵਾਈ ਤੋਂ ਬਚਾਉਣ ਲਈ ਇਕ ਕਾਨੂੰਨ ਬਣਾਵੇ ਤੇ ਉਨ੍ਹਾਂ ਨੂੰ ਰਾਸ਼ਟਰਧ੍ਰੋਹ ਕਾਨੂੰਨ ਦੇ ਦਾਇਰੇ ਤੋਂ ਬਾਹਰ ਰੱਖੇ। ਕੌਮੀ ਸੁਰੱਖਿਆ ਕਾਨੂੰਨ ਵਿਚ ਇਕ ਅਧਿਆਏ ਜੋੜ ਕੇ ਸਰਕਾਰੀ ਭੇਤ ਗੁਪਤ ਰੱਖਣ ਬਾਰੇ ਕਾਨੂੰਨ ਦੀਆਂ ਵਿਵਸਥਾਵਾਂ ਦਾ ਵੇਰਵਾ ਦਿੱਤਾ ਜਾਣਾ ਚਾਹੀਦਾ ਹੈ।

ਗਰੀਸ ਦੀ ਸੰਸਦ ਵਲੋਂ ਦਸੰਬਰ 2015 ਵਿਚ ਦੇਸ਼ ਦੇ ਪ੍ਰੈੱਸ ਕਾਨੂੰਨ ਵਿਚ ਦੂਰਰਸ ਅਸਰ ਪਾਉਣ ਵਾਲੀ ਤਬਦੀਲੀ ਬਾਕੀ ਦੇਸ਼ਾਂ ਲਈ ਵੀ ਇਕ ਖਾਕਾ ਪੇਸ਼ ਕਰਦੀ ਹੈ। ਇਸ ਵਿਚ ਅਦਾਲਤ ਨੂੰ ਦੋਹਾਂ ਧਿਰਾਂ ਦੀ ਸਮਾਜਿਕ ਤੇ ਆਰਥਿਕ ਸਥਿਤੀ ਦੇ ਨਾਲ-ਨਾਲ ਮਾਣਹਾਨੀ ਦੇ ਪ੍ਰਭਾਵ, ਪ੍ਰਕਿਰਤੀ ਅਤੇ ਨੁਕਸਾਨ ਦੀ ਗੰਭੀਰਤਾ ਦੇ ਅਨੁਪਾਤ ਵਿਚ ਹਰਜਾਨੇ ਦੀ ਰਕਮ ਤੈਅ ਕਰਨ ਦੀ ਗੱਲ ਕਹੀ ਗਈ ਹੈ। ਇਹ ਇਕ ਲਾਜ਼ਮੀ ਮੁੱਢਲੀ ਪ੍ਰਕਿਰਿਆ ਦੇ ਜ਼ਰੀਏ ਪੱਤਰਕਾਰ ਨੂੰ ਆਪਣੇ ਪਹਿਲੇ ਡਰਾਫਟ 'ਚ ਕੀਤੀ ਗਈ ਕਿਸੇ ਭੁੱਲ ਜਾਂ ਗਲਤਬਿਆਨੀ ਨੂੰ ਦਰੁੱਸਤ ਕਰਨ ਦਾ ਮੌਕਾ ਵੀ ਦਿੰਦੀ ਹੈ।

ਪੱਤਰਕਾਰਾਂ ਲਈ ਖਤਰਾ ਵਧਦਾ ਜਾ ਰਿਹਾ ਹੈ। ਇਸ ਨਾਲ ਗੰਭੀਰ ਮਾਮਲਿਆਂ ਵਿਚ ਰਿਪੋਰਟਿੰਗ ਦੀ ਗੁਣਵੱਤਾ ਤੇ ਗਿਣਤੀ ਵੀ ਪ੍ਰਭਾਵਿਤ ਹੋਵੇਗੀ, ਅਹਿਮ ਮਸਲਿਆਂ ਦੀ ਪੜਤਾਲ ਵਿਚ ਕਮੀ ਆਏਗੀ, ਕਈ ਮਾਮਲਿਆਂ 'ਚ ਪੂਰੀ ਪੜਤਾਲ ਕੀਤੀ ਹੀ ਨਹੀਂ ਜਾ ਸਕੇਗੀ। ਮੀਡੀਆ ਦਾ ਨਜ਼ਰੀਆ ਬਹੁਤ ਜ਼ਿਆਦਾ ਰਾਸ਼ਟਰਵਾਦੀ ਬਣ ਜਾਵੇਗਾ ਅਤੇ ਸਵੈ-ਆਲੋਚਨਾ ਦਾ ਰੁਝਾਨ ਘਟ ਜਾਵੇਗਾ। 'ਪ੍ਰੈੱਸ ਕੌਂਸਲ ਆਫ ਇੰਡੀਆ' ਨੂੰ ਇਕ ਵੱਖਰਾ ਕਾਨੂੰਨ (ਐਡਵੋਕੇਟਸ ਐਕਟ ਵਰਗਾ) ਬਣਾ ਕੇ 'ਬਾਰ ਕੌਂਸਲ ਆਫ ਇੰਡੀਆ' ਵਾਂਗ ਅਧਿਕਾਰ ਸੰਪੰਨ ਬਣਾਏ ਜਾਣ ਦੀ ਲੋੜ ਹੈ, ਜਿਸ ਨਾਲ ਪੱਤਰਕਾਰਾਂ ਦਾ ਦਰਜਾ ਉੱਚਾ ਹੋਵੇਗਾ।

ਇਸ ਦੇ ਨਾਲ ਹੀ ਪੱਤਰਕਾਰਾਂ ਨੂੰ ਇਸ ਨਾਲ ਅਨੈਤਿਕ ਤੇ ਗੈਰ-ਵਪਾਰਕ ਤੌਰ-ਤਰੀਕਿਆਂ ਤੋਂ ਸੁਰੱਖਿਆ ਵੀ ਮਿਲੇਗੀ। ਪ੍ਰੈੱਸ ਕੌਂਸਲ ਦਾ ਦਾਇਰਾ ਵਧਾ ਕੇ ਇਸ ਦੇ ਤਹਿਤ ਇਲੈਕਟ੍ਰਾਨਿਕ, ਬ੍ਰਾਡਕਾਸਟ ਤੇ ਨਿਊ ਮੀਡੀਆ ਸਮੇਤ ਹਰ ਤਰ੍ਹਾਂ ਦਾ ਮੀਡੀਆ ਲਿਆਂਦਾ ਜਾਣਾ ਚਾਹੀਦਾ ਹੈ।

ਇਸ ਸੈਕਟਰ ਨੂੰ ਸਾਨੂੰ ਵੱਡੇ ਪੱਧਰ 'ਤੇ ਸੁਰੱਖਿਆ ਦੇਣੀ ਪਵੇਗੀ। ਅਜਿਹਾ ਨਾ ਕਰਨ 'ਤੇ ਅਸੀਂ ਆਪਣੇ ਲੋਕਤੰਤਰ ਦੇ ਸੁਰੱਖਿਆ ਉਪਾਵਾਂ ਨੂੰ ਕਮਜ਼ੋਰ ਹੀ ਕਰਾਂਗੇ। ਸਾਡਾ ਲੋਕਤੰਤਰ ਸੁਰੱਖਿਅਤ ਰਹੇ, ਇਸ ਦੇ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਪੱਤਰਕਾਰਾਂ ਦੀ ਵੀ ਪੂਰੀ ਸੁਰੱਖਿਆ ਕਰੀਏ।

**ਵਰੁਣ ਗਾਂਧੀ**

# ਕੌਣ ਲਵੇਗਾ ਪੰਜਾਬ ਦੇ ਵਪਾਰੀਆਂ ਦੀ ਸਾਰ?

ਸਮਾਜ ਦਾ ਥੰਮ, ਦੇਸ਼ ਦੀ ਅਰਥਵਿਵਸਥਾ ਵਿਚ ਮਹਾਨ ਯੋਗਦਾਨੀ ਅਤੇ ਸਮਾਜ ਦੀਆਂ ਬੁਨਿਆਦੀ ਜਰੂਰਤਾਂ ਨੂੰ ਪੂਰਾ ਕਰਨ ਵਾਲਾ ਵਰਗ, ਜੋ ਦੁਕਾਨਦਾਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ ,ਅਜ ਉਸਦੀ ਹੋਂਦ ਅਤੇ ਭਵਿਖ ਖ਼ਤਰੇ ਵਿਚ ਹੈ। ਅਜ ਉਸਦੀ ਸੁਰਖਿਆ ਖ਼ਤਰੇ ਤੋਂ ਬਾਹਰ ਨਹੀਂ ਹੈ। ਉਹ ਵਰਗ ਜੋ ਸਮਾਜ ਦਾ ਸਭ ਤੋਂ ਮਜਬੂਤ ,ਸਨਮਾਨ ਯੋਗ ਅਤੇ ਅਹਿਮ ਵਰਗ ਸਮਝਿਆ ਜਾਂਦਾ ਸੀ ,ਅਜ ਓਹੀ ਵਰਗ ਸਮਾਜ ਦੀ ਸਭ ਤੋਂ ਕਮਜ਼ੋਰ ਕੜੀ ਬਣਦਾ ਜਾ ਰਿਹਾ ਹੈ। ਦੁਕਾਨਦਾਰ ਵਰਗ ਅਜ ਸਮਾਜ ਦਾ ਅਜਿਹਾ ਵਰਗ ਬਣ ਗਿਆ ਹੈ, ਜੋ ਚਾਰੇ ਪਾਸੇ ਤੋਂ ਸਮਸਿਆਵਾਂ ਨਾਲ ਘਿਰਿਆ ਹੋਇਆ ਹੈ ।

ਪਹਿਲਾ ਤਾਂ ਸਰਕਾਰ ਵਲੋ ਕਾਰੋਬਾਰ ਤੇ ਲਗਾਇਆ ਜੀ .ਐਸ.ਟੀ .ਹੈ, ਜਿਸਨੇ ਛੋਟੇ ਦੁਕਾਨਦਾਰਾਂ ਸਮੇਤ ਪੂਰੇ ਕਾਰੋਬਾਰੀ ਵਰਗ ਤੇ ਬਹੁਤ ਜ਼ਿਆਦਾ ਪ੍ਰਭਾਵ ਪਾਇਆ ਹੈ। ਛੋਟਾ ਕਾਰੋਬਾਰੀ ਜੋ ਆਪਣੇ ਕਾਰੋਬਾਰ ਦਾ ਸਾਰਾ ਲੇਖਾ -ਜੋਖਾ ਜਾਂ ਬਹੀ-ਖਾਤਾ ਆਪ ਤਿਆਰ ਕਰਦਾ ਸੀ ,ਪ੍ਰੰਤੂ ਅਜ ਉਸਨੂੰ ਆਪਣੇ ਕਾਰੋਬਾਰ ਦਾ ਸਾਰਾ ਰਿਕਾਰਡ ਤਿਆਰ ਕਰਵਾਉਣ ਲਈ ਦੂਜਿਆਂ ਤੇ ਨਿਰਭਰ ਹੋਣਾ ਪੈ ਰਿਹਾ ਹੈ । ਕਿਉ ਕਿ ਨਾ ਤਾਂ ਉਹ ਟੈਕਸ ਦੀ ਪ੍ਰਕਿਰਿਆ ਨੂੰ ਸਮਝ ਪਾ ਰਿਹਾ ਹੈ , ਨਾ ਹੀ ਔਨਲਾਈਨ ਟੈਕਸ ਜਾਂ ਰਿਟਰਨ ਭਰਨ ਦੀ ਕਿ ਪ੍ਰਕਿਰਿਆ ਹੈ ? ਇਹ ਸਭ ਕੁਛ ਉਸਦੀ ਸਮਝ ਤੋਂ ਬਾਹਰ ਹੈ। ਇਸ ਟੈਕਸ ਦੀ ਪ੍ਰਕਿਰਿਆ ਸਮਝ ਨਾ ਆਉਣਾ ਹੀ ਦੁਕਾਨਦਾਰਾਂ ਦੀ ਸਭ ਤੋਂ ਵਡੀ ਪ੍ਰੇਸ਼ਾਨੀ ਤੇ ਸਿਰ ਦਰਦੀ ਹੈ। ਜਿਸ ਕਾਰਨ ਉਨ੍ਹਾਂ ਨੂੰ ਆਪਣਾ ਸਾਰਾ ਲੇਖਾ ਜੋਖਾ ਅਕਾਊਂਟੈਂਟ ਤੋਂ ਤਿਆਰ ਕਰਵਾਉਣ ਕਾਰਨ ਭਾਰੀ ਕੀਮਤ ਭੀ ਚੁਕਾਣੀ ਪੈ ਰਹੀ ਹੈ।

ਦੁਜਾ ਵਡ੍ਹੇ ਸ਼ਹਿਰਾਂ ਸਮੇਤ ਛੋਟੇ ਸ਼ਹਿਰਾਂ ਵਿਚ ਖੁਲ ਰਹੇ ਵਡ੍ਹੇ -ਵਡ੍ਹੇ ਸ਼ੋਪਿੰਗ ਮਾਲਾਂ ਅਤੇ ਔਨਲਾਈਨ ਸ਼ੋਪਿੰਗ ਨੇ ਛੋਟੇ ਦੁਕਾਨਦਾਰਾਂ ਦੇ ਕੰਮਾਂ ਤੇ ਬਹੁਤ ਜ਼ਿਆਦਾ ਪ੍ਰਭਾਵ ਪਾਇਆ ਹੈ । ਵਢੀ ਪ੍ਰਾਈਵੇਟ ਕੰਪਨੀਆਂ ਅਤੇ ਅਮੀਰ ਵਰਗ ਨੇ ਮੋਟਾ ਪੈਸਾ ਕਮਾਉਣ ਲਈ ਸ਼ਹਿਰਾਂ ਤੇ ਕਸਬਿਆਂ ਵਿਚ ਸ਼ੋਪਿੰਗ ਮਾਲ ਖੋਲ ਲਾਏ ਹਨ । ਇਨ੍ਹਾਂ ਮਾਲ੍ਹਾਂ ਵਿਚ ਦਿਤੀਆਂ ਜਾਂਦੀਆਂ ਸਹੂਲਤਾਂ ਅਤੇ ਸਕੀਮਾਂ ਕਾਰਨ ਲੋਕਾਂ ਦਾ ਰੁਝਾਨ ਇਨ੍ਹਾਂ ਮਾਲ੍ਹਾਂ ਵਲ੍ਹ ਨੂੰ ਵਧ ਰਿਹਾ ਹੈ । ਖਾਸ ਕਰਕੇ ਮੁਲਾਜਮ ਵਰਗ ਦਾ ਰੁਝਾਨ ਸਭ ਤੋਂ ਜ਼ਿਆਦਾ ਇਨ੍ਹਾਂ ਮਾਲ੍ਹਾਂ ਵਲ ਵਧਿਆ ਹੈ ਤੇ ਅਜ ਗ੍ਰਾਹਕ ਭੀ ਵਡੇ ਮਾਲ੍ਹਾਂ ਵਿਚ ਖਰੀਦਦਾਰੀ ਕਰਨਾ ਆਪਣੀ ਸ਼ਾਨ ਸਮਜਦਾ ਹੈ । ਪ੍ਰੰਤੂ ਇਨ੍ਹਾਂ ਸ਼ੋਪਿੰਗ ਮਾਲ੍ਹਾਂ ਨੇ ਛੋਟੇ ਦੁਕਾਨਦਾਰਾਂ ਦੇ ਕਾਰੋਬਾਰ ਤੇ ਬਹੁਤ ਜ਼ਿਆਦਾ ਅਸਰ ਪਾਇਆ ਹੈ।

ਤੀਜਾ ਜਿਸ ਨੌਜਵਾਨ ਨੇ ਅਜ ਨਵਾਂ ਕਾਰੋਬਾਰ ਸ਼ੁਰੂ ਕਰਨਾ ਹੈ, ਉਸ ਲਈ ਨਵਾਂ ਕਾਰੋਬਾਰ ਸ਼ੁਰੂ ਕਰਨਾ ਕਿਸੇ ਚੁਣੌਤੀ ਤੋਂ ਘਟ ਨਹੀਂ ਹੈ । ਨਵਾਂ ਕਾਰੋਬਾਰ ਸ਼ੁਰੂ ਕਰਨ ਵਾਲੇ ਨੂੰ ਮੁਸ਼ਕਲਾਂ ਦੇ ਕਈ ਪੜਾਵਾਂ ਵਿਚੋ ਹੋ ਕੇ ਗੁਜਰਨਾ ਪੈਂਦਾ ਹੈ। ਪਹਿਲਾ ਤਾਂ ਦੁਕਾਨਾਂ ਦੀਆਂ ਕੀਮਤਾਂ ਇਨ੍ਹੀ ਜ਼ਿਆਦਾ ਹਨ ਕਿ ਹਰ ਵਿਅਕਤੀ ਖਰੀਦ ਨਹੀਂ ਸਕਦਾ, ਜੇਕਰ ਉਹ ਕਿਰਾਏ ਤੇ ਲੈਂਦਾ ਹੈ ਤਾਂ ਕਿਰਾਏ ਬਹੁਤ ਜ਼ਿਆਦਾ ਹਨ ਤੇ ਦੁਕਾਨ ਮਾਲਿਕ ਦੀਆਂ ਸ਼ਰਤਾਂ ਇਨ੍ਹੀ ਜ਼ਿਆਦਾ ਸਖਤ ਹਨ ਕਿ ਕਿਰਾਏਦਾਰ ਦਾ ਪੂਰਾ ਮਹੀਨਾ ਦੁਕਾਨ ਮਾਲਿਕ ਲਈ ਕਿਰਾਇਆ ਇਕਠਾ ਕਰਨ ਅਤੇ ਸ਼ਰਤਾਂ ਪੂਰਾ ਕਰਨ ਵਿਚ ਹੀ ਲੰਗ ਜਾਂਦਾ ਹੈ। ਕਿਰਾਏ ਤੋਂ ਇਲਾਵਾ ਬਿਜਲੀ ਪਾਣੀ , ਨੌਕਰ ਅਤੇ ਹੋਰ ਅਨੇਕਾਂ ਖਰਚੇ ਕਢਣ ਤੋਂ ਬਾਦ ਉਹ ਆਪਣੀ ਕਮਾਈ ਲਭੇਗਾ । ਇਸ ਲਈ ਨੌਜਵਾਨਾਂ ਲਈ ਕਾਰੋਬਾਰ ਕਰਨਾ ਕੋਈ ਆਸਾਨ ਕੰਮ ਨਹੀਂ ਰਿਹਾ, ਕਿਊ ਨਵਾਂ ਕਾਰੋਬਾਰ ਸ਼ੁਰੂ ਕਰਨ ਲਈ ਉਸਨੂੰ ਆਪਣੇ ਮਾਂ-ਬਾਪ ਤੋਂ ਬਿਨਾ ਕਿਸੇ ਹੋਰ ਪਾਸੋ ਕੋਈ ਮਦਦ ਨਹੀਂ ਮਿਲਦੀ।

ਚੌਥਾ ਦੁਕਾਨਦਾਰ ਵਰਗ ਲਈ ਸਭ ਤੋਂ ਵਡੀ ਸਮਸਿਆ ਕਾਰੋਬਾਰਾਂ ਦੇ ਵਿਚ ਦਿਨ ਪ੍ਰਤੀ ਦਿਨ ਵਧ ਰਹੀ ਇਨਵੈਸਟਮੈਂਟ ਦੀ ਭੀ ਹੈ। ਇਨਵੈਸਟਮੈਂਟ ਤਾਂ ਪੁਰਾਣੇ ਦੁਕਾਨਦਾਰਾਂ ਲਈ ਭੀ ਇਕ ਵਡੀ ਸਮਸਿਆ ਬਣਦਾ ਜਾ ਰਿਹਾ ਹੈ। ਕਿਉਂ ਕਿ ਗ੍ਰਾਹਕ ਦੀ ਪਸੰਦ ਇਨ੍ਹੀ ਜ਼ਿਆਦਾ ਵਧ ਗਈ ਹੈ ਅਤੇ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ ,ਕਿ ਉਸਨੂੰ ਦੁਕਾਨ ਵਿਚ ਸਾਮਾਨ ਦੀ ਬਹੁਤਾਇਤ ਮਾਤਰਾ ,ਹਰ ਰੋਜ਼ ਨਵਾਂ ਅਤੇ ਬਰਾਂਡਿਡ ਤੇ ਫੈਂਸੀ ਸਾਮਾਨ ਹੋਣਾ ਚਾਹੀਦਾ ਹੈ । ਅਜਿਹੀ ਦੁਕਾਨਾਂ ਹੀ ਅਜ ਗ੍ਰਾਹਕ ਦੀ ਪਸੰਦ ਬਣਦੀ ਜਾ ਰਹੀ ਹੈ। ਵੈਸੇ ਤਾਂ ਅਜ ਦੁਕਾਨਦਾਰ ਗ੍ਰਾਹਕ ਦੀ ਅਜਿਹੀ ਪਸੰਦ ਪੂਰੀ ਕਰਨ ਵਿਚ ਅਸਮਰਥ ਹੈ। ਜੇਕਰ ਉਹ ਔਖਾ ਸੌਖਾ ਸਮੇਂ ਦੇ ਮੁਤਾਬਿਕ ਅਤੇ ਗ੍ਰਾਹਕ ਦੀ ਪਸੰਦ ਅਨੁਸਾਰ ਆਪਣੀ ਦੁਕਾਨ ਦਾ ਸਟੈਂਡਰਡ ਵਧਾਉਂਦਾ ਹੈ ,ਤਾਂ ਉਹ ਬੇਚਾਰਾ ਕੰਪੀਟੀਸ਼ਨ ਫਸ ਜਾਂਦਾ ਹੈ ਤੇ ਉਸਨੂੰ ਆਪਣਾ ਮਾਲ ਤੇ ਸਟਾਕ ਪੁਰਾਣਾ ਹੋਣ ਤੋਂ ਬਚਾਉਣ ਲਈ ਘਟ ਮੁਨਾਫ਼ੇ ਤੇ ਬੇਚਣਾ ਪੈਂਦਾ ਹੈ ।

ਪੰਜਵਾਂ ਸਰਕਾਰ ਵਲੋਂ ਦੁਕਾਨਦਾਰਾਂ ਨੂੰ ਨੌਕਰੀ ਪੇਸ਼ਾ ਅਤੇ ਸਰਕਾਰੀ ਮੁਲਾਜਮਾਂ ਦੀ ਤਰਾਂ ਕੋਈ ਲੋਨ , ਸਿਹਤ , ਪੈਨਸ਼ਨ ਜਾ ਕੋਈ ਹੋਰ ਕਿਸੇ ਪ੍ਰਕਾਰ ਦੀ ਸਹੂਲਤਾਂ ਨਹੀਂ ਦਿਤੀ ਜਾਂਦੀਆਂ। ਜੋ ਕਿ ਦੁਕਾਨਦਾਰ ਵਰਗ ਨਾਲ ਬਹੁਤ ਵਡਾ ਧਕਾ ਹੈ । ਪ੍ਰੰਤੂ ਇਕ ਦੂਕਾਨਦਾਰ ਜੋ ਸਾਰੀ ਉਮਰ ਇੰਕਮਟੈਕਸ ਦੇਂਦਾ ਹੈ ਅਤੇ ਕਰੋੜਾਂ ਰੁਪਏ ਜੀ .ਐਸ.ਟੀ . ਇਕਠਾ ਕਰਕੇ ਦੇਂਦਾ ਹੈ , ਸਮਾਜ ਦੀਆਂ



ਜਰੂਰਤ ਨੂੰ ਪੂਰਾ ਕਰਦਾ ਹੈ , ਭਾਰਤੀ ਅਰਥਵਿਵਸਥਾ ਵਿਚ ਸਭ ਤੋਂ ਜ਼ਿਆਦਾ ਯੋਗਦਾਨ ਪਾਉਂਦਾ ਹੈ ,ਵਡੇ ਕਾਰੋਬਾਰੀ ਸਰਕਾਰ ਦੀਆਂ ਵਖ ਵਖ ਗਤਿਵਿਧਿਆਂ ਵਿਚ ਯੋਗਦਾਨ ਪਾਉਂਦੇ ਹਨ ,ਫਿਰ ਭੀ ਦੁਕਾਨਦਾਰਾਂ ਨੂੰ ਸਰਕਾਰ ਵਲੋਂ ਕੋਈ ਸਹੂਲਤ ਨਹੀਂ ਦਿਤੀ ਜਾਂਦੀ, ਨਾ ਹੀ ਕੋਈ ਸਿਹਤ ਸਹੂਲਤ ਮਿਲਦੀ ਅਤੇ ਨਾ ਹੀ ਦੁਕਾਨਦਾਰਾਂ ਲਈ ਕੋਈ ਭਵਿਖ ਲਈ ਉਸਾਰੂ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਅਤੇ ਨਾ ਹੀ ਕਰਨ ਦੀ ਕੋਈ ਸੰਭਾਵਨਾ ਹੈ। ਦੁਕਾਨਦਾਰ ਭਾਵੇਂ 80 ਸਾਲ ਦਾ ਹੋ ਜਾਵੇ ਉਹ ਕਦੇ ਸੇਵਾ ਮੁਕਤ ਨਹੀਂ ਹੁੰਦਾ , ਕਿਉਂ ਕਿ ਦੁਕਾਨਦਾਰ ਨੂੰ ਬੁਢਾਪੇ ਵਿਚ ਸਰਕਾਰ ਪਾਸੋ ਕੋਈ ਸਹੂਲਤ ਨਾ ਮਿਲਣ ਕਾਰਨ ਮਿਹਨਤ ਕਰਕੇ ਹੀ ਰੋਟੀ ਖਾਣੀ ਪੈਂਦੀ ਹੈ। .

ਛੇਵਾਂ ਕਾਰਨ ਜੋ ਸਭ ਤੋਂ ਅਹਿਮ ਤੇ ਮਹਤਵਪੂਰਨ ਹੈ ,ਉਹ ਹੈ ਕਿ ਅਜ ਦੁਕਾਨਦਾਰਾਂ ਦੀ ਸੁਰਖਿਆ ਭੀ ਖ਼ਤਰੇ ਵਿਚ ਹੈ । ਭਰੇ ਬਾਜ਼ਾਰ ਵਿਚ ਦੁਕਾਨ ਕਰਦਾ ਦੂਕਾਨਦਾਰ ਭੀ ਆਪਣੇ ਆਪ ਨੂੰ ਸੁਰਖਿਅਤ ਮਹਿਸੂਸ ਨਹੀਂ ਕਰਦਾ । ਕਿਉਂ ਕਿ ਭਰੇ ਬਾਜ਼ਾਰਾਂ ਵਿਚ ਦੁਕਾਨਦਾਰਾਂ ਨਾਲ ਹੋ ਰਹੇ ਹਾਦਸਿਆਂ ਨੇ ਦੁਕਾਨਦਾਰਾਂ ਦੇ ਮਨਾਂ ਵਿਚ ਸਹਿਮ ਦਾ ਮਾਹੌਲ ਪੈਦਾ ਕਰ ਦਿਤਾ ਹੈ। ਅਤੇ ਦੂਕਾਨਦਾਰ ਆਪਣੇ ਆਪ ਨੂੰ ਕਮਜ਼ੋਰ ਮਹਿਸੂਸ ਕਰਦਾ ਹੈ । ਤੇ ਅਜ ਇਕਲੇ ਵਿਅਕਤੀ ਦੀ ਦੁਕਾਨਦਾਰੀ ਨਹੀਂ ਰਹੀ , ਵਪਾਰ ਮੰਡਲ ਕਮਜ਼ੋਰ ਅਤੇ ਸਖ਼ਤ ਨਾ ਹੋਣ ਕਾਰਨ ਜੇਕਰ ਕੋਈ ਭੀ ਵਿਅਕਤੀ ਦੁਕਾਨਦਾਰ ਨਾਲ ਵਾਰਦਾਤ ਕਰ ਕੇ ਚਲਾ ਜਾਵੇ ਤਾਂ ਫਿਰ ਉਸਨੂੰ ਆਪਣੀ ਹਿਫਾਜਤ , ਪੁਲਿਸ ਕਾਰਵਾਈ ਅਤੇ ਪ੍ਰਸ਼ਾਸਨਿਕ ਕਾਰਵਾਈ ਲਈ ਕਿਸੇ ਰਾਜਨੀਤਿਕ ਆਗੂ ਦਾ ਸਹਾਰਾ ਲੈਣਾ ਪੈਂਦਾ ਹੈ । ਜੇਕਰ ਵਪਾਰ ਮੰਡਲ ਦੁਕਾਨਦਾਰਾਂ ਦੇ ਹਕਾਂ ਲਈ ਪੂਰੀ ਤਰਾਂ ਨਾਲ ਖੜਾ ਹੋਵੇ ਤਾਂ ਕਿਸੇ ਦੀ ਹਿੰਮਤ ਨਹੀਂ ਕਿ ਉਹ ਦੁਕਾਨਦਾਰਾਂ ਨਾਲ ਗਲਤ ਪੇਸ਼ ਆਵੇ ।

ਪਿਛਲੇ ਦਿਨੀ ਪੰਜਾਬ ਦੇ ਜਿਲਾ ਮੋਹਾਲੀ ਦੇ ਸ਼ਹਿਰ ਕੁਰਾਲੀ ਵਿਖੇ ਦੁਕਾਨਦਾਰਾਂ ਨਾਲ ਹੋਏ ਵਖ ਵਖ ਹਾਦਸਿਆਂ ਅਤੇ ਰੋਪੜ ਦੇ ਚਮਕੌਰ ਸਾਹਿਬ ਵਿਖੇ ਦੁਕਾਨਦਾਰ ਨਾਲ ਹੋਏ ਹਾਦਸੇ ਨੇ ਦੁਕਾਨਦਾਰਾ ਦੀ ਸੁਰਖਿਆ ਤੇ ਸਵਾਲੀਆ ਨਿਸ਼ਾਨ ਲਗਾ ਦਿਤਾ ਹੈ । ਕਿ ਅਜ ਦੁਕਾਨਦਾਰਾਂ ਦੀ ਸੁਰਖਿਆ ਖ਼ਤਰੇ ਵਿਚ ਹੈ । ਦੁਕਾਨਦਾਰਾਂ ਦੀ ਸੁਰਖਿਆ ਲਈ ਪ੍ਰਸ਼ਾਸਨ ਅਤੇ ਸਰਕਾਰ ਨੂੰ ਉਚਿਤ ਕਦਮ ਚੁਕਣੇ ਚਾਹੀਦੇ ਹਨ । ਤਾ ਕਿ ਅਗੇ ਭਵਿਖ ਵਿਚ ਦੁਕਾਨਦਾਰਾਂ ਨਾਲ ਇੰਝੇ ਦੇ ਹਾਦਸੇ ਨਾ ਵਾਪਰ ਸਕਣ । ਪਹਿਲਾ ਦੁਕਾਨਦਾਰੀ ਦਾ ਕੀਤਾ ਸਭ ਤੋਂ ਉਤਮ ਸਮਝਿਆ ਜਾਂਦਾ ਸੀ। ਸਮਾਜ ਵਿਚ ਦੁਕਾਨਦਾਰ ਨੂੰ ਬਹੁਤ ਇਜਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ । ਗ੍ਰਾਹਕ ਦੁਕਾਨਦਾਰ ਨੂੰ ਆਪਣਾ ਰਬ ਸਮਜਦਾ ਸੀ , ਕਿਉ ਕਿ ਜਰੂਰਤ ਵੇਲੇ ਦੁਕਾਨਦਾਰ ਹੀ ਗ੍ਰਾਹਕ ਦੀ ਜਰੂਰਤ ਨੂੰ ਪੂਰਾ ਕਰਦਾ ਸੀ । ਪਰ ਅਜ ਸਮਾਂ ਬਿਲਕੁਲ ਬਦਲ ਗਿਆ , ਗ੍ਰਾਹਕ ਦੁਕਾਨਦਾਰ ਦੀ ਇਜਤ ਤਾ ਬਹੁਤ ਦੂਰ ਸਗੋਂ ਦੁਕਾਨਦਾਰ ਤੋਂ ਚੀਜ ਖਰੀਦ ਕੇ ਉਸ ਉਤੇ ਅਹਿਸਾਨ ਸਮਜਦਾ ਹੈ । ਦੁਕਾਨਦਾਰ ਨਾਲ ਛੋਟੀ ਛੋਟੀ ਗਲ ਨੂੰ ਲੈ ਕੇ ਬਹਿਸ ਬਾਜੀ ਕਰਨਾ ਆਪਣੀ ਸ਼ਾਨ ਸਮਜਦਾ ਹੈ।

ਪਹਿਲਾ ਤਾਂ ਸਰਕਾਰ ਵਲੋ ਕਾਰੋਬਾਰ ਤੇ ਲਗਾਇਆ ਜੀ .ਐਸ.ਟੀ .ਹੈ, ਜਿਸਨੇ ਛੋਟੇ ਦੁਕਾਨਦਾਰਾਂ ਸਮੇਤ ਪੂਰੇ ਕਾਰੋਬਾਰੀ ਵਰਗ ਤੇ ਬਹੁਤ ਜ਼ਿਆਦਾ ਪ੍ਰਭਾਵ ਪਾਇਆ ਹੈ। ਛੋਟਾ ਕਾਰੋਬਾਰੀ ਜੋ ਆਪਣੇ ਕਾਰੋਬਾਰ ਦਾ ਸਾਰਾ ਲੇਖਾ -ਜੋਖਾ ਜਾਂ ਬਹੀ-ਖਾਤਾ ਆਪ ਤਿਆਰ ਕਰਦਾ ਸੀ ,ਪ੍ਰੰਤੂ ਅਜ ਉਸਨੂੰ ਆਪਣੇ ਕਾਰੋਬਾਰ ਦਾ ਸਾਰਾ ਰਿਕਾਰਡ ਤਿਆਰ ਕਰਵਾਉਣ ਲਈ ਦੂਜਿਆਂ ਤੇ ਨਿਰਭਰ ਹੋਣਾ ਪੈ ਰਿਹਾ ਹੈ। ਕਿਉ ਕਿ ਨਾ ਤਾਂ ਉਹ ਟੈਕਸ ਦੀ ਪ੍ਰਕਿਰਿਆ ਨੂੰ ਸਮਝ ਪਾ ਰਿਹਾ ਹੈ , ਨਾ ਹੀ ਔਨਲਾਈਨ ਟੈਕਸ ਜਾਂ ਰਿਟਰਨ ਭਰਨ ਦੀ ਕਿ ਪ੍ਰਕਿਰਿਆ ਹੈ ? ਇਹ ਸਭ ਕੁਛ ਉਸਦੀ ਸਮਝ ਤੋਂ ਬਾਹਰ ਹੈ। ਇਸ ਟੈਕਸ ਦੀ ਪ੍ਰਕਿਰਿਆ ਸਮਝ ਨਾ ਆਉਣਾ ਹੀ ਦੁਕਾਨਦਾਰਾਂ ਦੀ ਸਭ ਤੋਂ ਵਡੀ ਪ੍ਰੇਸ਼ਾਨੀ ਤੇ ਸਿਰ ਦਰਦੀ ਹੈ। ਜਿਸ ਕਾਰਨ ਉਨ੍ਹਾਂ ਨੂੰ ਆਪਣਾ ਸਾਰਾ ਲੇਖਾ ਜੋਖਾ ਅਕਾਊਂਟੈਂਟ ਤੋਂ ਤਿਆਰ ਕਰਵਾਉਣ ਕਾਰਨ ਭਾਰੀ ਕੀਮਤ ਭੀ ਚੁਕਾਣੀ ਪੈ ਰਹੀ ਹੈ।

ਦੁਜਾ ਵਡ੍ਹੇ ਸ਼ਹਿਰਾਂ ਸਮੇਤ ਛੋਟੇ ਸ਼ਹਿਰਾਂ ਵਿਚ ਖੁਲ ਰਹੇ ਵਡ੍ਹੇ -ਵਡ੍ਹੇ ਸ਼ੋਪਿੰਗ ਮਾਲਾਂ ਅਤੇ ਔਨਲਾਈਨ ਸ਼ੋਪਿੰਗ ਨੇ ਛੋਟੇ ਦੁਕਾਨਦਾਰਾਂ ਦੇ ਕੰਮਾਂ ਤੇ ਬਹੁਤ ਜ਼ਿਆਦਾ ਪ੍ਰਭਾਵ ਪਾਇਆ ਹੈ । ਵਢੀ ਪ੍ਰਾਈਵੇਟ ਕੰਪਨੀਆਂ ਅਤੇ ਅਮੀਰ ਵਰਗ ਨੇ ਮੋਟਾ ਪੈਸਾ ਕਮਾਉਣ ਲਈ ਸ਼ਹਿਰਾਂ ਤੇ ਕਸਬਿਆਂ ਵਿਚ ਸ਼ੋਪਿੰਗ ਮਾਲ ਖੋਲ ਲਾਏ ਹਨ । ਇਨ੍ਹਾਂ ਮਾਲ੍ਹਾਂ ਵਿਚ ਦਿਤੀਆਂ ਜਾਂਦੀਆਂ ਸਹੂਲਤਾਂ ਅਤੇ ਸਕੀਮਾਂ ਕਾਰਨ ਲੋਕਾਂ ਦਾ ਰੁਝਾਨ ਇਨ੍ਹਾਂ ਮਾਲ੍ਹਾਂ ਵਲ੍ਹ ਨੂੰ ਵਧ ਰਿਹਾ ਹੈ । ਖਾਸ ਕਰਕੇ ਮੁਲਾਜਮ ਵਰਗ ਦਾ ਰੁਝਾਨ ਸਭ ਤੋਂ ਜ਼ਿਆਦਾ ਇਨ੍ਹਾਂ ਮਾਲ੍ਹਾਂ ਵਲ ਵਧਿਆ ਹੈ ਤੇ ਅਜ ਗ੍ਰਾਹਕ ਭੀ ਵਡੇ ਮਾਲ੍ਹਾਂ ਵਿਚ ਖਰੀਦਦਾਰੀ ਕਰਨਾ ਆਪਣੀ ਸ਼ਾਨ ਸਮਜਦਾ ਹੈ । ਪ੍ਰੰਤੂ ਇਨ੍ਹਾਂ ਸ਼ੋਪਿੰਗ ਮਾਲ੍ਹਾਂ ਨੇ ਛੋਟੇ ਦੁਕਾਨਦਾਰਾਂ ਦੇ ਕਾਰੋਬਾਰ ਤੇ ਬਹੁਤ ਜ਼ਿਆਦਾ ਅਸਰ ਪਾਇਆ ਹੈ।

ਤੀਜਾ ਜਿਸ ਨੌਜਵਾਨ ਨੇ ਅਜ ਨਵਾਂ ਕਾਰੋਬਾਰ ਸ਼ੁਰੂ ਕਰਨਾ ਹੈ ,ਉਸ ਲਈ ਨਵਾਂ ਕਾਰੋਬਾਰ ਸ਼ੁਰੂ ਕਰਨਾ ਕਿਸੇ ਚੁਣੌਤੀ ਤੋਂ ਘਟ ਨਹੀਂ ਹੈ । ਨਵਾਂ ਕਾਰੋਬਾਰ ਸ਼ੁਰੂ ਕਰਨ ਵਾਲੇ ਨੂੰ ਮੁਸ਼ਕਲਾਂ ਦੇ ਕਈ ਪੜਾਵਾਂ ਵਿਚੋ ਹੋ ਕੇ ਗੁਜਰਨਾ ਪੈਂਦਾ ਹੈ। ਪਹਿਲਾ ਤਾਂ ਦੁਕਾਨਾਂ ਦੀਆਂ ਕੀਮਤਾਂ ਇਨ੍ਹੀ ਜ਼ਿਆਦਾ ਹਨ ਕਿ ਹਰ ਵਿਅਕਤੀ ਖਰੀਦ ਨਹੀਂ ਸਕਦਾ, ਜੇਕਰ ਉਹ ਕਿਰਾਏ ਤੇ ਲੈਂਦਾ ਹੈ ਤਾਂ ਕਿਰਾਏ ਬਹੁਤ ਜ਼ਿਆਦਾ ਹਨ ਤੇ ਦੁਕਾਨ ਮਾਲਿਕ ਦੀਆਂ ਸ਼ਰਤਾਂ ਇਨ੍ਹੀ ਜ਼ਿਆਦਾ ਸਖਤ ਹਨ ਕਿ ਕਿਰਾਏਦਾਰ ਦਾ ਪੂਰਾ ਮਹੀਨਾ ਦੁਕਾਨ ਮਾਲਿਕ ਲਈ ਕਿਰਾਇਆ ਇਕਠਾ ਕਰਨ ਅਤੇ ਸ਼ਰਤਾਂ ਪੂਰਾ ਕਰਨ ਵਿਚ ਹੀ ਲੰਗ ਜਾਂਦਾ ਹੈ। ਕਿਰਾਏ ਤੋਂ ਇਲਾਵਾ ਬਿਜਲੀ ਪਾਣੀ , ਨੌਕਰ ਅਤੇ ਹੋਰ ਅਨੇਕਾਂ ਖਰਚੇ ਕਢਣ ਤੋਂ ਬਾਦ ਉਹ ਆਪਣੀ ਕਮਾਈ ਲਭੇਗਾ । ਇਸ ਲਈ ਨੌਜਵਾਨਾਂ ਲਈ ਕਾਰੋਬਾਰ ਕਰਨਾ ਕੋਈ ਆਸਾਨ ਕੰਮ ਨਹੀਂ ਰਿਹਾ, ਕਿਊ ਨਵਾਂ ਕਾਰੋਬਾਰ ਸ਼ੁਰੂ ਕਰਨ ਲਈ ਉਸਨੂੰ ਆਪਣੇ ਮਾਂ-ਬਾਪ ਤੋਂ ਬਿਨਾ ਕਿਸੇ ਹੋਰ ਪਾਸੋ ਕੋਈ ਮਦਦ ਨਹੀਂ ਮਿਲਦੀ।

ਚੌਥਾ ਦੁਕਾਨਦਾਰ ਵਰਗ ਲਈ ਸਭ ਤੋਂ ਵਡੀ ਸਮਸਿਆ ਕਾਰੋਬਾਰਾਂ ਦੇ ਵਿਚ ਦਿਨ ਪ੍ਰਤੀ ਦਿਨ ਵਧ ਰਹੀ ਇਨਵੈਸਟਮੈਂਟ ਦੀ ਭੀ ਹੈ। ਇਨਵੈਸਟਮੈਂਟ ਤਾਂ ਪੁਰਾਣੇ ਦੁਕਾਨਦਾਰਾਂ ਲਈ ਭੀ ਇਕ ਵਡੀ ਸਮਸਿਆ ਬਣਦਾ ਜਾ ਰਿਹਾ ਹੈ। ਕਿਉਂ ਕਿ ਗ੍ਰਾਹਕ ਦੀ ਪਸੰਦ ਇਨ੍ਹੀ ਜ਼ਿਆਦਾ ਵਧ ਗਈ ਹੈ ਅਤੇ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ ,ਕਿ ਉਸਨੂੰ ਦੁਕਾਨ ਵਿਚ ਸਾਮਾਨ ਦੀ ਬਹੁਤਾਇਤ ਮਾਤਰਾ ,ਹਰ ਰੋਜ਼ ਨਵਾਂ ਅਤੇ ਬਰਾਂਡਿਡ ਤੇ ਫੈਂਸੀ ਸਾਮਾਨ ਹੋਣਾ ਚਾਹੀਦਾ ਹੈ । ਅਜਿਹੀ ਦੁਕਾਨਾਂ ਹੀ ਅਜ ਗ੍ਰਾਹਕ ਦੀ ਪਸੰਦ ਬਣਦੀ ਜਾ ਰਹੀ ਹੈ। ਵੈਸੇ ਤਾਂ ਅਜ ਦੁਕਾਨਦਾਰ ਗ੍ਰਾਹਕ ਦੀ ਅਜਿਹੀ ਪਸੰਦ ਪੂਰੀ ਕਰਨ ਵਿਚ ਅਸਮਰਥ ਹੈ। ਜੇਕਰ ਉਹ ਔਖਾ ਸੌਖਾ ਸਮੇਂ ਦੇ ਮੁਤਾਬਿਕ ਅਤੇ ਗ੍ਰਾਹਕ ਦੀ ਪਸੰਦ ਅਨੁਸਾਰ ਆਪਣੀ ਦੁਕਾਨ ਦਾ ਸਟੈਂਡਰਡ ਵਧਾਉਂਦਾ ਹੈ ,ਤਾਂ ਉਹ ਬੇਚਾਰਾ ਕੰਪੀਟੀਸ਼ਨ ਫਸ ਜਾਂਦਾ ਹੈ ਤੇ ਉਸਨੂੰ ਆਪਣਾ ਮਾਲ ਤੇ ਸਟਾਕ ਪੁਰਾਣਾ ਹੋਣ ਤੋਂ ਬਚਾਉਣ ਲਈ ਘਟ ਮੁਨਾਫ਼ੇ ਤੇ ਬੇਚਣਾ ਪੈਂਦਾ ਹੈ ।

ਪੰਜਵਾਂ ਸਰਕਾਰ ਵਲੋਂ ਦੁਕਾਨਦਾਰਾਂ ਨੂੰ ਨੌਕਰੀ ਪੇਸ਼ਾ ਅਤੇ ਸਰਕਾਰੀ ਮੁਲਾਜਮਾਂ ਦੀ ਤਰਾਂ ਕੋਈ ਲੋਨ , ਸਿਹਤ , ਪੈਨਸ਼ਨ ਜਾ ਕੋਈ ਹੋਰ ਕਿਸੇ ਪ੍ਰਕਾਰ ਦੀ ਸਹੂਲਤਾਂ ਨਹੀਂ ਦਿਤੀ ਜਾਂਦੀਆਂ। ਜੋ ਕਿ ਦੁਕਾਨਦਾਰ ਵਰਗ ਨਾਲ ਬਹੁਤ ਵਡਾ ਧਕਾ ਹੈ । ਪ੍ਰੰਤੂ ਇਕ ਦੂਕਾਨਦਾਰ ਜੋ ਸਾਰੀ ਉਮਰ ਇੰਕਮਟੈਕਸ ਦੇਂਦਾ ਹੈ ਅਤੇ ਕਰੋੜਾਂ ਰੁਪਏ ਜੀ .ਐਸ.ਟੀ . ਇਕਠਾ ਕਰਕੇ ਦੇਂਦਾ ਹੈ , ਸਮਾਜ ਦੀਆਂ ਜਰੂਰਤ ਨੂੰ ਪੂਰਾ ਕਰਦਾ ਹੈ , ਭਾਰਤੀ ਅਰਥਵਿਵਸਥਾ ਵਿਚ ਸਭ ਤੋਂ ਜ਼ਿਆਦਾ ਯੋਗਦਾਨ ਪਾਉਂਦਾ ਹੈ

(ਬਾਕੀ ਸਫ਼ਾ 26 'ਤੇ)



# ਸਿਹਤ ਸੰਸਾਰ

## ਜਿਹੋ ਜਿਹੀ ਬਿਮਾਰੀ ਉਹੋ ਜਿਹਾ ਜੂਸ

ਪੀਣ ਵਾਲੇ ਪਦਾਰਥਾਂ ਦੇ ਰੂਪ ਵਿਚ ਜੂਸ ਦਾ ਸੇਵਨ ਹਰ ਜਗ੍ਹਾ ਕੀਤਾ ਜਾਂਦਾ ਹੈ ਪਰ ਆਮ ਤੌਰ 'ਤੇ ਲੋਕਾਂ ਨੂੰ ਇਹ ਪਤਾ ਨਹੀਂ ਹੈ ਕਿ ਕਿਹੜਾ ਜੂਸ ਕਦੋਂ ਲੈਣਾ ਲਾਭਦਾਇਕ ਹੁੰਦਾ ਹੈ। ਜੇ ਇਸ ਗੱਲ ਦਾ ਧਿਆਨ ਰੱਖ ਕੇ ਜੂਸ ਦਿੱਤਾ ਜਾਵੇ ਤਾਂ ਇਸ ਨਾਲ ਨਾ ਸਿਰਫ ਅਨੇਕ ਬਿਮਾਰੀਆਂ ਦਾ ਇਲਾਜ ਹੋ ਸਕਦਾ ਹੈ ਸਗੋਂ ਅਨੇਕ ਬਿਮਾਰੀਆਂ ਨੂੰ ਨੇੜੇ ਆਉਣ ਤੋਂ ਵੀ ਰੋਕਿਆ ਜਾ ਸਕਦਾ ਹੈ। ਕਿਸ ਬਿਮਾਰੀ ਵਿਚ ਕਿਸ ਜੂਸ ਦੀ ਵਰਤੋਂ ਕੀਤੀ ਜਾਵੇ, ਉਸ ਦੀ ਆਮ ਜਾਣਕਾਰੀ ਦਿੱਤੀ ਜਾ ਰਹੀ ਹੈ।



- ਉਨੀਂਦਰਾ : ਸੇਬ, ਅਮਰੂਦ ਅਤੇ ਆਲੂ ਦਾ ਰਸ ਅਤੇ ਪਾਲਕ, ਗਾਜਰ ਦੇ ਮਿਸ਼ਰਤ ਰਸ ਨੂੰ ਉਨੀਂਦਰੇ ਦੀ ਸਥਿਤੀ ਵਿਚ ਪੀਣਾ ਲਾਭਦਾਇਕ ਹੁੰਦਾ ਹੈ।
- ਅਧਕਪਾਰੀ (ਮਾਈਗ੍ਰੇਨ) : ਇਕ ਗਿਲਾਸ ਪਾਣੀ ਵਿਚ ਇਕ ਨਿੰਬੂ ਦਾ ਰਸ ਅਤੇ ਇਕ ਚਮਚ ਅਦਰਕ ਦਾ ਰਸ ਮਿਲਾ ਕੇ ਪੀਓ।
- ਬਦਹਜ਼ਮੀ : ਸਵੇਰ ਸਮੇਂ ਖਾਲੀ ਪੇਟ ਇਕ ਗਿਲਾਸ ਹਲਕੇ ਗਰਮ ਪਾਣੀ ਵਿਚ ਇਕ ਨਿੰਬੂ ਨਿਚੋੜ ਕੇ ਪੀਓ। ਖਾਣਾ ਖਾਣ ਤੋਂ ਅੱਧਾ ਘੰਟਾ ਪਹਿਲਾਂ ਇਕ ਚਮਚ ਅਦਰਕ ਦਾ ਰਸ ਪੀਓ। ਪਪੀਤਾ, ਅਨਾਨਾਸ, ਤਰ ਅਤੇ ਪੱਤਾ ਗੋਭੀ ਦਾ ਰਸ ਅਤੇ ਗਾਜਰ ਅਤੇ ਪਾਲਕ ਦਾ ਮਿਸ਼ਰਤ ਰਸ ਵੀ ਲਾਭਦਾਇਕ ਹੈ।
- ਐਸੀਡਿਟੀ : ਗੋਭੀ ਅਤੇ ਗਾਜਰ ਦਾ ਮਿਸ਼ਰਤ ਰਸ ਪੀਓ। ਉਸ ਤੋਂ ਬਾਅਦ ਤਰ, ਆਲੂ, ਸੇਬ, ਮੌਸੰਮੀ ਅਤੇ ਤਰਬੂਜ ਦਾ ਰਸ ਵੀ ਲਿਆ ਜਾ ਸਕਦਾ ਹੈ। ਦੁੱਧ ਦਾ ਸੇਵਨ ਵੀ ਕਰਨਾ ਚਾਹੀਦਾ ਹੈ।
- ਪੇਟ ਦੇ ਕੀੜੇ : ਇਕ ਗਿਲਾਸ ਗਰਮ ਪਾਣੀ ਵਿਚ ਇਕ ਚਮਚ ਲਸਣ ਦਾ ਰਸ ਅਤੇ ਇਕ ਚਮਚ ਪਿਆਜ਼ ਦਾ ਰਸ ਮਿਲਾ ਕੇ ਉਸ ਦਾ ਸੇਵਨ ਕਰੋ। ਕੁਮਹੜੇ ਅਤੇ ਅਨਾਨਾਸ ਦਾ ਰਸ ਵੀ ਫਾਇਦੇਮੰਦ ਹੈ। ਇਸ ਤੋਂ ਬਾਅਦ ਮੇਥੀ-ਪੁਦੀਨੇ ਦਾ ਮਿਸ਼ਰਤ ਰਸ ਅਤੇ ਪਪੀਤੇ ਦਾ ਰਸ ਵੀ ਫਾਇਦੇਮੰਦ ਹੈ।
- ਦੰਦਾਂ ਦੀਆਂ ਤਕਲੀਫਾਂ : ਗਾਜਰ, ਸੇਬ, ਅਮਰੂਦ, ਸੰਤਰਾ ਆਦਿ ਦਾ ਰਸ ਪੀਓ। ਨਿੰਬੂ ਦਾ ਰਸ ਵੀ ਫਾਇਦੇਮੰਦ ਹੈ। ਸ਼ੱਕਰ ਦੀ ਵਰਤੋਂ ਨਾ ਦੇ ਬਰਾਬਰ ਕਰੋ।
- ਨਿਮੋਨੀਆ : ਹੋਰ ਇਲਾਜ ਦੇ ਨਾਲ ਗਰਮ ਪਾਣੀ ਵਿਚ ਅਦਰਕ, ਨਿੰਬੂ ਅਤੇ ਸ਼ਹਿਦ ਲਓ ਅਤੇ ਗਰਮ ਪਾਣੀ ਵਿਚ ਲਸਣ, ਪਿਆਜ਼ ਦਾ ਰਸ ਮਿਲਾ ਕੇ ਲਓ। ਉਸ ਤੋਂ ਬਾਅਦ ਤੁਲਸੀ, ਮੌਸੰਮੀ, ਸੰਤਰੇ ਅਤੇ ਗਾਜਰ ਦੇ ਰਸ ਦਾ ਵੀ ਸੇਵਨ ਕੀਤਾ ਜਾ ਸਕਦਾ ਹੈ।
- ਪਾਇਰੀਆ : ਗਾਜਰ, ਸੇਬ ਅਤੇ ਅਮਰੂਦ ਚਬਾ ਕੇ ਖਾਓ ਅਤੇ ਉਨ੍ਹਾਂ ਦਾ ਰਸ ਪੀਓ। ਨਿੰਬੂ, ਸੰਤਰੇ ਦਾ ਰਸ ਵੀ ਫਾਇਦੇਮੰਦ ਸਿੱਧ ਹੁੰਦਾ ਹੈ। ਕਦੇ-ਕਦੇ ਲਸਣ-ਪਿਆਜ਼ ਦਾ ਰਸ ਪੀਓ।
- ਬ੍ਰੌਂਕਾਈਟਿਸ : ਸਵੇਰ ਵੇਲੇ ਗਰਮ ਪਾਣੀ ਵਿਚ ਅਦਰਕ ਅਤੇ ਸ਼ਹਿਦ ਦੇ ਨਾਲ ਨਿੰਬੂ ਦੇ ਰਸ ਦਾ ਸੇਵਨ ਕਰੋ ਜਾਂ ਗਰਮ ਪਾਣੀ ਦੇ ਨਾਲ ਲਸਣ, ਪਿਆਜ਼ ਦਾ ਰਸ ਪੀਓ। ਇਸ ਤੋਂ ਬਾਅਦ ਮੂਲੀ, ਗੋਭੀ, ਤਰ ਅਤੇ ਗਾਜਰ ਦਾ ਰਸ ਵੀ ਦਿੱਤਾ ਜਾ ਸਕਦਾ ਹੈ। ਸਿਗਰਟਨੋਸ਼ੀ ਬੰਦ ਕਰ ਦਿਓ।

–ਅਵਿਨਾਸ਼ ਕੁਮਾਰ ਸਿੰਘ

## ਗਰਮੀ ਅਤੇ ਬਰਸਾਤ ਦੇ ਮੌਸਮ 'ਚ ਆਈ ਫਲੂ ਤੋਂ ਰਹੋ ਸਾਵਧਾਨ



ਗਰਮੀ ਅਤੇ ਬਰਸਾਤ ਦੇ ਮੌਸਮ ਵਿਚ ਹੋਣ ਵਾਲੀ ਛੂਤ ਦੀਆਂ ਬਿਮਾਰੀਆਂ ਵਿਚ ਆਈ ਫਲੂ ਪ੍ਰਮੁੱਖ ਹੈ। ਇਹ ਇਕ ਅਜਿਹਾ ਛੂਤ ਦਾ ਰੋਗ ਹੈ ਜੋ ਬੜੀ ਤੇਜ਼ੀ ਨਾਲ ਫੈਲਦਾ ਹੈ। ਦੇਖਦੇ ਹੀ ਦੇਖਦੇ ਮੁਹੱਲੇ ਦੇ ਕਈ ਲੋਕ ਇਸ ਬਿਮਾਰੀ ਦੇ ਸ਼ਿਕਾਰ ਹੋ ਜਾਂਦੇ ਹਨ। ਆਮ ਭਾਸ਼ਾ ਵਿਚ ਇਸ ਨੂੰ ਅੱਖਾਂ ਆਉਣੀਆਂ ਜਾਂ ਅੱਖਾਂ ਦੁਖਣੀਆਂ ਕਹਿੰਦੇ ਹਨ।

ਕਿਉਂਕਿ ਇਸ ਬਿਮਾਰੀ ਵਿਚ ਅੱਖ ਦੇ ਚਿੱਟੇ ਹਿੱਸੇ ਸਕਲੇਰਾ ਦੇ ਉੱਪਰ ਸਥਿਤ ਇਕ ਪਤਲੀ ਝਿੱਲੀ (ਜਿਸ ਨੂੰ ਡਾਕਟਰੀ ਭਾਸ਼ਾ ਵਿਚ ਕੰਜਕਿਟਵਾਈਟਿਵਾ ਕਹਿੰਦੇ ਹਨ) ਵਾਇਰਲ ਸੰਕ੍ਰਮਣ ਦੇ ਕਾਰਨ ਸੁੱਜ ਜਾਂਦੀ ਹੈ। ਇਸ ਰੋਗ ਵਿਚ ਕੰਜਕਿਟਵਾ ਦੇ ਨਾਲ ਅੱਖ ਦਾ ਅੰਦਰੂਨੀ ਸ਼ਵੇਤ ਭਾਗ ਵੀ ਸੁੱਜ ਜਾਂਦਾ ਹੈ।

### ਪ੍ਰਮੁੱਖ ਕਾਰਨ

- ਆਈ ਫਲੂ ਤੋਂ ਪੀੜਤ ਅੱਖ ਦੇ ਕੰਜਕਿਟਵਾ ਵਿਚ ਸੋਜ ਦੇ ਨਾਲ-ਨਾਲ ਅੱਖ ਖੁਸ਼ਕ ਹੋ ਜਾਂਦੀ ਹੈ ਅਤੇ ਉਸ ਦੀਆਂ ਪਲਕਾਂ ਵੀ ਸੁੱਜ ਜਾਂਦੀਆਂ ਹਨ।
- ਰਾਤ ਨੂੰ ਅੱਖ ਵਿਚ ਤਕਲੀਫ਼ ਵਧ ਜਾਂਦੀ ਹੈ। ਅੱਖ ਵਿਚ ਕੰਕੜ ਪੈਣ ਵਰਗਾ ਤਕਲੀਫ਼ਦਾਇਕ ਅਹਿਸਾਸ ਹੁੰਦਾ ਹੈ।
- ਅੱਖ ਵਿਚ ਗਿੱਦ ਜਾਂ ਪਾਣੀ ਬਹੁਤ ਆਉਂਦਾ ਹੈ। ਸਵੇਰੇ ਉੱਠਣ 'ਤੇ ਦੋਵੇਂ ਪਲਕਾਂ ਆਪਸ ਵਿਚ ਚਿਪਕ ਜਾਂਦੀਆਂ ਹਨ। ਰੋਗੀ ਰੌਸ਼ਨੀ ਨੂੰ ਸਹਿਣ ਨਹੀਂ ਕਰ ਸਕਦਾ।
- ਸਿਰਦਰਦ, ਜਵਰ ਅਤੇ ਕਿਸੇ-ਕਿਸੇ ਨੂੰ ਕੰਨ ਦੇ ਕੋਲ ਸੋਜ ਵੀ ਹੋ ਜਾਂਦੀ ਹੈ।

### ਆਈ ਫਲੂ ਹੋਣ 'ਤੇ ਧਿਆਨ ਵਿਚ ਰੱਖਣ ਯੋਗ ਕੁਝ ਖਾਸ ਗੱਲਾਂ

- ਆਈ ਫਲੂ ਤੋਂ ਪੀੜਤ ਵਿਅਕਤੀ ਧੁੱਪ ਦਾ ਚਸ਼ਮਾ ਪਹਿਨੇ।
- ਆਈ ਫਲੂ ਤੋਂ ਪੀੜਤ ਵਿਅਕਤੀ ਦਾ ਤੌਲੀਆ, ਰੁਮਾਲ ਆਦਿ ਵਰਤੋਂ ਵਿਚ ਲਿਆਉਣ, ਇਥੋਂ ਤੱਕ ਕਿ ਛੂਹਣ ਨਾਲ ਵੀ ਕਿਸੇ ਦੂਜੇ ਤੱਕ ਫੈਲ ਸਕਦਾ ਹੈ।
- ਆਈ ਫਲੂ ਦੇ ਰੋਗੀ ਨਾਲ ਮੁਲਾਕਾਤ ਕਰਦੇ ਸਮੇਂ ਹੱਥ ਮਿਲਾਉਣ ਦੀ ਬਜਾਏ ਨਮਸਤੇ ਨਾਲ ਹੀ ਕੰਮ ਚਲਾਉਣਾ ਚਾਹੀਦਾ ਹੈ।
- ਆਈ ਫਲੂ ਤੋਂ ਪੀੜਤ ਵਿਅਕਤੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਨਹੀਂ ਕਰਨੀ ਚਾਹੀਦੀ।
- ਆਈ ਫਲੂ ਤੋਂ ਪੀੜਤ ਬੱਚਿਆਂ ਨੂੰ ਸਕੂਲ ਨਹੀਂ ਭੇਜਣਾ ਚਾਹੀਦਾ।

### ਆਮ ਘਰੇਲੂ ਇਲਾਜ

- ਸ਼ੁੱਧ ਪਾਣੀ ਨਾਲ ਦਿਨ ਵਿਚ 3-4 ਵਾਰ ਅੱਖਾਂ ਨੂੰ ਧੋਣ ਨਾਲ ਆਰਾਮ ਮਿਲਦਾ ਹੈ।
- ਚਾਰ ਗ੍ਰੇਨ ਫਟਕੜੀ ਪੀਸ ਲਓ। ਇਸ ਨੂੰ 25 ਗ੍ਰਾਮ ਗੁਲਾਬ ਜਲ ਵਿਚ ਘੋਲ ਕੇ ਕੱਚ ਦੀ ਸ਼ੀਸ਼ੀ ਵਿਚ ਬੰਦ ਕਰਕੇ ਰੱਖ ਲਓ। ਇਸ ਲੋਸ਼ਨ ਨੂੰ 2-3 ਬੂੰਦਾਂ ਦਿਨ ਵਿਚ ਦੋ ਵਾਰ ਅੱਖਾਂ ਵਿਚ ਪਾਉਣ ਨਾਲ ਅੱਖ ਦਾ ਦਰਦ, ਲਾਲੀ, ਖੁਜਲੀ ਆਦਿ ਸ਼ਿਕਾਇਤਾਂ ਦੂਰ ਹੋ ਜਾਂਦੀਆਂ ਹਨ।
- 10 ਗ੍ਰਾਮ ਹਲਦੀ ਨੂੰ 150 ਮਿਲੀਲਿਟਰ ਪਾਣੀ ਵਿਚ ਉਬਾਲ ਕੇ ਫਿਲਟਰ ਪੇਪਰ ਨਾਲ ਛਾਣ ਕੇ ਦਿਨ ਵਿਚ ਦੋ ਵਾਰ, 2-2 ਬੂੰਦਾਂ ਦੀ ਮਾਤਰਾ ਵਿਚ ਅੱਖਾਂ ਵਿਚ ਪਾਉਣ ਨਾਲ ਲਾਭ ਮਿਲਦਾ ਹੈ। ਹਲਦੀ ਦੇ ਇਸ ਪਾਣੀ ਵਿਚ ਰੂੰ ਦਾ ਫਹਾ ਭਿਉਂ ਕੇ ਅੱਖ 'ਤੇ ਰੱਖਣ ਨਾਲ ਸੰਕ੍ਰਮਣ ਵੀ ਦੂਰ ਹੋਵੇਗਾ ਅਤੇ ਪਲਕਾਂ ਦੇ ਚਿਪਕਣ ਦੀ ਸ਼ਿਕਾਇਤ ਵੀ ਦੂਰ ਹੋਵੇਗੀ।
- ਹਰੜ ਨੂੰ ਮੋਟਾ-ਮੋਟਾ ਕੁੱਟ ਕੇ ਪਾਣੀ ਵਿਚ ਉਬਾਲ ਕੇ ਕਾੜ੍ਹਾ ਬਣਾ ਕੇ ਉਸ ਨਾਲ ਅੱਖਾਂ ਧੋਣ ਨਾਲ ਆਰਾਮ ਮਿਲਦਾ ਹੈ।
- ਬਬੂਲ ਦੇ ਤਾਜ਼ਾ ਪੱਤਿਆਂ ਨੂੰ ਪੀਸ ਕੇ ਟਿੱਕੀਆਂ ਬਣਾ ਕੇ ਅੱਖਾਂ 'ਤੇ ਬੰਨ੍ਹ ਕੇ ਸੌਂ ਜਾਓ। ਇਸ ਨਾਲ ਵੀ ਲਾਭ ਮਿਲਦਾ ਹੈ।
- ਬੇਲ ਦੇ ਪੱਤਿਆਂ ਨੂੰ ਪੀਸ ਕੇ ਪੁਲਿਟਸ ਬਣਾ ਕੇ ਅੱਖਾਂ 'ਤੇ ਰੱਖਣ ਨਾਲ ਵੀ ਇਹ ਰੋਗ ਦੂਰ ਹੁੰਦਾ ਹੈ।
- ਪਾਨ ਦੇ ਤਾਜ਼ਾ ਪੱਤਿਆਂ ਦਾ ਰਸ ਕੱਢ ਕੇ ਉਸ ਵਿਚ ਸ਼ਹਿਦ ਮਿਲਾ ਕੇ ਅੱਖ ਵਿਚ ਪਾਉਣ ਨਾਲ ਆਰਾਮ ਮਿਲਦਾ ਹੈ।
- ਰੰਗੀਨ ਚਸ਼ਮਾ ਲਗਾਉਣ ਨਾਲ ਵੀ ਅੱਖਾਂ ਨੂੰ ਆਰਾਮ ਮਿਲਦਾ ਹੈ।
- ਚੌਲਾਈ ਦੀ ਜੜ੍ਹ ਲੈ ਕੇ ਉਸ ਨੂੰ ਮਾਤਾ ਦੇ ਦੁੱਧ ਵਿਚ ਘਿਸ ਕੇ ਅੱਖਾਂ ਵਿਚ ਪਾਉਣ ਨਾਲ ਵੀ ਆਰਾਮ ਮਿਲਦਾ ਹੈ।
- ਇਕ ਵੱਡਾ ਬਿਜੌਰਾ ਨਿੰਬੂ ਲਓ। ਉਸ ਵਿਚ ਚਾਕੂ ਨਾਲ ਇਕ ਸੁਰਾਖ ਬਣਾ ਕੇ ਹਲਦੀ ਦੀ ਇਕ ਗੰਢੀ ਪਾ ਕੇ ਦੋ ਹਫ਼ਤੇ ਤੱਕ ਰੱਖੋ। ਦੋ ਹਫ਼ਤੇ ਬਾਅਦ ਤੁਸੀਂ ਦੇਖੋਗੇ ਕਿ ਹਲਦੀ ਦੀ ਗੰਢ ਨੇ ਨਿੰਬੂ ਦਾ ਰਾਸਾ ਰਸ ਸੋਖ ਲਿਆ ਹੈ ਅਤੇ ਨਿੰਬੂ ਸੁੱਕ ਗਿਆ ਹੈ। ਹੁਣ ਹਲਦੀ ਕੱਢ ਕੇ ਛਾਂ ਵਿਚ ਸੁਕਾ ਲਓ। ਹਲਦੀ ਦੇ ਸੁੱਕ ਜਾਣ 'ਤੇ ਬਰੀਕ ਪੀਸ ਕੇ ਕਪੜਛਾਨ ਕਰਕੇ ਕਿਸੇ ਸ਼ੀਸ਼ੀ ਵਿਚ ਭਰ ਕੇ ਰੱਖ ਲਓ। ਜਿਸ ਵਿਅਕਤੀ ਦੀ ਵੀ ਅੱਖ ਆਈ ਫਲੂ ਤੋਂ ਗ੍ਰਸਤ ਹੋਵੇ, ਉਸ ਦੀ ਪਲਕ ਨੂੰ ਉੱਪਰ ਚੁੱਕ ਕੇ ਥੋੜ੍ਹੀ ਜਿਹੀ ਹਲਦੀ ਅੱਖਾਂ ਵਿਚ ਪਾ ਦਿਓ। 2-3 ਦਿਨ ਤੱਕ ਇਸ ਦਵਾਈ ਦੀ ਵਰਤੋਂ ਨਾਲ ਅੱਖਾਂ ਪੂਰੀ ਤਰ੍ਹਾਂ ਤੰਦਰੁਸਤ ਹੋ ਜਾਣਗੀਆਂ।

*ਘਰ 'ਚ ਮੌਜੂਦ ਇਹ ਚੀਜ਼ਾਂ ਬਣ ਸਕਦੀਆਂ ਹਨ*

## ਥਾਇਰਾਇਡ ਦਾ ਕਾਰਨ



ਘਰ 'ਚ ਅਜਿਹੀਆਂ ਬਹੁਤ ਸਾਰੀਆਂ ਚੀਜ਼ਾਂ ਹੁੰਦੀਆਂ ਹਨ ਜਿਨ੍ਹਾਂ ਦਾ ਰੋਜ਼ਾਨਾ ਇਸਤੇਮਾਲ ਕੀਤਾ ਜਾਂਦਾ ਹੈ। ਇਹ ਸਾਰੀਆਂ ਚੀਜਾਂ ਜਾਣੇ-ਅਣਜਾਣੇ 'ਚ ਸਰੀਰ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਇਨ੍ਹਾਂ ਸਾਰਿਆਂ 'ਚ ਨੋਨ ਸਟਿਕ ਪੈਨ, ਸ਼ੈਂਪੂ ਅਤੇ ਅਜਿਹੀਆਂ ਚੀਜ਼ਾਂ ਮੋਜੂਦ ਹਨ ਜੋ ਕੈਮੀਕਲਸ ਦੀ ਵਜ੍ਹਾ ਨਾਲ ਥਾਇਰਾਇਡ ਦੀ ਸਮੱਸਿਆ ਹੋ ਸਕਦੀ ਹੈ। ਕੈਮੀਕਲਸ ਸਰੀਰ 'ਚ ਜਾਣ ਦੀ ਵਜ੍ਹਾ ਨਾਲ ਹਾਰਮੋਨ ਅਸੰਤੁਲਿਤ ਹੋ ਜਾਂਦੇ ਹਨ ਜੋ ਥਾਇਰਾਇਡ ਦਾ ਕਾਰਨ ਬਣਦੇ ਹਨ। ਆਓ ਜਾਣਦੇ ਹਾਂ ਘਰ 'ਚ ਇਸਤੇਮਾਲ ਹੋਣ ਵਾਲੀਆਂ ਕਿਹੜੀਆਂ ਕਿਹੜੀਆਂ ਚੀਜ਼ਾਂ ਨੁਕਸਾਨ ਪਹੁੰਚਾ ਸਕਦੀਆਂ ਹਨ।

**1. ਸ਼ੈਂਪੂ ਅਤੇ ਮਾਊਥਵਾਸ਼**

ਹਰ ਰੋਜ਼ ਇਸਤੇਮਾਲ 'ਚ ਆਉਣ ਵਾਲੇ ਸ਼ੈਂਪੂ ਅਤੇ ਮਾਊਥਵਾਸ਼ 'ਚ ਕਾਫੀ ਮਾਤਰਾ 'ਚ ਕੈਮੀਕਲਸ ਮੋਜੂਦ ਹੁੰਦੇ ਹਨ ਜਿਨ੍ਹਾਂ ਦੇ ਇਸਤੇਮਾਲ ਨਾਲ ਥਾਇਰਾਇਡ ਦੀ ਸਮੱਸਿਆ ਹੋ ਜਾਂਦੀ ਹੈ ਉਂਝ ਤਾਂ ਮਾਊਥਵਾਸ਼ ਕਰੁਲੀ ਕਰ ਕੇ ਬਾਹਰ ਸੁੱਟ ਦਿੱਤਾ ਜਾਂਦਾ ਹੈ ਪਰ ਫਿਰ ਵੀ ਇਸ 'ਚ ਮੋਜੂਦ ਕੈਮੀਕਲਸ ਸਰੀਰ 'ਚ ਪਹੁੰਚ ਹੀ ਜਾਂਦੇ ਹਨ।

**2. ਨੋਨ ਸਟਿਕ ਪੈਨ**

ਜ਼ਿਆਦਾਤਰ ਘਰਾਂ 'ਚ ਖਾਣਾ ਪਕਾਉਣ ਦੇ ਲਈ ਨੋਨ ਸਟਿਕ ਕੁਕਵਿਅਰ ਦਾ ਇਸਤੇਮਾਲ ਕੀਤਾ ਜਾਂਦਾ ਹੈ ਪਰ ਇਨ੍ਹਾਂ ਬਰਤਨਾਂ 'ਚ ਕੈਮੀਕਲਸ ਦੀ ਕੋਟਿੰਗ ਕੀਤੀ ਜਾਂਦੀ ਹੈ। ਜਿਸ 'ਚ ਖਾਣਾ ਪਕਾਉਣ ਨਾਲ ਹੋਲੀ-ਹੋਲੀ ਕੈਮੀਕਲਸ ਸਰੀਰ 'ਚ ਚਲੇ ਜਾਂਦੇ ਹਨ

ਅ ਤੇ

ਹਾਰਮੋਨ ਅਸੰਤੁਲਿਚ ਕਰਦੇ ਹਨ। ਜਿਸ ਵਜ੍ਹਾ ਨਾਲ ਥਾਇਰਾਇਡ ਦੀ ਸਮੱਸਿਆ ਹੋ ਜਾਂਦੀ ਹੈ।

**3. ਰੇਨਕੋਟ ਅਤੇ ਕਾਰਪੇਟ**

ਬਾਰਿਸ਼ ਦੇ ਦਿਨਾਂ 'ਚ ਕਈ ਲੋਕ ਰੇਨਕੋਟ ਦਾ ਇਸਤੇਮਾਲ ਕਰਦੇ ਹਨ ਪਰ ਇਸ ਨੂੰ ਬਣਾਉਣ ਦੇ ਲਈ ਕਈ ਸਾਰੇ ਕੈਮੀਕਲਸ ਦੀ ਇਸਤੇਮਾਲ ਕੀਤਾ ਜਾਂਦਾ ਹੈ ਜੋ ਸਰੀਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਸ ਤੋਂ ਇਲਾਵਾ ਘਰ 'ਚ ਇਸ ਦੇ ਇਸਤੇਮਾਲ ਹੋਣ ਵਾਲੇ ਕਾਰਪੇਟ ਵੀ ਥਾਇਰਾਇਡ ਦੀ ਸਮੱਸਿਆ ਨੂੰ ਪੈਦਾ ਕਰਦੇ ਹਨ ਕਿਉਂਕਿ ਕਾਰਪੇਟ ਨੂੰ ਰੋਜ਼ਾਨਾ ਧੋਣਾ ਥੋੜ੍ਹਾ ਜਿਹਾ ਮੁਸ਼ਕਿਲ ਹੁੰਦਾ ਹੈ ਜਿਸ ਵਜ੍ਹਾ ਨਾਲ ਇਨ੍ਹਾਂ 'ਤੇ ਲਗੀ ਧੂਲ-ਮਿੱਟੀ ਅਤੇ ਜ਼ਹਿਰੀਲੇ ਤੱਤ ਦੇ ਕਾਰਨ ਥਾਇਰਾਇਡ ਦੀ ਸਮੱਸਿਆ ਹੋ ਜਾਂਦੀ ਹੈ।

**4. ਪੀਜ਼ਾ ਬਾਕਸ**

ਪੀਜ਼ਾ ਖਾਣਾ ਸਾਰਿਆਂ ਨੂੰ ਪਸੰਦ ਹੁੰਦਾ ਹੈ ਪਰ ਇਸ ਦੇ ਬਾਕਸ 'ਚ ਅੰਦਰ ਦੀ ਤਰਫ ਕੈਮੀਕਲਸ ਦੀ ਕੰਟਿੰਗ ਹੁੰਦੀ ਹੈ ਜਿਸ ਨਾਲ ਪੀਜ਼ਾ ਗਰਮ ਰਹੇ। ਅਜਿਹੇ 'ਚ ਇਸ ਪੀਜ਼ੇ ਨੂੰ ਖਾਣ ਨਾਲ ਕੈਮੀਕਲਸ ਸਰੀਰ 'ਚ ਚਲੇ ਜਾਂਦੇ ਹਨ ਜੋ ਥਾਇਰਾਇਡ ਦੀ ਸਮੱਸਿਆ ਪੈਦਾ ਕਰਦੇ ਹਨ।



# ਬਾਲ ਸੰਸਾਰ

## ਬੁੱਝੋ ਤਾਂ ਜਾਣੋ...

1. ਊਠ ਦੀ ਬਹਿਣੀ ਹਰਨ ਦੀ ਚਾਲ,
   ਕਿਹੜਾ ਜਾਨਵਰ ਜਿਸਦੀ ਪੂਛ ਨਹੀਂ ਨਾਲ।

2. ਨਿੱਕੇ ਨਿੱਕੇ ਮੇਮਨੇ ਪਹਾੜ ਚੁੱਕੀ ਜਾਂਦੇ ਨੇ,
   ਰਾਜਾ ਪੁੱਛੇ ਰਾਣੀ ਨੂੰ ਜਨੌਰ ਕਿਹੜੇ ਜਾਂਦੇ ਨੇ।

3. ਏਨੀ ਕੁ ਡੱਡ, ਕਦੀ ਨਾਲ ਕਦੀ ਅੱਡ।

4. ਦੋ ਆਰ ਦੀਆਂ ਦੋ ਪਾਰ ਦੀਆਂ,
   ਧੀਆਂ ਸ਼ਾਹੂਕਾਰ ਦੀਆਂ,
   ਬਾਗਾਂ ਵਿੱਚ ਕਸੀਦਾ ਕੱਢਣ,
   ਆਉਂਦੇ ਜਾਂਦੇ ਨੂੰ ਮਾਰਦੀਆਂ।

5. ਕਾਲਾ ਹੈ ਪਰ ਕਾਗ ਨਹੀਂ,
   ਲੰਮਾ ਹੈ ਪਰ ਨਾਗ ਨਹੀਂ।

ਉੱਤਰ: 1. (ਡੱਡੂ) 2. (ਰੇਲ ਗੱਡੀ ਦੇ ਡੱਬੇ) 3. (ਕੁੰਜੀ) 4. (ਸੂਲਾਂ) 5. (ਪਰਾਂਦਾ)

## ਬਾਬੇ ਬੋਹੜ ਦੀ ਛਾਂ

ਪਿੰਡ ਦੇ ਨਾਲ ਵਗਦੀ ਨਦੀ ਕੰਢੇ ਇਕ ਬਹੁਤ ਵੱਡਾ ਦਰੱਖਤ ਸੀ। ਉਸ ਉੱਪਰ ਹਰ ਤਰ੍ਹਾਂ ਦੇ ਪੰਛੀਆਂ ਨੇ ਆਲ੍ਹਣੇ ਬਣਾਏ ਹੋਏ ਸਨ। ਪੰਛੀ ਸਵੇਰੇ-ਸ਼ਾਮ ਇਸ ਦਰੱਖਤ 'ਤੇ ਚਹਿਚਹਾਉਂਦੇ ਤਾਂ ਅਲੱਗ ਤਰ੍ਹਾਂ ਦਾ ਨਜ਼ਾਰਾ ਹੁੰਦਾ ਪਰ ਬਦਕਿਸਮਤੀ ਨਾਲ ਇਸ ਸੰਘਣੇ ਦਰੱਖਤ ਨੂੰ ਇਸ ਗੱਲ 'ਤੇ ਮਾਣ ਹੋ ਗਿਆ ਕਿ ਜਿੰਨੀ ਮੇਰੀ ਸ਼ੋਭਾ ਹੈ, ਓਨੀ ਹੋਰ ਕਿਸੇ ਦਰੱਖਤ ਦੀ ਨਹੀਂ। ਇਸੇ ਸ਼ੋਭਾ ਕਰਕੇ ਉਸ ਦੇ ਨੇੜੇ-ਤੇੜੇ ਕੋਈ ਦਰੱਖਤ ਉੱਗਦਾ ਤਾਂ ਉਸ ਦਾ ਪਾਣੀ ਪੀ ਜਾਂਦਾ। ਥੋੜ੍ਹਾ ਵੱਡਾ ਹੁੰਦਾ ਤਾਂ ਆਪਣੀਆਂ ਭਾਰੀਆਂ ਟਾਹਣੀਆਂ ਨਾਲ ਉਸ ਨੂੰ ਮਸਲ ਦਿੰਦਾ। ਇਸ ਦਰੱਖਤ ਦੇ ਮਨ 'ਚ ਇਹ ਗੱਲ ਘਰ ਕਰੀ ਬੈਠੀ ਸੀ ਕਿ ਉਸ ਦੇ ਮੁਕਾਬਲੇ ਕੋਈ ਹੋਰ ਦਰੱਖਤ ਵੱਡਾ ਹੋ ਗਿਆ ਤਾਂ ਉਸ ਦੀ ਪ੍ਰਸਿੱਧੀ ਘਟ ਜਾਵੇਗੀ।

ਨਦੀ ਦੇ ਦੂਜੇ ਕਿਨਾਰੇ ਇਕ ਬੋਹੜ ਦਾ ਦਰੱਖਤ ਸੀ ਪਰ ਉਹ ਅਜੇ ਛੋਟਾ ਸੀ। ਉਸ ਦਾ ਸੁਭਾਅ ਤੇ ਇਸ ਦਰੱਖਤ ਦੇ ਸੁਭਾਅ 'ਚ ਜ਼ਮੀਨ-ਅਸਮਾਨ ਦਾ ਫਰਕ ਸੀ। ਹੌਲੀ-ਹੌਲੀ ਇਹ ਬੋਹੜ ਦਾ ਦਰੱਖਤ ਫੈਲਦਾ ਗਿਆ। ਇਸ ਦਰੱਖਤ ਉੱਪਰ ਵੀ ਪੰਛੀਆਂ ਨੇ ਆਲ੍ਹਣੇ ਬਣਾਉਣੇ ਸ਼ੁਰੂ ਕਰ ਦਿੱਤੇ। ਬੋਹੜ ਦਾ ਦਰੱਖਤ ਤਰ੍ਹਾਂ-ਤਰ੍ਹਾਂ ਦੇ ਪੰਛੀਆਂ ਨੂੰ ਆਪਣੀ ਬੁੱਕਲ 'ਚ ਸਮੇਟ ਕੇ ਬਹੁਤ ਖੁਸ਼ ਸੀ। ਵੱਡੀ ਗੱਲ ਇਹ ਸੀ ਕਿ ਇਸ ਬੋਹੜ ਦੇ ਦਰੱਖਤ ਕੋਲ ਹੋਰ ਵੀ ਕਈ ਦਰੱਖਤ ਉੱਗਦੇ ਤਾਂ ਇਹ ਬੋਹੜ ਦਾ ਦਰੱਖਤ ਖੁਸ਼ ਹੁੰਦਾ। ਅਸਲ ਵਿਚ ਇਸ ਬੋਹੜ ਦੇ ਦਰੱਖਤ ਦੀ ਸੋਚਣੀ ਅਲੱਗ ਸੀ। ਇਹ ਸੋਚਦਾ ਸੀ ਕਿ ਮਨੁੱਖ ਤਾਂ ਦਰੱਖਤਾਂ ਨੂੰ ਕੱਟੀ ਜਾ ਰਿਹਾ ਹੈ ਪਰ ਜ਼ਿਆਦਾ ਤੋਂ ਜ਼ਿਆਦਾ ਦਰੱਖਤ ਹੋਣਗੇ ਤਾਂ ਮਨੁੱਖ ਲਈ ਵਰਦਾਨ ਹੀ ਹਨ . ਪਰ ਦੂਜਾ ਦਰੱਖਤ ਸਾੜੇ ਦੀ ਅੱਗ 'ਚ ਸੜਦਾ ਇਕੱਲਾ ਹੀ ਸੁੱਕਣਾ ਸ਼ੁਰੂ ਹੋ ਗਿਆ। ਨਦੀ ਦੇ ਪਾਣੀ ਨਾਲ ਉਸ ਦੀਆਂ ਜੜ੍ਹਾਂ ਵੀ ਨੰਗੀਆਂ ਹੋ ਜਾਂਦੀਆਂ ਪਰ ਬੋਹੜ ਦਾ ਦਰੱਖਤ ਦੂਜੇ ਦਰੱਖਤਾਂ ਦੀ ਮਦਦ ਨਾਲ ਨਦੀ ਦੇ ਪਾਣੀ ਤੋਂ ਵੀ ਬਚਿਆ ਰਹਿੰਦਾ, ਕਿਉਂਕਿ ਉਸ ਨੂੰ ਰਲ-ਮਿਲ ਕੇ ਰਹਿਣ ਨਾਲ ਅਨੰਦ ਹੀ ਹੋਰ ਆਉਂਦਾ ਸੀ।




ਪਹਿਲਾਂ ਵਾਲਾ ਦਰੱਖਤ ਆਪਣੀ ਗ਼ਲਤੀ ਤੋਂ ਪਛਤਾਉਂਦਾ ਬੁਰੀ ਤਰ੍ਹਾਂ ਸੁੱਕ ਗਿਆ। ਲੱਕੜਹਾਰੇ ਉਸ ਦੀਆਂ ਸੁੱਕੀਆਂ ਟਾਹਣੀਆਂ ਕੱਟ ਕੇ ਲੈ ਜਾਂਦੇ। ਉਸ ਦੀ ਦੁਰਦਸ਼ਾ ਤਾਂ ਦੇਖਣ ਵਾਲੀ ਸੀ ।

ਪਰ ਬੋਹੜ ਦਾ ਦਰੱਖਤ ਤਾਂ ਹੋਰ ਤੇ ਹੋਰ ਫੈਲੀ ਗਿਆ। ਆਸੇ-ਪਾਸੇ ਉਸ ਦੀ ਗੂੜ੍ਹੀ ਛਾਂ ਦੀ ਚਰਚਾ ਤੇ ਜੱਸ ਹੋਣ ਲੱਗਾ। ਉਸ ਦੀ ਛਾਂ ਹੇਠਾਂ ਸੱਥਾਂ ਬੈਠਣੀਆਂ ਸ਼ੁਰੂ ਹੋ ਗਈਆਂ। ਬੱਚਿਆਂ ਨੇ ਪੂਰੀ ਦਿਹਾੜੀ ਖੇਡੀ ਜਾਣਾ। ਬਾਬਾ ਬੋਹੜ ਹੁਣ ਪਿੰਡ ਦੀ ਸ਼ਾਨ ਬਣ ਚੁੱਕਾ ਸੀ। ਦੂਜਾ ਦਰੱਖਤ ਤਾਂ ਇਕ ਜ਼ੋਰਦਾਰ ਹਵਾ ਦੇ ਬੁੱਲ੍ਹਾਂ ਨਾਲ ਪੁੱਟਿਆ ਗਿਆ ਤੇ ਆਪਣੀ ਹੋਂਦ ਵੀ ਭੁੱਲ ਗਿਆ ਪਰ ਇਹ ਬੋਹੜ ਦਾ ਦਰੱਖਤ ਬਾਬਾ ਬੋਹੜ ਬਣ ਗਿਆ ਸੀ। ਸੋ ਬੱਚਿਓ, ਕਦੇ ਵੀ ਕਿਸੇ ਗੱਲ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਜੋ ਪ੍ਰਸਿੱਧੀ ਹੈ, ਪਰਮਾਤਮਾ ਦੀ ਦੇਣ ਹੈ ਤੇ ਇਹ ਕਦੇ ਵੀ ਚਿਰ ਸਦੀਵੀ ਨਹੀਂ ਹੁੰਦੀ। ਇਹ ਵੀ ਖਿਆਲ ਰੱਖਣਾ ਚਾਹੀਦਾ ਹੈ ਕਿ ਸੰਤਾਨ ਨੂੰ ਖੁਸ਼ ਰੱਖੋਗੇ ਤਾਂ ਬੁਢਾਪੇ 'ਚ ਤੁਹਾਨੂੰ ਵੀ ਸੁਖ ਮਿਲੇਗਾ।

## ਆਂਦਰਾਂ ਵਿੱਚ ਬੈਕਟੀਰੀਆ ਦਾ ਕੰਮ ਕੀ ਹੈ ?

ਬੱਚਿਓ! ਮੂੰਹ ਤੋਂ ਮਲ ਦੁਆਰ ਤਕ ਪਾਚਣ ਨਲੀ ਦੀ ਲੰਬਾਈ ਲਗਪਗ 30 ਫੁੱਟ ਹੁੰਦੀ ਹੈ। ਛੋਟੀ ਆਂਦਰ ਦੀ ਲੰਬਾਈ ਲਗਪਗ 20 ਫੁੱਟ ਅਤੇ ਵੱਡੀ ਆਂਦਰ ਦੀ ਲੰਬਾਈ ਲਗਪਗ 5 ਫੁੱਟ ਹੁੰਦੀ ਹੈ। ਸਾਡੀ ਪਾਚਣ ਨਲੀ ਵਿੱਚ 100 ਟ੍ਰਿਲੀਅਨ ਬੈਕਟੀਰੀਆ ਰਹਿੰਦੇ ਹਨ। ਮੂੰਹ ਤੋਂ ਮਲ ਦੁਆਰ ਤਕ ਭੋਜਨ ਨਲੀ ਵਿੱਚ ਲਗਪਗ ਇੱਕ ਕਿਲੋ ਬੈਕਟੀਰੀਆ ਹੁੰਦੇ ਹਨ। ਭੋਜਨ ਨਲੀ ਵਿੱਚ ਬੈਕਟੀਰੀਆਂ ਦੀਆਂ 300 ਤੋਂ 1000 ਜਾਤੀਆਂ ਰਹਿੰਦੀਆਂ ਹਨ। ਸਾਡੇ ਮਲ ਤਿਆਗ ਵਿੱਚ 60 ਫ਼ੀਸਦੀ ਠੋਸ ਪਦਾਰਥ ਬੈਕਟੀਰੀਆ ਦਾ ਪੁੰਜ ਹੈ। ਆਂਦਰਾਂ ਵਿੱਚ ਪਾਏ ਜਾਣ ਵਾਲੇ ਬੈਕਟੀਰੀਆ ਹਾਨੀਕਾਰਕ ਨਹੀਂ ਹੁੰਦੇ। ਆਂਦਰਾਂ ਵਿੱਚ ਲੈਕਟੋਬੇਸਿਲਜ ਬੈਕਟੀਰੀਆ, ਫੂਜੋਬੈਕਟੀਰੀਅਮ, ਸੇਟਫੀਲੋਕੋਕਸ ਆਦਿ ਜਾਤੀ ਦੇ ਬੈਕਟੀਰੀਆ ਰਹਿੰਦੇ ਹਨ। ਛੋਟੀ ਆਂਦਰ ਵਿੱਚ ਲੈਕਟੋਬੈਸਿਲਸ ਬੈਕਟੀਰੀਆ ਭੋਜਨ ਨੂੰ ਪਚਾਉਣ ਅਤੇ ਸੋਖਣ ਵਿੱਚ ਸਹਾਇਦਾ ਕਰਦੇ ਹਨ। ਭੋਜਨ ਦਾ ਸੋਖਣ ਛੋਟੀ ਆਂਦਰ ਵਿੱਚ ਹੁੰਦਾ ਹੈ। ਸਾਡਾ ਸਰੀਰ ਸਟਾਰਚ ਜਾਂ ਰੇਸ਼ਿਆਂ ਨੂੰ ਪਚਾ ਨਹੀਂ ਸਕਦਾ। ਇਨ੍ਹਾਂ ਨੂੰ ਬੈਕਟੀਰੀਆ ਹੀ ਸਰਲ ਪਦਾਰਥਾਂ ਵਿੱਚ ਤੋੜ ਦਿੰਦੇ ਹਨ। ਫੂਜੋਬੈਕਟੀਰੀਅਮ ਅਤੇ ਬੈਕਟਰਾਇਡ ਜਾਤੀ ਆਦਿ ਦੇ ਬੈਕਟੀਰੀਆ ਵਿਟਾਮਿਨ-ਕੇ ਅਤੇ ਵਿਟਾਮਿਨ ਬੀ-12 ਨੂੰ ਬਣਾਉਂਦੇ ਹਨ। ਇਨ੍ਹਾਂ ਵਿਟਾਮਿਨਾਂ ਨੂੰ ਆਂਦਰਾਂ ਸੋਖ ਲੈਂਦੀਆਂ ਹਨ। ਆਂਦਰਾਂ ਦੇ ਬੈਕਟੀਰੀਆ ਹਾਨੀਕਾਰਕ ਬੈਕਟੀਰੀਆ ਦੇ ਵਾਧੇ ਨੂੰ ਰੋਕਦੇ ਹਨ। ਪਾਚਣ ਸਮੇਂ ਪੈਦਾ ਹੋਏ ਹਾਨੀਕਾਰਕ ਪਦਾਰਥਾਂ ਨੂੰ ਉਦਾਸੀਨ ਕਰਦੇ ਹਨ।



## ਬਿੰਦੂ ਮਿਲਾਓ






## ਤੇਜ ਮੀਂਹ ਦੇ ਬਾਅਦ ਐਰੀਜੋਨਾ ਉੱਠਿਆ ਵਾਵਰੋਲਾ

ਇਹ ਫੋਟੋ ਅਮਰੀਕੀ ਰਾਜ ਐਰੀਜੋਨਾ ਦੇ ਫੀਨਿਕਸ ਸ਼ਹਿਰ ਦੀ ਹੈ, ਜਿਥੇ ਹਾਲ ਹੀ 'ਚ ਕੁਝ ਦਿਨ ਪਹਿਲਾਂ ਧੂਲ ਦਾ ਉੱਠਿਆ ਵਾਵਰੋਲਾ ਹਜ਼ਾਰਾਂ ਲੋਕਾਂ ਲਈ ਪਰੇਸ਼ਾਨੀ ਖੜੀ ਕਰ ਗਿਆ। ਇਹ ਫੋਟੋ ਹੈਲੀਕਾਪਟਰ ਯਾਤਰੀ ਨੇ ਕਲਿੱਕ ਕੀਤਾ। ਇਸ ਸਮੇਂ ਉਹ ਕੰਮ ਦੇ ਸਿਲਸਿਲੇ 'ਚ ਦੂੱਜੇ ਸ਼ਹਿਰ ਜਾ ਰਿਹਾ ਸੀ। ਉਹ ਇਹ ਜਾਨਕੇ ਹੈਰਾਨ ਸੀ ਕਿ ਇਸ ਸਮੇਂ ਅਮਰੀਕਾ 'ਚ ਗਰਮੀ ਦਾ ਮੌਸਮ ਚੱਲ ਰਿਹਾ ਹੈ, ਲੇਕਿਨ ਧੂਲ ਭਰੇ ਵਾਵਰੋਲੇ ਦੇ ਉੱਤੇ ਕਾਲੇ ਬਾਦਲ ਸਨ। ਉਸ ਯਾਤਰੀ ਦੇ ਮਿੱਤਰ ਨੇ ਇਹ ਫੋਟੋ ਰੇਡਿਟ ਉੱਤੇ ਅਪਲੋਡ ਕੀਤਾ , ਜਿਸਨੂੰ 97 ਫੀਸਦੀ ਅਪਵੋਟ ਮਿਲੇ। ਇਸਦਾ ਮਤਲੱਬ ਘੱਟ ਸਮੇਂ ਵਿੱਚ ਇਸਨੂੰ ਜਿਆਦਾ ਲੋਕਾਂ ਦੁਆਰਾ ਇੰਟਰਨੈੱਟ ਉੱਤੇ ਵੇਖਿਆ ਗਿਆ। ਫੀਨਿਕਸ ਸ਼ਹਿਰ ਵਿੱਚ ਧੂਲ ਭਰੇ ਵਾਵਰੋਲੇ ਦੇ ਕਾਰਜ਼ ਹਜਾਰਾਂ ਘਰਾਂ ਦੀ ਬਿਜਲੀ ਵਿਵਸਥਾ ਠਪ ਹੋ ਗਈ। ਮੌਸਮ ਖ਼ਰਾਬ ਹੋਣ ਦੇ ਕਾਰਨ ਅੰਤਰਰਾਸ਼ਟਰੀ ਉਡਾਨਾਂ ਪ੍ਰਭਾਵਿਤ ਹੋਈਆਂ ਹਨ।

## ਅੰਤਰ ਲੱਭੋ

ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ । ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ...?





# ਰੈਫਰੈਂਡਮ 2020 ਸਿਰਫ ਵੋਟਾਂ ਦੀ ਰਾਜਨੀਤੀ : ਰਾਜੋਆਣਾ

ਉਸ ਦਾ ਮਕਸਦ ਕੌਮ ਲਈ ਆਜ਼ਾਦੀ ਲੈਣਾ ਹੀ ਨਹੀਂ ਹੈ। ਸਗੋਂ ਖਾਲਸਾ ਪੰਥ ਦੀ ਵੋਟ ਸ਼ਕਤੀ ਨੂੰ ਵੰਡ ਕੇ ਆਰਥਕ ਸ਼ਕਤੀ ਹਾਸਲ ਕਰ ਕੇ ਖਾਲਸਾ ਪੰਥ ਅਤੇ ਪੰਜਾਬ ਦੀਆਂ ਨੀਹਾਂ ਨੂੰ ਕਮਜ਼ੋਰ ਕਰਨਾ ਹੈ। ਪੰਜਾਬ ਵਿਚ ਅਕਾਲੀ ਦਲ ਨੂੰ ਕਮਜ਼ੋਰ ਕਰ ਕੇ ਪੰਜਾਬ ਦੀ ਧਰਤੀ 'ਤੇ ਸਿੱਖ ਕੌਮ 'ਤੇ ਜ਼ੁਲਮ ਢਾਹੁਣ ਵਾਲੀਆਂ ਤਾਕਤਾਂ ਨੂੰ ਸਥਾਪਤ ਕਰਨਾ ਹੈ। ਇਹ ਲੋਕ ਖਾਲਿਸਤਾਨ ਦੇ ਨਾਂ ਖਾਲਸਾ ਪੰਥ ਨੂੰ 34 ਸਾਲਾਂ ਤੋਂ ਗੁੰਮਰਾਹ ਕਰ ਰਹੇ ਹਨ। ਹਜ਼ਾਰਾਂ ਸਿੱਖ ਨੌਜਵਾਨ ਇਨ੍ਹਾਂ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਚੁੱਕੇ ਹਨ। ਨਹੀਂ ਤਾਂ ਕੀ ਕਾਰਨ ਸੀ ਕਿ ਸਾਲ 1991 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਬਾਈਕਾਟ ਕੀਤਾ ਅਤੇ ਚੋਣ ਲੜ ਰਹੇ 28 ਅਕਾਲੀ ਉਮੀਦਵਾਰ ਮਾਰ ਦਿੱਤੇ ਗਏ ? ਫਿਰ 1992 ਵਿਚ ਚੋਣਾਂ ਦਾ ਐਲਾਨ ਹੋਇਆ ਤਾਂ ਅਕਾਲੀ ਦਲ ਨੇ ਬਾਈਕਾਟ ਕਰ ਦਿੱਤਾ ਤਾਂ ਜੋ ਕਾਂਗਰਸ ਦਾ ਇਕ ਵੀ ਉਮੀਦਵਾਰ ਨਹੀਂ ਸੀ ਮਾਰਿਆ ਗਿਆ। ਉਹੀ ਸਾਰੇ ਖਾਲਿਸਤਾਨੀ ਉਸ ਸਮੇਂ ਵੀ ਇਸੇ ਧਰਤੀ 'ਤੇ ਵਿਚਰ ਰਹੇ ਸਨ। ਆਖਰ ਇਹ ਲੋਕ ਅਕਾਲੀਆਂ ਨੂੰ ਮਾਰ ਕੇ ਕਿਹੜਾ ਖਾਲਿਸਤਾਨ ਬਣਾਉਣਾ ਚਾਹੁੰਦੇ ਸਨ ? ਰਾਜੋਆਣਾ ਨੇ ਕਿਹਾ ਕਿ ਰੈਫਰੈਂਡਮ-2020 ਦਾ ਰੌਲਾ ਪਾਉਣ ਵਾਲੇ ਇਨ੍ਹਾਂ ਵਿਅਕਤੀਆਂ ਨੇ 2017 ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦਾ ਸਮਰਥਨ ਕੀਤਾ, ਜਿਸ ਦਾ ਪ੍ਰਧਾਨ ਅਰਵਿੰਦ ਕੇਜਰੀਵਾਲ ਹੈ। ਉਹ ਖਾਲਿਸਤਾਨੀ ਸਮਰਥਕ ਹੈ ਜਾਂ ਫਿਰ ਉਸ ਦਾ ਸੰਘਰਸ਼ ਨਾਲ ਕਦੇ ਕੋਈ ਲੈਣ-ਦੇਣ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਖਾਲਿਸਤਾਨੀ ਪੰਜਾਬ ਦੀ ਧਰਤੀ 'ਤੇ ਵਿਚਰ ਰਹੇ ਹਨ ਅਤੇ ਧਰਨੇ ਪ੍ਰਦਰਸ਼ਨ ਕਰ ਰਹੇ ਹਨ, ਉਨ੍ਹਾਂ ਦੀ ਨੇੜਤਾ ਸਿੱਖਾਂ ਦੀ ਸਭ ਤੋਂ ਵੱਡੀ ਦੁਸ਼ਮਣ ਕਾਂਗਰਸ ਨਾਲ ਦੋਸਤੀ ਕਿਸੇ ਤੋਂ ਛੁਪੀ ਹੋਈ ਨਹੀਂ ਹੈ। ਪੰਜਾਬ ਵਿਚ ਕਾਂਗਰਸ ਸਰਕਾਰ ਬਣਨ ਨਾਲ ਉਨ੍ਹਾਂ ਦਾ ਖਾਲਿਸਤਾਨ ਬਣ ਜਾਂਦਾ ਹੈ। ਕਾਂਗਰਸ ਤੋਂ ਸੱਤਾ ਖੁੱਸਣ ਨਾਲ ਉਨ੍ਹਾਂ ਦਾ ਸੰਘਰਸ਼ ਸ਼ੁਰੂ ਹੋ ਜਾਂਦਾ ਹੈ। ਰਾਜੋਆਣਾ ਨੇ ਕਿਹਾ ਕਿ ਜਦੋਂ ਸਾਲ 2012 ਵਿਚ ਖਾਲਸਾ ਪੰਥ ਦੇ ਵਰਤਾਰੇ ਮਗਰੋਂ ਮੇਰੀ ਫਾਂਸੀ 'ਤੇ ਰੋਕ ਲੱਗੀ ਤਾਂ ਉਸ ਸਮੇਂ ਇੰਗਲੈਂਡ ਦੀ ਧਰਤੀ 'ਤੇ ਸੰਘਰਸ਼ੀ ਅਤੇ ਮਹਾਨ ਪੰਥਕ ਵਿਦਵਾਨ ਬਣ ਕੇ ਵਿਚਰ ਰਹੇ ਪ੍ਰੋ. ਪ੍ਰਭਸ਼ਰਨਦੀਪ ਸਿੰਘ ਨੇ ਮੇਰੀ ਭੈਣ ਕਮਲਦੀਪ ਕੌਰ ਨੂੰ ਫੋਨ ਕਰ ਕੇ ਸਾਨੂੰ ਖਰੀਦਣ ਦੀ ਨਾਕਾਮ ਕੋਸ਼ਿਸ਼ ਕੀਤੀ। ਕਿਹਾ ਅਸੀਂ ਤੁਹਾਨੂੰ ਲੱਖਾਂ ਰੁਪਏ ਭੇਜ ਰਹੇ ਹਾਂ ਅਤੇ ਹੋਰ ਵੀ ਵੱਡੇ ਗਰੁੱਪ ਤੁਹਾਡੀ ਮਾਲੀ ਮਦਦ ਕਰਨਗੇ, ਬਸ ਅਕਾਲੀ ਦਲ ਅਤੇ ਬਾਦਲਾਂ ਖਿਲਾਫ ਬਿਆਨਬਾਜ਼ੀ ਕਰਨ।

# ਐਫ. ਆਈ. ਆਰ. 'ਚ ਮੁਲਾਜ਼ਮਾਂ ਦੇ ਨਾਮ ਨਹੀਂ ਦਰਜ ਕਰਨਾ ਚਾਹੁੰਦੀ ਪੰਜਾਬ ਪੁਲਿਸ

ਕਿ ਉਹ ਅਪਣੇ ਰੈਫ਼ਰੰਡਮ 2020 ਵਾਲੇ ਪ੍ਰਸਤਾਵ ਬਾਰੇ ਪੈਦਾ ਹੋਈ ਅਸਪੱਸ਼ਟਤਾ ਅਤੇ ਭੁਲੇਖਿਆਂ ਨੂੰ ਦੂਰ ਕਰਨ। ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਹਰਪਾਲ ਸਿੰਘ ਚੀਮਾ ਪ੍ਰਧਾਨ ਦਲ ਖਾਲਸਾ ਨੇ ਸਿਖਸ ਫ਼ਾਰ ਜਸਟਿਸ ਦੇ ਸੰਚਾਲਕ ਗੁਰਪਤਵੰਤ ਸਿੰਘ ਪਨੂੰ ਨੂੰ 25 ਜੁਲਾਈ 2018 ਨੂੰ ਚਿੱਠੀ ਲਿੱਖੀ ਹੈ। ਉਕਤ ਆਗੂਆਂ ਪੰਨੂੰ ਨੂੰ ਸਵਾਲ ਕੀਤਾ ਹੈ ਕਿ ਰਿਫਰੈਂਡਮ 2020ਨੂੰ ਕਿਵੇਂ ਅਮਲ ਵਿਚ ਲਿਆਂਦਾ ਜਾਵੇਗਾ। ਉਕਤ ਆਗੂਆਂ ਇਹ ਵੀ ਕਿਹਾ ਹੈ ਕਿ ਇਸ ਦੀ ਰੂਪ-ਰੇਖਾ ਬਾਰੇ 12 ਅਗਸਤ ਨੂੰ ਲੰਡਨ ਵਿੱਚ ਹੋਣ ਵਾਲੀ ਕਾਨਫਰੰਸ ਵਿੱਚ ਸਪੱਸ਼ਟ ਕਰਨ। ਉਨ੍ਹਾਂ ਸਪੱਸ਼ਟ ਕਿਹਾ ਕਿ ਉਨਾਂ ਦੀਆਂ ਜਥੇਬੰਦੀਆਂ ਵਲੋਂ ਰਿਫਰੈਂਡਮ 2020ਬਾਰੇ ਪ੍ਰਗਟਾਏ ਗਏ ਖਦਸ਼ਿਆਂ ਅਤੇ ਚਿੰਤਾਂਵਾਂ ਨੂੰ 12 ਅਗਸਤ ਨੂੰ ਹੋਣ ਵਾਲੀ ਕਾਨਫਰੰਸ ਦੀ ਵਿਰੋਧਤਾ ਨਾ ਸਮਝਿਆ ਜਾਵੇ। ਦਲ ਖਾਲਸਾ ਅਤੇ ਅਕਾਲੀ ਦਲ ਅੰਮ੍ਰਿਤਸਰ ਵਲੋਂ ਲਿਖੇ ਗਏ ਪੱਤਰ ਦਾ ਮੂਲ ਸਾਰਅੰਸ਼; ਉਕਤ ਦਲਾਂ ਦਾ ਆਗੂਆਂ ਖਤ ਦੇ ਮੂਲ ਸਾਰਅੰਸ਼ ਬਾਰੇ ਸਪੱਸ਼ਟ ਕੀਤਾ ਹੈ ਕਿ ਵਰਤਮਾਨ ਵਿਚ ਸਿੱਖ ਕੌਮ ਜਿਸ ਸੰਕਟ ਵਿਚੋਂ ਗੁਜ਼ਰ ਰਹੀ ਹੈ, ਉਸ ਵਿਚੋਂ ਨਿਕਲਣ ਲਈ ਜੋ ਕੁਝ ਵੀ ਕੀਤਾ ਜਾਵੇ। ਇਹ ਕੰਮ ਈਮਨਾਦਾਰੀ ਘੋਖ-ਪੜਤਾਲ ਅਤੇ ਸਚਾਈ ਦੇ ਦਾਇਰੇ ਵਿੱਚ ਰਹਿ ਕੇ ਕੀਤਾ ਜਾਵੇ। ਦਲ ਖਾਲਸਾ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਹਮੇਸ਼ਾ ਹੀ ਸੰਯੁਕਤ ਰਾਸ਼ਟਰ ਦੇ ਸਹਿਯੋਗ ਨਾਲ ਸ਼ਾਂਤਮਈ ਅਤੇ ਜਮਹੂਰੀ ਤਰੀਕੇ ਨਾਲ ਪੰਜਾਬ ਨੂੰ ਆਜ਼ਾਦ ਕਰਵਾਉਣ ਅਤੇ ਪ੍ਰਭੂਸੱਤਾ ਸੰਪੰਨ ਸਿੱਖ ਰਾਜ ਸਥਾਪਤ ਕਰਨ ਦੇ ਮੁਦਈ ਹਨ। ਸੰਯੁਕਤ ਰਾਸ਼ਟਰ ਦੀ ਨਿਗਰਾਨੀ ਹੇਠ ਪੰਜਾਬ ਵਿੱਚ ਰਿਫਰੈਂਡਮ ਕਰਵਾਉਣ ਲਈ ਦੋਵੇਂ ਹੀ ਜਥੇਬੰਦੀਆਂ ਕਈ ਵਾਰ ਕੌਮੀ ਅਤੇ ਕੌਮਾਂਤਰੀ ਮੰਚ 'ਤੇ ਸਿੱਖ ਕੇਸ ਪੇਸ਼ ਕਰ ਚੁੱਕੀਆਂ ਹਨ।

# ਪੜ੍ਹੇ ਲਿਖੇ ਉਤੇ ਭਾਰੀ ਪਈ ਅਨਪੜ੍ਹਤਾ

ਉਸ ਤੋਂ ਕੀਤੀ ਗਈ ਪੁੱਛਗਿੱਛ ਵਿੱਚ ਪਤਾ ਲੱਗਿਆ ਕਿ ਉਸ ਨੇ ਠੱਗੀ ਦੇ ਲਈ ਮੋਬਾਇਲ ਫ਼ੋਨ ਤੋਂ ਲੱਗਭੱਗ 29 ਸੌ ਲੋਕਾਂ ਨੂੰ ਫ਼ੋਨ ਕੀਤੇ ਸਨ। ਜੈਪੁਰ ਪੁਲਿਸ ਨੇ ਪਹਿਲਾਂ ਹੀ ਅਜਿਹੀਆਂ ਠੱਗੀਆਂ ਦੀ ਸੂਚਨਾ ਮਿਲਣ ਤੇ ਵਿਸ਼ੇਸ਼ ਚੌਕਸੀ ਸੈਲ ਕਾਇਮ ਕੀਤਾ ਸੀ। ਇਸ ਟੀਮ ਨੇ ਠੱਗੀ ਦੇ ਇੱਕ-ਇੱਕ ਮਾਮਲੇ ਦਾ ਅਧਿਐਨ ਕਰਕੇ ਅਪਰਾਧੀਆਂ ਦਾ ਤਰੀਕਾ ਸਮਝਿਆ। ਉਸ ਤੋਂ ਬਾਅਦ ਤਕਨੀਕੀ ਜ਼ਰੀਏ ਉਹਨਾਂ ਮੋਬਾਇਲ ਨੰਬਰਾਂ ਦਾ ਪਤਾ ਲਗਾਇਆ, ਜਿਹਨਾਂ ਤੋਂ ਲੋਕਾਂ ਨੂੰ ਠੱਗੀ ਦਾ ਸ਼ਿਕਾਰ ਬਣਾਇਆ ਗਿਆ ਸੀ। ਫ਼ਿਰ 3 ਠੱਗਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਪਹਿਲਾਂ ਇਯੇ ਸਾਲ 24 ਫ਼ਰਵਰੀ ਨੂੰ ਸਭ ਤੋਂ ਪਹਿਲਾਂ ਸਤਿਅਮ ਰਾਏ ਨੂੰ ਪਕੜਿਆ ਗਿਆ। ਉਹ ਝਾਰਖੰਡ ਦੇ ਦੇਵਘਰ ਦੇ ਖਜੂਰੀਆ ਬੱਸ ਸਟੈਂਡ ਦੇ ਕੋਲ ਸਥਿਤ ਵਿਕਾਸ ਨਗਰ ਦਾ ਰਹਿਣ ਵਾਲਾ ਸੀ। ਫ਼ਿਲਹਾਲ ਉਹ ਪੱਛਮੀ ਬੰਗਾਲ ਦੇ ਕੋਲਕਾਤਾ ਦੇ ਟਾਲੀਗੰਜ ਵਿੱਚ ਕੇ. ਐਮ. ਲਕਸ਼ਕਰ ਰੋਡ ਤੇ ਰਹਿ ਰਿਹਾ ਸੀ। ਉਸ ਨੇ ਪਿਛਲੇ ਸਾਲ ਜੈਪੁਰ ਦੇ ਰਾਜਿੰਦਰ ਗਹਿਲੋਤ ਨੂੰ ਆਪਣਾ ਸ਼ਿਕਾਰ ਬਣਾਇਆ ਸੀ। ਆਮ ਆਦਮੀ ਨੂੰ ਤਾਂ ਇਹ ਠੱਗ ਕੁਝ ਹੀ ਮਿੰਟਾਂ ਵਿੱਚ ਗੱਲ ਕਰਕੇ ਉਲਝਾ ਕੇ ਉਸਦਾ ਏ. ਟੀ. ਐਮ. ਕਾਰਡ ਅਤੇ ਓ. ਟੀ. ਪੀ. ਨੰਬਰ ਆਦਿ ਹਾਸਲ ਕਰ ਲੈਂਦੇ ਹਨ। ਇਹਨਾਂ ਠੱਗਾਂ ਨੇ ਕੇਂਦਰੀ ਖੇਤੀ ਰਾਜ ਮੰਤਰੀ, ਬਾਂਕਾਂ ਜ਼ਿਲ੍ਹੇ ਦੇ ਜੱਜ, ਏਅਰਪੋਰਟ ਅਥਾਰਟੀ ਦੇ ਏ.ਜੀ.ਐਮ. ਸਮੇਤ ਬਹੁਤ ਵੱਡੇ ਵੱਡੇ ਅਧਿਕਾਰੀਆਂ ਨੂੰ ਵੀ ਠੱਗਿਆ ਹੈ। ਸਾਈਬਰ ਠੱਗੀ ਵਿੱਚ ਲੱਗੇ ਸਾਰੇ ਲੜਕੇ ਉਚ ਸਿੱਖਿਆ ਵੀ ਹਾਸਲ ਕਰਕੇ ਸੂਚਨਾ ਤਕਨੀਕ ਵਿੱਚ ਮਾਹਿਰ ਹੋ ਰਹੇ ਹਨ ਤਾਂ ਜੋ ਲੋਕਾਂ ਨੂੰ ਉਹਨਾਂ ਦੇ ਹਿਸਾਬ ਨਾਲ ਹੈਂਡਲ ਕੀਤਾ ਜਾ ਸਕੇ। ਜਾਮਤਾੜਾ ਵਿੱਚ ਸਾਈਬਰ ਕ੍ਰਾਈਮ ਦੀ ਸ਼ੁਰੂਆਤ ਐਸ. ਐਮ. ਐਸ. ਨਾਲ ਮੋਬਾਇਲ ਫ਼ੋਨ ਦਾ ਬੈਲੈਂਸ ਉਡਾ ਕੇ ਦੂਜਿਆਂ ਨੂੰ ਸਸਤੀ ਦਰ ਤੇ ਮੋਬਾਇਲ ਫ਼ੋਨ ਦਾ ਬੈਲੈਂਸ ਵੇਚਣ ਤੋਂ ਹੋਈ ਸੀ। ਇਸ ਤੋਂ ਬਾਅਦ 8-9 ਸਾਲਾਂ ਵਿੱਚ ਇਹ ਜ਼ਿਲ੍ਹਾ ਪੂਰੇ ਦੇਸ਼ ਵਿੱਚ ਚਰਚਿਤ ਹੋ ਚੁੱਕਾ ਹੈ। ਜਾਮਤਾੜਾ ਇਲਾਕੇ ਤੋਂ ਜਦੋਂ ਮੋਬਾਇਲ ਫ਼ੋਨ ਤੇ ਬਹੁਤ ਜ਼ਿਆਦਾ ਫ਼ੋਨ ਕੀਤੇ ਜਾਣ ਲੱਗੇ ਤਾਂ ਮੋਬਾਇਲ ਕੰਪਨੀਆਂ ਨੂੰ ਵੀ ਚੰਗੀ ਕਮਾਈ ਹੋਣ ਲੱਗੀ। ਨੈਟਵਰਕ ਦੀ ਸਮੱਸਿਆ ਦੂਰ ਕਰਨ ਲਈ ਮੋਬਾਇਲ ਕੰਪਨੀਆਂ ਨੇ ਉਥੇ ਨਵੇਂ ਟਾਵਰ ਲਗਵਾਏ, ਤਾਂ ਜੋ ਨੈਟਵਰਕ ਸਹੀ ਰਹੇ। ਇਸ ਨਾਲ ਠੱਗਾਂ ਦਾ ਕੰਮ ਹੋਰ ਆਸਾਨ ਹੋ ਗਿਆ। ਠੱਗੀ ਦੀ ਰਕਮ ਨਾਲ ਠੱਗ ਐਸ਼ੋ-ਆਰਾਮ ਦੀ ਜ਼ਿੰਦਗੀ ਜਿਉਂਦੇ ਹਨ। ਉਹਨਾਂ ਦੇ ਕੋਲ ਆਲੀਸ਼ਾਨ ਮਕਾਨ ਅਤੇ ਲਗਜ਼ਰੀ ਗੱਡੀਆਂ ਹਨ। ਸੜਕਾਂ ਖਰਾਬ ਹੋਣ ਕਾਰਨ ਗੱਡੀਆਂ ਚਲਾਉਣ ਵਿੱਚ ਪ੍ਰੇਸ਼ਾਨ ਹੋਈ ਤਾਂ ਇਹਨਾਂ ਠੱਗਾਂ ਨੇ ਸੜਕਾਂ ਵੀ ਖੁਦ ਬਣਵਾ ਲਈਆਂ। ਹੁਣ ਇਹ ਅਪਰਾਧੀ ਖੁਦ ਨੂੰ ਭਾਰਤੀ ਰਿਜ਼ਰਵ ਬੈਂਕ ਦਾ ਅਧਿਕਾਰੀ ਦੱਸ ਕੇ ਠੱਗੀ ਕਰਨ ਲੱਗੇ ਹਨ। ਏ. ਟੀ. ਐਮ. ਰਿਨਿਊ ਕਰਨ, ਉਸ ਦੀ ਵੈਲੀਡਿਟੀ ਵਧਾਉਣ ਅਤੇ ਆਧਾਰ ਕਾਰਡ ਨਾਲ ਜੋੜਨ ਦੇ ਬਹਾਨੇ ਤਾਂ ਕਈ ਸਾਲਾਂ ਤੋਂ ਚੱਲ ਰਹੇ ਹਨ।

ਜਾਮਤਾੜਾ ਇਲਾਕੇ ਵਿੱਚ ਰੋਜ਼ਾਨਾ ਕਿਸੇ ਨਾ ਕਿਸੇ ਰਾਜ ਦੀ ਪੁਲਿਸ ਸਾਈਬਰ ਠੱਗਾਂ ਦੀ ਭਾਲ ਵਿੱਚ ਪਹੁੰਚਦੀ ਰਹਿੰਦੀ ਹੈ। ਇਸ ਕਰਕੇ ਹੁਣ ਇੱਥੋਂ ਦੇ ਠੱਗ ਥੋੜ੍ਹੇ ਥੋੜ੍ਹੇ ਸਮੇਂ ਦੇ ਲਈ ਦੂਜੇ ਰਾਜਾਂ ਵਿੱਚ ਜਾ ਕੇ ਆਪਣਾ ਠੱਗੀ ਦਾ ਧੰਦਾ ਕਰਦੇ ਹਨ। ਜਾਮਤਾੜਾ ਤੋਂ ਪਿਛਲੇ 2 ਸਾਲਾਂ ਵਿੱਚ 268 ਸਾਈਬਰ ਅਪਰਾਧੀ ਗ੍ਰਿਫ਼ਤਾਰ ਕੀਤੇ ਗ ?। ਇਹਨਾਂ ਵਿੱਚੋਂ 16 ਸੌ ਤੋਂ ਜ਼ਿਆਦਾ ਮੋਬਾਇਲ ਫ਼ੋਨ, 176 ਲਗਜ਼ਰੀ ਕਾਰਾਂ ਅਤੇ ਕਰੋੜਾਂ ਰੁਪਏ ਬਰਾਮਦ ਕੀਤੇ ਗਏ ਹਨ। ਜੈਪੁਰ ਪੁਲਿਸ ਵੱਲੋਂ ਦੇਵਘਰ ਤੋਂਗ੍ਰਿਫ਼ਤਾਰ ਮਿਥਲੇਸ਼ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣਾ ਐਸ. ਬੀ. ਆ ?ਹੀ. ਦਾ ਬੈਂਕ ਅਕਾਊਂਟ ਸਾਈਬਰ ਠੱਗਾਂ ਨੂੰ ਕਿਰਾਏ ਤੇ ਦਿੰਦਾ ਸੀ। ਇਸ ਦੇ ਬਦਲੇ ਉਹ ਖਾਤੇ ਵਿੱਚ ਜਮ੍ਹਾ ਹੋਣ ਵਾਲੀ ਰਕਮ ਵਿੱਚੋਂ 20 ਪ੍ਰਤੀਸ਼ਤ ਹਿੱਸਾ ਲੈਂਦਾ ਸੀ। ਬੇਸ਼ੱਕ ਹੀ ਅਪਰਾਧੀ ਪਕੜੇ ਜਾ ਰਹੇ ਹਨ ਪਰ ਸਾਈਬਰ ਠੱਗੀ ਬੰਦ ਹੋਣ ਦਾ ਨਾਂ ਨਹੀ ਲੈ ਰਹੀ। ਪੜ੍ਹ ਲਿਖ ਕੇ ਆਦਮੀ ਬੁੱਧੀਮਾਨ ਹੋ ਜਾਂਦਾ ਹੈ ਪਰ ਜਾਮਤਾੜਾ ਦੇ ਅਨਪੜ੍ਹ ਜਾਂ ਮਾਮੂਲੀ ਸਿੱਖਿਅਤ ਅਪਰਾਧੀ ਉਹਨਾਂ ਲੋਕਾਂ ਦੀਆਂ ਅੱਖਾਂ ਵਿੱਚ ਧੂੜ ਪਾ ਜਾਂਦੇ ਹਨ, ਜੋ ਖੁਦ ਨੂੰ ਜ਼ਿਆਦਾ ਸਮਝਦਾਰ ਸਮਝਦੇ ਹਨ।

# 'ਰਾਇਸ਼ੁਮਾਰੀ 2020' ਦੇ ਕਰਤਾ-ਧਰਤਾ ਦੇ ਸਬੰਧ ਖਾੜਕੂਆਂ ਨਾਲ : ਪੰਜਾਬ ਪੁਲਿਸ

ਪੰਜਾਬ ਪੁਲਿਸ ਦੀ ਰਿਪੋਰਟ 'ਚ ਲਿਖਿਆ ਗਿਆ ਹੈ ਕਿ – "ਉਹ ਖ਼ਾਲਿਸਤਾਨ ਟਾਈਗਰ ਫ਼ੋਰਸ ਦੇ ਜਗਤਾਰ ਸਿੰਘ ਤਾਰਾ, ਇੰਗਲੈਂਡ ਦੇ ਪਰਮਜੀਤ ਸਿੰਘ ਪੰਮਾ ਅਤੇ ਹਾਂਗ ਕਾਂਗ ਦੇ ਰਮਨਜੀਤ ਸਿੰਘ ਰੋਮੀ ਜਿਹੇ ਕੁਝ ਪ੍ਰਮੁੱਖ ਸਿੱਖ ਖਾੜਕੂਆਂ ਨਾਲ ਬਹੁਤ ਨੇੜਿਓਂ ਜੁੜਿਆ ਹੋਇਆ ਹੈ।"

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਤਾਰਾ ਨੂੰ ਇਸ ਵਰ੍ਹੇ ਪਹਿਲਾਂ ਥਾਈਲੈਂਡ ਤੋਂ ਭਾਰਤ ਵਾਪਸ ਭੇਜਿਆ ਗਿਆ ਸੀ ਪਰ ਸਾਲ 2016 ਦੌਰਾਨ ਪੁਰਤਗਾਲ ਦੀ ਇੱਕ ਅਦਾਲਤ ਨੇ ਪੰਮਾ ਨੂੰ ਭਾਰਤ ਹਵਾਲੇ ਕਰਨ ਤੋਂ ਨਾਂਹ ਕਰ ਦਿੱਤੀ ਸੀ। ਰਮਨਜੀਤ ਸਿੰਘ ਰੋਮੀ ਵੀ ਹਾਂਗ ਕਾਂਗ 'ਚ ਇਸ ਵੇਲੇ ਅਸਥਾਈ ਤੌਰ 'ਤੇ ਗ੍ਰਿਫ਼ਤਾਰ ਹੈ ਅਤੇ ਭਾਰਤੀ ਅਧਿਕਾਰੀਆਂ ਨੂੰ ਪੂਰੀ ਆਸ ਹੈ ਕਿ ਉਸ ਨੂੰ ਛੇਤੀ ਹੀ ਭਾਰਤ ਹਵਾਲੇ ਕਰ ਦਿੱਤਾ ਜਾਵੇਗਾ। ਰਿਪੋਰਟ 'ਚ ਅੱਗੇ ਲਿਖਿਆ ਹੈ,"ਪੰਨੂ ਦੀ ਕੱਟੜ ਸਿੱਖ ਤੱਤਾਂ ਦੇ ਕਾਨੂੰਨੀ ਮਾਮਲਿਆਂ ਵਿੱਚ ਡੂੰਘੀ ਦਿਲਚਸਪੀ ਰਹਿੰਦੀ ਹੈ ਤੇ ਜਦੋਂ ਵੀ ਕਦੇ ਉਹ ਮੂਲਵਾਦੀ ਤੱਤ ਭਾਰਤ 'ਚ ਕਿਸੇ ਦਹਿਸ਼ਗਰਦ ਗਤੀਵਿਧੀ 'ਚ ਸ਼ਾਮਲ ਹੋਣ ਕਾਰਨ ਗ੍ਰਿਫ਼ਤਾਰ ਹੁੰਦੇ ਹਨ, ਤਾਂ ਉਹ ਭਾਰਤ ਦੀ ਆਲੋਚਨਾ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਗੁਆਉਂਦਾ।" ਅਧਿਕਾਰੀਆਂ ਅਨੁਸਾਰ ਤਾਰਾ ਨੂੰ ਪਨੂੰ ਬੈਂਕਾਕ ਦੀ ਜੇਲ੍ਹ 'ਚ ਮਿਲਿਆ ਸੀ ਤੇ ਉਸ ਨੇ ਭਾਰਤ ਨੂੰ ਉਸ ਦੀ ਹਵਾਲਗੀ ਰੁਕਵਾਉਣ ਲਈ ਜ਼ੋਰ ਲਾਇਆ ਸੀ। ਪੁਰਤਗਾਲ 'ਚ ਪੰਮਾ ਦਾ ਕੇਸ ਲੜਨ ਲਈ ਵੀ ਉਸੇ ਨੇ ਧਨ ਦਾ ਇੰਤਜ਼ਾਮ ਕੀਤਾ ਸੀ। ਪੰਮਾ ਸਾਲ 2015 ਦੌਰਾਨ ਪੁਰਤਗਾਲ 'ਚ ਗ੍ਰਿਫ਼ਤਾਰ ਹੋਇਆ ਸੀ। ਪੁਰਤਗਾਲ ਦੀ ਇੱਕ ਅਦਾਲਤ ਨੇ ਪੰਮਾ ਨੂੰ ਭਾਰਤ ਹਵਾਲੇ ਕਰਨ ਤੋਂ ਨਾਂਹ ਕਰ ਦਿੱਤੀ ਸੀ। ਪੰਨੂ ਹਾਂਗ ਕਾਂਗ 'ਚ ਰੋਮੀ ਨੂੰ ਵੀ ਇਸ ਵਰ੍ਹੇ ਫ਼ਰਵਰੀ 'ਚ ਮਿਲਿਆ ਸੀ। ਰੋਮੀ ਭਾਰਤ 'ਚ 'ਵਾਂਟੇਡ' ਹੈ। ਇਸ ਰਿਪੋਰਟ 'ਚ ਅੱਗੇ ਲਿਖਿਆ ਗਿਆ ਹੈ ਕਿ ਪਨੂੰ ਦਾ ਤਾਲਮੇਲ ਕਸ਼ਮੀਰੀ ਵੱਖਵਾਦੀ ਗ਼ੁਲਾਮ ਨਬੂ ਫ਼ਾਇ ਨਾਲ ਵੀ ਰਿਹਾ ਹੈ, ਜਿਸ ਨੇ ਅਮਰੀਕਾ 'ਚ ਜੇਲ੍ਹ ਦੀ ਸਜ਼ਾ ਕੱਟੀ ਸੀ ਕਿਉਂਕਿ ਉਸ 'ਤੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈਐੱਸਆਈ ਲਈ ਕੰਮ ਕਰਨ ਦੇ ਦੋਸ਼ ਲੱਗੇ ਸਨ – ਭਾਰਤੀ ਸੁਰੱਖਿਆ ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼ਾਇਦ ਇਹ ਗ਼ੁਲਾਮ ਨਬੂ ਫ਼ਾਇ ਹੀ 'ਰਾਇਸ਼ੁਮਾਰੀ 2020' ਦਾ ਅਸਲ ਆਯੋਜਕ ਵੀ ਹੈ। ਰਿਪੋਰਟ 'ਚ ਅੱਗੇ ਲਿਖਿਆ ਹੈ,'ਆਈਐੱਸਆਈ ਦੇ ਕੁਝ ਅਧਿਕਾਰੀ ਯੂਰੋਪੀਅਨ ਦੇਸ਼ਾਂ 'ਚ ਵੀ ਜਾਂਦੇ ਹਨ ਤੇ ਸਿੱਖ ਖਾੜਕੂ ਸਮੂਹਾਂ ਤੇ ਆਗੂਆਂ ਨਾਲ ਸੰਪਰਕ ਕਰਦੇ ਹਨ। ਇੱਕ ਆਈਐੱਸਆਈ ਅਧਿਕਾਰੀ ਅੱਬਾਸ ਰਾਣਾ ਕੈਨੇਡਾ ਜਾ ਕੇ ਆਇਆ ਹੈ। ਉਸ ਨੇ ਕਈ ਸਿੱਖ ਖਾੜਕੂਆਂ ਨਾਲ ਮੁਲਾਕਾਤ ਕੀਤੀ ਹੈ ਤੇ ਉਨ੍ਹਾਂ ਨੂੰ ਸਿੱਖ ਆਜ਼ਾਦੀ ਲਈ ਮੁਹਿੰਮ ਛੇੜਨ ਲਈ ਪ੍ਰੇਰਿਤ ਕੀਤਾ ਹੈ। ਆਈਐੱਸਆਈ ਨੇ ਵੀ ਲੈਫ਼ਟੀਨੈਂਟ ਕਰਨਲ ਸ਼ਾਹਿਦ ਮਹਿਮੂਦ ਮੱਲ੍ਹੀ ਜਿਹੇ ਆਪਣੇ ਕੁਝ ਸੀਨੀਅਰ ਅਧਿਕਾਰੀਆਂ ਦੀ ਡਿਊਟੀ 'ਸਿੱਖਸ ਫ਼ਾਰ ਜਸਟਿਸ ਦਾ 'ਰਾਇਸ਼ੁਮਾਰੀ 2020' ਸਮਾਰੋਹ ਕਰਵਾਉਣ ਦੀ ਜ਼ਿੰਮੇਵਾਰੀ ਸੰਭਾਲਣ ਵਾਸਤੇ ਲਾਈ ਹੈ।' ਪਨੂੰ ਦਾ ਕਹਿਣਾ ਹੈ ਕਿ 'ਆਪਣੇ ਫ਼ੈਸਲੇ ਖ਼ੁਦ ਲੈਣ ਦੇ ਸਿੱਖਾਂ ਦੇ ਅਧਿਕਾਰਾਂ ਦੀ ਮੁਹਿੰਮ ਨੂੰ ਆਈਐੱਸਆਈ ਨਾਲ ਜੋੜਨ' ਦੇ ਵਿਚਾਰ ਵਿੱਚ ਕੋਈ ਸੱਚਾਈ ਨਹੀਂ ਹੈ। "ਸਿੱਖਸ ਫ਼ਾਰ ਜਸਟਿਸ ਦੀ ਮੁਹਿੰਮ ਲਈ ਫ਼ੰਡ ਦੁਨੀਆ ਭਰ ਦੇ ਕੁਝ ਨਿਸ਼ਕਾਮ, ਸਖ਼ਤ ਮਿਹਨਤੀ ਸਿੱਖਾਂ ਨੇ ਮੁਹੱਈਆ ਕਰਵਾਏ ਹਨ।' ਉੱਧਰ ਇੰਟਰਨੈਸ਼ਨਲ ਸਿੱਖ ਯੂਥ ਫ਼ੈਡਰੇਸ਼ਨ ਦੇ ਸਾਬਕਾ ਕਾਰਕੁੰਨ ਪਰਮਿੰਦਰ ਸਿੰਘ ਬੱਲ ਨੇ ਗੱਲਬਾਤ ਕਰਦਿਆਂ ਕਿਹਾ ਕਿ – "ਇੰਗਲੈਂਡ 'ਚ ਰਾਇਸ਼ੁਮਾਰੀ ਦੇ ਇਸ ਝੂਠੇ ਨਾਟਕ ਦਾ ਕੋਈ ਲਾਭ ਸਿੱਖਾਂ ਨੂੰ ਮਿਲਣ ਵਾਲਾ ਨਹੀਂ ਹੈ ਤੇ ਨਾ ਹੀ ਉਸ ਰਾਇਸ਼ੁਮਾਰੀ ਦੇ ਕੋਈ ਨਤੀਜੇ ਲਾਗੂ ਹੋਣੇ ਹਨ।"

# ਐਫ. ਆਈ. ਆਰ. 'ਚ ਮੁਲਾਜ਼ਮਾਂ ਦੇ ਨਾਮ ਨਹੀਂ ਦਰਜ ਕਰਨਾ ਚਾਹੁੰਦੀ ਪੰਜਾਬ ਪੁਲਿਸ

ਅਕਤੂਬਰ 14, 2015 ਨੂੰ ਪੁਲਿਸ ਫ਼ਾਇਰਿੰਗ ਵਿਚ 2 ਪ੍ਰਦਰਸ਼ਨਕਾਰੀ ਮਾਰੇ ਗਏ ਸਨ। ਅਕਤੂਬਰ 21 ਨੂੰ ਬਾਜ਼ਾ ਖ਼ਾਨਾ ਪੁਲਿਸ ਸਟੇਸ਼ਨ 'ਤੇ ਕੇਸ ਦਰਜ ਕੀਤਾ ਗਿਆ। ਕੋਟਕਪੁਰਾ ਗੋਲੀ ਕਾਂਡ ਵਿਚ ਵੀ ਪੁਲਿਸ ਨੇ ਮੰਗਲਵਾਰ ਨੂੰ ਇੱਕ ਨਵੀਂ ਐਫ ਆਈ ਆਰ ਵੀ ਦਰਜ ਕੀਤੀ ਹੈ। ਪਰ ਉਸ ਵਿਚ ਵੀ ਕਿਸੇ ਵੀ ਪੁਲਿਸ ਮੁਲਾਜ਼ਮ ਦਾ ਨਾਮ ਨਹੀਂ ਦਰਜ ਕੀਤਾ ਗਿਆ। ਅਕਤੂਬਰ 21, 2015 ਦੀ ਐਫ ਆਈ ਆਰ ਸੈਕਸ਼ਨ 302 (ਹੱਤਿਆ) ਤੇ 307 (ਹੱਤਿਆ ਦੀ ਕੋਸਿਸ) ਦੇ ਤਹਿਤ ਦਰਜ ਕੀਤੀ ਗਈ ਸੀ। ਜਿਸਨੂੰ ਹੁਣ ਸੀ ਬੀ ਆਈ ਹਵਾਲੇ ਕੀਤਾ ਜਾਵੇਗਾ ਜੋ ਕਿ ਇਸ ਕੇਸ ਦੀ ਜਾਂਚ ਕਰਨ ਜਾ ਰਹੀ ਹੈ। ਸਪੈਸ਼ਲ ਜਾਂਚ ਕਮੇਟੀ ਦੀ ਸ਼ਿਫਾਰਿਸ਼ 'ਤੇ ਹੀ ਇਹ ਐਫ ਆਈ ਆਰ ਦਰਜ ਹੋਈ ਸੀ। ਜਿਸਨੂੰ ਡਾਇਰੈਕਟਰ ਜਨਰਲ ਆਫ ਪੁਲਿਸ ਸਹੋਤਾ ਦੀ ਪ੍ਰਧਾਨਗੀ ਹੇਠ ਜਾਂਚ ਦੀ ਜ਼ਿੰਮੇਵਾਰੀ ਮਿਲੀ ਸੀ। ਐਫ ਆਈ ਆਰ ਵਿਚ ਸਾਹਮਣੇ ਆਇਆ ਕਿ ਜਿਸ ਪੁਲਿਸ ਟੀਮ ਨੇ ਗੋਲੀ ਚਲਾਈ ਸੀ ਉਸਦੀ ਅਗਵਾਈ ਮੋਗਾ ਦੇ ਐਸਐੱਸਪੀ ਚਰਨਜੀਤ ਸ਼ਰਮਾ ਕਰ ਰਹੇ ਸਨ। ਡੀਜੀਪੀ ਸੁਰੇਸ਼ ਅਰੋੜਾ ਨੇ ਇਸ ਗੱਲ 'ਤੇ ਮੁਹਰ ਲਗਾਈ ਕਿ ਐਫ ਆਈ ਆਰ ਕਿਸੇ ਵੀ ਪੁਲਿਸ ਵਾਲੇ ਦਾ ਨਾਮ ਲਿਖ ਕੇ ਦਰਜ ਨਹੀਂ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਹੀ ਐਫ ਆਈ ਆਰ ਵਿਚ ਸ਼ਰਮਾ ਤੇ ਹੋਰ ਪੁਲਿਸ ਵਾਲਿਆਂ ਦੇ ਨਾਮ ਦਰਜ ਹਨ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਸੂਬਾ ਗ੍ਰਹਿ ਮੰਤਰਾਲੇ ਨੇ 10 ਪੁਲਿਸ ਵਾਲਿਆਂ ਦਾ ਨਾਮ ਐਫ ਆਈ ਆਰ ਵਿਚ ਸ਼ਾਮਲ ਕਰਨ ਦਾ ਸੁਝਾਅ ਦਿੱਤਾ ਸੀ। ਇਹ ਪੁਲਿਸ ਵਾਲੇ ਸਨ ਮੋਗਾ ਦੇ ਐਸ ਐਸ ਪੀ ਚਰਨਜੀਤ ਸ਼ਰਮਾ, ਬਠਿੰਡਾ ਦੇ ਐਸ ਪੀ ਬਿਕਰਮਜੀਤ ਸਿੰਘ, ਇੰਸਪੈਕਟਰ ਪਰਦੀਪ ਸਿੰਘ ਤੇ ਹਰਪਾਲ ਸਿੰਘ, ਸਬ ਇੰਸਪੈਕਟਰ ਅਮਰਜੀਤ ਸਿੰਘ ਤੇ 4 ਹੋਰ ਕਾਂਸਟੇਬਲ ਹਨ। ਸੂਤਰਾਂ ਨੇ ਦੱਸਿਆ ਕਿ ਗ੍ਰਹਿ ਮੰਤਰਾਲੇ ਨੇ ਸੀਨੀਅਰ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕਸ ਦਰਜ ਕਰਨ ਦੀ ਗੱਲ ਕਹੀ ਸੀ। ਪਰ ਡੀ ਜੀ ਪੀ ਅਰੋੜਾ ਨੇ ਸਰਕਾਰ ਨੂੰ ਇਹ ਫ਼ੈਸਲਾ ਨਾ ਲੈਣ ਨੂੰ ਕਿਹਾ, ਕਿਉਂਕਿ ਇਸ ਨਾਲ ਪੁਲਿਸ ਫੋਰਸ ਦਾ ਰੁਤਬਾ ਘੱਟ ਜਾਵੇਗਾ।

ਨਾਲ ਹੀ ਇਹ ਵੀ ਤਰਕ ਰੱਖੇ ਜਾ ਰਹੇ ਹਨ ਕਿ ਖਾਲਿਸਤਾਨੀ ਪੱਖੀ ਮਾਹੌਲ ਦੀ ਗੱਲ ਹੋ ਰਹੀ ਹੈ। ਇਸ ਲਈ ਇਸ ਤਰ੍ਹਾਂ ਦੀ ਕਾਰਵਾਈ ਸਹੀ ਨਹੀਂ ਹੋਵੇਗੀ। ਸੀਨੀਅਰ ਅਧਿਕਾਰੀ ਕਹਿ ਰਹੇ ਹਨ ਕਿ ਉਸ ਸਮੇਂ 40 ਪੁਲਿਸ ਵਾਲਿਆਂ 'ਤੇ ਵੀ ਤਾਂ ਹਮਲਾ ਹੋਇਆ ਸੀ ਫ਼ਿਰ ਉਨ੍ਹਾਂ ਉੱਤੇ ਹਮਲਾ ਕਿਸਨੇ ਕੀਤਾ। ਇਸਦੀ ਕਿਉਂ ਜਾਂਚ ਨਹੀਂ ਹੋ ਰਹੀ।

ਹਾਲਾਂਕਿ, ਕੈਪਟਨ ਸਰਕਾਰ ਦਾ ਤਰਕ ਹੈ ਕਿ ਬਹਿਬਲ ਕਲਾਂ ਤੇ ਕੋਟਕਪੂਰਾ ਵਿੱਚ ਵਾਪਰੇ ਗੋਲ਼ੀ ਕਾਂਡ ਦੀ ਜਾਂਚ ਸੀਬੀਆਈ ਹਵਾਲੇ ਹੈ ਜਿਸ ਕਰਕੇ ਪੁਲਿਸ ਅਫ਼ਸਰਾਂ ਨੂੰ ਨਾਮਜ਼ਦ ਨਹੀਂ ਕੀਤਾ ਜਾ ਸਕਦਾ। ਕੈਪਟਨ ਸਰਕਾਰ ਦੇ ਯੂ-ਟਰਨ ਤੋਂ ਬਾਅਦ ਬਰਗਾੜੀ ਇਨਸਾਫ਼ ਮੋਰਚਾ ਦੇ ਆਗੂਆਂ ਵਿੱਚ ਰੋਸ ਹੈ। ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਪਹਿਲਾਂ ਬਾਦਲਾਂ ਨੇ ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ ਕੀਤਾ ਤੇ ਹੁਣ ਕੈਪਟਨ ਸਰਕਾਰ ਵੀ ਉਸੇ ਰਾਹ ਪੈ ਗਈ ਹੈ। ਧਰਨੇ 'ਤੇ ਬੈਠੇ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਕੈਪਟਨ ਸਰਕਾਰ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਜਨਤਕ ਕਰੇ ਤੇ ਕਮਿਸ਼ਨ ਵੱਲੋਂ ਗੋਲ਼ੀ ਕਾਂਡ ਲਈ ਜ਼ਿੰਮੇਵਾਰ ਠਹਿਰਾਏ ਗਏ ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸੀਬੀਆਈ ਨੂੰ ਜਾਂਚ ਦੇਣ ਦਾ ਮਤਲਬ ਇਨਸਾਫ਼ ਲਈ ਹੋਰ ਦੇਰੀ ਤੇ ਸਰਕਾਰ ਨੂੰ ਕਾਰਵਾਈ ਕਰਨੀ ਚਾਹੀਦੀ ਹੈ।

ਉੱਧਰ, ਅਕਤੂਬਰ 2015 ਦੇ ਧਰਨੇ ਦੌਰਾਨ ਪੁਲਿਸ ਦੀ ਗੋਲ਼ੀ ਕਾਰਨ ਜ਼ਖ਼ਮੀ ਹੋਏ ਬਰਨਾਲਾ ਵਾਸੀ ਅਜੀਤ ਸਿੰਘ ਨੇ ਕਿਹਾ ਕਿ ਉਸ ਦੇ ਬਿਆਨਾਂ ਨੂੰ ਸਹੀ ਤਰੀਕੇ ਨਾਲ ਦਰਜ ਨਹੀਂ ਕੀਤਾ ਗਿਆ ਹੈ। ਉਹ ਪਹਿਲਾਂ ਲੁਧਿਆਣਾ ਵਿੱਚ ਬਿਆਨ ਦਰਜ ਕਰਵਾ ਚੁੱਕਾ ਹੈ, ਪਰ ਪੁਲਿਸ ਨੇ ਲਿਖਿਆ ਹੈ ਕਿ ਅਜੀਤ ਸਿੰਘ ਦੇ ਬਿਆਨ ਪਹਿਲੀ ਵਾਰ ਦਰਜ ਕੀਤੇ ਜਾ ਰਹੇ ਹਨ। ਜਦਕਿ ਡੀਐਸਪੀ ਮਨਬੀਰ ਇੰਦਰ ਸਿੰਘ ਮੁਤਾਬਕ ਅਜੀਤ ਸਿੰਘ ਦੀ ਸਹਿਮਤੀ ਤੋਂ ਬਾਅਦ ਲਿਖਿਆ ਗਿਆ ਹੈ ਕਿ ਉਸ ਦੇ ਪਹਿਲਾਂ ਕਦੇ ਵੀ ਬਿਆਨ ਦਰਜ ਨਹੀਂ ਹੋਏ।

ਵਪਾਰ ਗਿਆਨ
ਤਕਨਾਲੋਜੀ
ਆਟੋਮੋਬਾਇਲ
ਗੈਜੇਟਸ

# ਤਕਨਾਲੋਜੀ ਸੰਸਾਰ



## ਡਾਟਾ ਲੀਕ ਨੂੰ ਰੋਕਣ ਲਈ ਫੇਸਬੁੱਕ ਨੇ ਕੀਤੇ ਇਹ 6 ਵੱਡੇ ਐਲਾਨ

ਲਗਾਤਾਰ ਕਈ ਦਿਨਾਂ ਤੋਂ ਫੇਸਬੁੱਕ ਡਾਟਾ ਲੀਕ ਬਹਿਸ ਤੋਂ ਬਾਅਦ ਹੁਣ ਇਹ ਤਾਂ ਸਾਫ ਹੋ ਗਿਆ ਹੈ ਕਿ ਫੇਸਬੁੱਕ ਦੇ ਕਰੋੜਾਂ ਯੂਜ਼ਰਸ ਦੇ ਡਾਟਾ ਦੀ ਗਲਤ ਵਰਤੋਂ ਕੀਤੀ ਗਈ ਹੈ। ਹੁਣ ਇਸ ਲਈ ਭਲੇ ਹੀ ਫੇਸਬੁੱਕ ਕੈਂਬਰਿਜ ਐਨਾਲਿਟਿਕਾ ਨੂੰ ਭਰੋਸਾ ਤੋੜਨ ਲਈ ਜ਼ਿੰਮੇਵਾਰ ਠਹਿਰਾਓ ਪਰ ਸੱਚ ਤਾਂ ਇਹੀ ਹੈ ਕਿ ਇਹ ਫੇਸਬੁੱਕ ਦੀ ਹੀ ਗਲਤੀ ਕਾਰਨ ਹੋਇਆ ਹੈ। ਹਾਲਾਂਕਿ ਇਸ ਗੱਲ ਨੂੰ ਕਿਤੇ ਨਾ ਕਿਤੇ ਫੇਸਬੁੱਕ ਸੀ.ਈ.ਓ. ਮਾਰਕ ਜ਼ੁਕਰਬਰਗ ਖੁਦ ਵੀ ਮੰਨਦੇ ਹਨ।ਭਵਿੱਖ 'ਚ ਅਜਿਹਾ ਨਾ ਹੋਵੇ ਇਸ ਲਈ ਫੇਸਬੁੱਕ ਸੀ.ਈ.ਓ. ਮਾਰਕ ਜ਼ੁਕਰਬਰਗ ਨੇ ਕੁਝ ਮਹੱਤਵਪੂਰਨ ਕਦਮਾਂ ਬਾਰੇ ਦੱਸਿਆ ਹੈ। ਸਭ ਤੋਂ ਪਹਿਲਾਂ ਫੇਸਬੁੱਕ ਇਕ ਅਜਿਹਾ ਟੂਲ ਲਿਆਏਗੀ ਜਿਸ ਨਾਲ ਯੂਜ਼ਰ ਇਹ ਜਾਣ ਸਕਣਗੇ ਕਿ ਉਨ੍ਹਾਂ ਦੇ ਡਾਟਾ ਦਾ ਗਲਤ ਇਸਤੇਮਾਲ ਹੋਇਆ ਹੈ ਜਾਂ ਨਹੀਂ।

ਪਲੇਟਫਾਰਮ ਰੀਵਿਊ- ਫੇਸਬੁੱਕ ਉਨ੍ਹਾਂ ਸਾਰੇ ਐਪਸ ਦੀ ਜਾਂਚ ਕਰੇਗੀ ਜੋ 2014 ਤੋਂ ਪਹਿਲਾਂ ਲੋਕਾਂ ਦਾ ਜ਼ਿਆਦਾ ਡਾਟਾ ਇਕੱਠਾ ਕਰਦੇ ਸਨ। ਕਿਉਂਕਿ 2014 'ਚ ਕੰਪਨੀ ਨੇ ਐਪ ਦੁਆਰਾ ਕੀਤੇ ਜਾਣ ਵਾਲੇ ਡਾਟਾ ਐਕਸੈਸ ਨੂੰ ਘੱਟ ਕੀਤਾ ਸੀ। ਇਸ ਲਈ ਫੇਸਬੁੱਕ ਨੇ ਕਿਹਾ ਹੈ ਕਿ ਕਿਸੇ ਵੀ ਐਪ ਜਿਸ 'ਤੇ ਸ਼ੱਕ ਹੋਵੇਗਾ ਫੁੱਲ ਐਡਿਟ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਬੈਨ ਵੀ ਕੀਤਾ ਜਾਵੇਗਾ।

ਡਾਟਾ ਦੇ ਗਲਤ ਇਸਤੇਮਾਲ ਬਾਰੇ ਲੋਕਾਂ ਨੂੰ ਦੱਸਣਾ- ਫੇਸਬੁੱਕ ਨੇ ਕਿਹਾ ਹੈ ਕਿ ਕੰਪਨੀ ਹੁਣ ਉਨ੍ਹਾਂ ਲੋਕਾਂ ਨੂੰ ਉਨ੍ਹਾਂ ਐਪਸ ਬਾਰੇ ਦੱਸੇਗੀ ਜਿਨ੍ਹਾਂ ਨੇ ਉਨ੍ਹਾਂ ਦੇ ਡਾਟਾ ਦਾ ਗਲਤ ਇਸਤੇਮਾਲ ਕੀਤਾ ਹੈ। ਜੇਕਰ ਫੇਸਬੁੱਕ ਅਜਿਹੇ ਐਪਸ ਨੂੰ ਹਟਾਉਂਦੀ ਹੈ ਜੋ ਯੂਜ਼ਰ ਡਾਟਾ ਦਾ ਗਲਤ ਇਸਤੇਮਾਲ ਕਰਦੇ ਹਨ ਤਾਂ ਅਜਿਹੀ ਹਾਲਤ 'ਚ ਉਹ ਸਾਰੇ ਯੂਜ਼ਰਸ ਨੂੰ ਇਸਦੀ ਜਾਣਕਾਰੀ ਦੇਵੇਗੀ। ਜਿਨ੍ਹਾਂ ਐਪਸ ਦੀ ਤੁਸੀਂ ਵਰਤੋਂ ਨਹੀਂ ਕਰਦੇ ਉਨ੍ਹਾਂ ਦਾ ਐਕਸੈਸ ਖਤਮ ਕੀਤਾ ਜਾਵੇਗਾ- ਜੇਕਰ ਕਿਸੇ ਨੇ ਪਿਛਲੇ ਤਿੰਨ ਮਹੀਨੇ ਤੋਂ ਫੇਸਬੁੱਕ 'ਤੇ ਕਿਸੇ ਐਪ ਦਾ ਇਸਤੇਮਾਲ ਨਹੀਂ ਕੀਤਾ ਹੈ ਤਾਂ ਉਸ ਦਾ ਐਕਸੈਸ ਖਤਮ ਕੀਤਾ ਜਾਵੇਗਾ ਤਾਂ ਜੋ ਜਾਣਕਾਰੀ ਉਸ ਦੇ ਨਾਲ ਸ਼ੇਅਰ ਨਾ ਹੋ ਸਕੇ। ਫੇਸਬੁੱਕ ਲਾਗ-ਇਨ ਡਾਟਾ ਨੂੰ ਰੈਸਟ੍ਰਿਕਟ ਕੀਤਾ ਜਾਵੇਗਾ- ਫੇਸਬੁੱਕ ਲਾਗ-ਇਨ 'ਚ ਬਦਲਾਅ ਹੋ ਰਿਹਾ ਹੈ, ਤਾਂ ਜੋ ਅਗਲੇ ਵਰਜਨ 'ਚ ਐਪਸ ਬਿਨਾਂ ਰੀਵਿਊ ਦੇ ਯੂਜ਼ਰਸ ਤੋਂ ਜ਼ਿਆਦਾ ਡਾਟਾ ਦੀ ਮੰਗ ਹੀ ਨਾ ਕਰ ਸਕਣ। ਇਸ ਵਿਚ ਯੂਜ਼ਰ ਦਾ ਨਾਂ, ਪ੍ਰੋਫਾਇਲ ਫੋਟੋ ਅਤੇ ਈ-ਮੇਲ ਐਡਰੈੱਸ ਸ਼ਾਮਿਲ ਹੈ। ਇਸ ਤੋਂ ਇਲਾਵਾ ਦੂਜੇ ਡਾਟਾ ਲਈ ਉਨ੍ਹਾਂ ਐਪਸ ਨੂੰ ਫੇਸਬੱਕ ਦੇ ਅਪਰੂਵਲ ਦੀ ਲੋੜ ਹੋਵੇਗੀ। ਲੋਕਾਂ ਨੂੰ ਐਪਸ ਨੂੰ ਮੈਨੇਜ ਕਰਨ ਲਈ ਦੱਸਣਾ- ਅਸੀਂ




ਅਜੇ ਵੀ ਲੋਕਾਂ ਨੂੰ ਇਹੀ ਦਿਖਾਉਂਦੇ ਹਾਂ ਕਿ ਉਨ੍ਹਾਂ ਦੇ ਅਕਾਊਂਟ ਨਾਲ ਕਿੰਨੇ ਐਪਸ ਕੁਨੈਕਟਿਡ ਹਨ ਅਤੇ ਯੂਜ਼ਰਸ ਨੇ ਜਿਨ੍ਹਾਂ ਜਾਣਕਾਰੀਆਂ ਨੂੰ ਉਨ੍ਹਾਂ ਐਪਸ ਦੇ ਨਾਲ ਸ਼ੇਅਰ ਕੀਤਾ ਹੈ ਉਸ ਨੂੰ ਕੰਟਰੋਲ ਕਰ ਸਕਦੇ ਹਨ। ਹੁਣ ਇਸ ਨੂੰ ਅਸੀਂ ਪਹਿਲਾਂ ਨਾਲੋਂ ਆਸਾਨ ਅਤੇ ਬਿਹਤਰ ਬਣਾਵਾਂਗੇ। ਫੇਸਬੁੱਕ 'ਚ ਖਾਮੀ ਲੱਭਣ ਵਾਲੇ ਨੂੰ ਇਨਾਮ- ਫੇਸਬੁੱਕ ਬਗ ਬਾਊਂਟੀ ਪ੍ਰੋਗਰਾਮ ਦਾ ਦਾਇਰਾ ਵਧਾਇਆ ਜਾਵੇਗਾ। ਐਪ ਡਿਵੈਲਪਰਜ਼ ਦੁਆਰਾ ਐਪਸ ਰਾਹੀਂ ਡਾਟਾ ਦੇ ਗਲਤ ਇਸਤੇਮਾਲ ਬਾਰੇ ਅਸੀਂ ਕੋਈ ਵੀ ਰਿਪੋਰਟ ਕਰ ਸਕਦੇ ਹਾਂ।

## ਦਿਲ ਨਾਲ ਜੁੜੀ ਬੀਮਾਰੀ ਦਾ 97 ਫੀਸਦੀ ਤਕ ਸਹੀ ਪਤਾ ਲਗਾਉਂਦੀ ਹੈ ਐਪਲ ਵਾਚ

ਇਕ ਸਟਡੀ ਦੌਰਾਨ ਪਤਾ ਲਗਾਇਆ ਗਿਆ ਹੈ ਕਿ ਐਪਲ ਵਾਚ ਹਾਰਟ ਅਟੈਕ ਅਤੇ ਸਟ੍ਰੋਕ ਦੇ ਮੁੱਖ ਕਾਰਨ ਏਟ੍ਰੀਅਲ ਫਿਬ੍ਰਿਲੇਸ਼ਨ ਦਾ ਸਮੇਂ ਤੋਂ ਪਹਿਲਾਂ ਲਗਾਉਣ ਅਤੇ ਬੀਮਾਰੀ ਨਾਲ ਜੁੜੀ ਸਹੀ ਜਾਣਕਾਰੀ ਦੇਣ 'ਚ ਸਮਰੱਥ ਹੈ। ਸਾਨ ਫ੍ਰਾਂਸਿਸਕੋ ਦੀ ਯੂਨੀਵਰਸਿਟੀ ਆਫ ਕੈਲੀਫੋਰਨੀਆ (UCSF) ਅਤੇ ਅਮਰੀਕੀ ਡਿਜੀਟਲ ਹੈਲਥ ਕੰਪਨੀ ਕਾਰਡੀਗ੍ਰਾਮ ਨੇ ਐਪਲ ਵਾਚ ਰਾਹੀਂ ਏਟ੍ਰੀਅਲ ਫਿਬ੍ਰਿਲੇਸ਼ਨ ਦਾ ਪਤਾ ਲਗਾਉਣ ਲਈ ਇਸ 'ਤੇ ਟੈਸਟ ਕੀਤਾ ਹੈ ਜਿਸ ਵਿਚ 97 ਫੀਸਦੀ ਤਕ ਸਹੀ ਨਤੀਜੇ ਪ੍ਰਾਪਤ ਹੋਏ ਹਨ।



**ਸਟਡੀ 'ਚ ਸ਼ਾਮਿਲ ਹੋਏ 9750 ਭਾਗੀਦਾਰ** ਇਸ ਸਟਡੀ 'ਚ 9750 ਭਾਗੀਦਾਰ ਸ਼ਾਮਿਲ ਕੀਤੇ ਗਏ ਜਿਨ੍ਹਾਂ 'ਚੋਂ 347 ਲੋਕਾਂ 'ਚ ਏਟ੍ਰੀਅਲ ਫਿਬ੍ਰਿਲੇਸ਼ਨ ਦੀ ਸਮੱਸਿਆ ਦਾ ਪਤਾ ਲਗਾਇਆ ਗਿਆ ਹੈ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਇਨ੍ਹਾਂ 'ਚ 36 ਫੀਸਦੀ ਪੁਰਸ਼ ਹਨ ਜਿਨ੍ਹਾਂ ਦੀ ਉਮਰ ਸਿਰਫ 42 ਸਾਲ ਹੀ ਹੈ। ਇਸ ਟੈਸਟ ਤੋਂ ਪਹਿਲਾਂ ਲੋਕਾਂ ਦੀ ਈ.ਸੀ.ਜੀ. ਕੀਤੀ ਗਈ ਅਤੇ ਇਸ ਦੇ ਡਾਟਾ ਨੂੰ ਐਪਲ ਵਾਚ ਦੇ ਡਾਟਾ ਨਾਲ ਮਿਲਾਇਆ ਗਿਆ ਜੋ 97 ਫੀਸਦੀ ਤਕ ਸਹੀ ਰਿਹਾ।

**ਕੀ ਹੈ ਏਟ੍ਰੀਅਲ ਫਿਬ੍ਰਿਲੇਸ਼ਨ** ਵਿਅਕਤੀ ਦਾ ਦਿਲ ਜਦੋਂ ਸਹੀ ਤਰੀਕੇ ਨਾਲ ਨਹੀਂ ਧੜਕਦਾ ਤਾਂ ਇਸ ਨਾਲ ਸਟ੍ਰੋਕ, ਹਾਰਟ ਫੇਲੀਅਰ ਅਤੇ ਦਿਲ ਨਾਲ ਜੁੜੀਆਂ ਹੋਰ ਬੀਮਾਰੀਆਂ ਦੇ ਹੋਣ ਦਾ ਖਤਰਾ ਪੈਂਦਾ ਹੋ ਜਾਂਦਾ ਹੈ ਜਿਸ ਨੂੰ ਏਟ੍ਰੀਅਲ ਫਿਬ੍ਰਿਲੇਸ਼ਨ ਕਹਿੰਦੇ ਹਨ। ਇਸ ਬੀਮਾਰੀ 'ਚ ਦਿਲ ਦੇ ਉੱਪਰ ਵਾਰੇ ਚੈਂਬਰ ਸਹੀ ਤਰੀਕੇ ਨਾਲ ਕੰਮ ਨਹੀਂ ਕਰਦੇ ਅਤੇ ਉਨ੍ਹਾਂ ਦਾ ਤਾਲਮੇਲ ਹੇਠਾਂ ਵਾਲੇ ਚੈਂਬਰ ਤੋਂ ਖਰਾਬ ਹੋ ਜਾਂਦਾ ਹੈ ਜਿਸ ਨਾਲ ਇਹ ਸਮੱਸਿਆ ਪੈਦਾ ਹੁੰਦੀ ਹੈ ਅਤੇ ਸਿ ਨਾਲ ਬਲੱਡ ਕਲਾਟ, ਸਟ੍ਰੋਕ ਅਤੇ ਹਾਰਟ ਫੇਲੀਅਰ ਹੋਣ ਦਾ ਡਰ ਵਧ ਜਾਂਦਾ ਹੈ।

## ਗੂਗਲ ਸਰਚ 'ਚ ਜਲਦ ਦਿਖੇਗਾ ਸ਼ਾਪਿੰਗ ਐਕਸ਼ਨ ਦਾ ਵਿਕਲਪ

ਨਵੀਂ ਦਿੱਲੀ—ਸਰਚ ਜੁਆਇੰਟ ਗੂਗਲ ਨੇ ਇਕ ਨਵਾਂ ਪ੍ਰੋਗਰਾਮ ਲਾਂਚ ਕੀਤਾ ਹੈ। ਕੰਪਨੀ ਨੇ ਇਸ ਪ੍ਰੋਗਰਾਮ ਨੂੰ ਸ਼ਾਪਿੰਗ ਐਕਸ਼ਨ ਦਾ ਨਾਂ ਦਿੱਤਾ ਹੈ। ਇਸ ਪ੍ਰੋਗਰਾਮ ਦੇ ਦੌਰਾਨ ਯੂਜ਼ਰਸ ਵਰਚੂਅਲ ਅਸੀਸਟੈਂਟ ਜ਼ਰੀਏ ਸ਼ਾਪਿੰਗ ਕਰ ਸਕਣਗੇ। ਇਸ ਦਾ ਮਤਲਬ ਇਹ ਹੈ ਕਿ ਹੁਣ ਗੂਗਲ ਅਸੀਸਟੈਂਟ ਡੈਕਸਟਾਪ, ਮੋਬਾਇਲ ਅਤੇ ਗੂਗਲ ਹੋਮ ਡਿਵਾਈਸੇਸ ਤੋਂ ਪ੍ਰੋਡਕਟਸ ਦੀ ਖਰੀਦਦਾਰੀ ਕੀਤੀ ਜਾ ਸਕੇਗੀ। ਦੱਸਣਯੋਗ ਹੈ ਕਿ ਹੁਣ ਇਹ ਪ੍ਰੋਗਰਾਮ ਅਮਰੀਕੀ ਰਿਟੇਲਰ ਲਈ ਸ਼ੁਰੂ ਕੀਤਾ ਗਿਆ ਹੈ।

**ਸੇਲ ਦੌਰਾਨ ਕਰ ਸਕੋਗੇ ਖਰੀਦਦਾਰੀ** ਇਸ ਪ੍ਰੋਗਰਾਮ 'ਚ ਸੇਲ ਦੌਰਾਨ ਹੀ ਖਰੀਦਦਾਰੀ ਕੀਤੀ ਜਾ ਸਕੇਗੀ। ਯੂਜ਼ਰਸ ਨੂੰ ਜਲਦ ਹੀ ਇਹ ਪ੍ਰੋਗਰਾਮ ਗੂਗਲ ਸਰਚ ਪੇਜ ਦੇ ਸ਼ਾਪਿੰਗ ਯੂਨਿਟ 'ਤੇ ਦਿਖਾਈ ਦੇਵੇਗਾ। ਯਾਨੀ ਕੀ ਹੁਣ ਗੂਗਲ 'ਤੇ ਕਿਸੇ ਪ੍ਰੋਡਕਟ ਨੂੰ ਸਰਚ ਕਰਨ ਤੋਂ ਬਾਅਦ ਉਸ ਨੂੰ ਤੁਰੰਤ ਉੱਥੋ ਮਾਤਰ ਇਕ ਕਲਿਕ 'ਚ ਖਰੀਦਿਆਂ ਜਾ ਸਕੇਗਾ। ਇਸ ਪ੍ਰੋਗਰਾਮ ਤਹਿਤ ਜਦ ਵੀ ਕੋਈ ਯੂਜ਼ਰ ਕਿਸੇ ਪ੍ਰੋਡਕਟ ਨੂੰ ਸਰਚ ਕਰੇਗਾ ਉਸ ਨੂੰ ਖਰੀਦਣ ਦਾ ਵਿਕਲਪ ਮਿਲੇਗਾ। ਇਸ ਦੇ ਬਦਲੇ ਰਿਟੇਲਰ ਗੂਗਲ ਨੂੰ ਹਰ ਖਰੀਦਦਾਰ 'ਤੇ ਪੈਸਾ ਦੇਵੇਗਾ।

**ਗੂਗਲ ਅਸਿਸਟੈਂਟ ਕਰੇਗਾ ਹਿੰਦੀ 'ਚ ਗੱਲ** ਦੱਸਣਯੋਗ ਹੈ ਕਿ ਗੂਗਲ ਅਸਿਸਟੈਂਟ ਹੁਣ ਹਿੰਦੀ 'ਚ ਵੀ ਉਪਲੱਬਧ ਹੋ ਗਿਆ ਹੈ। ਇਸ ਦਾ ਮਤਲਬ ਇਹ ਹੈ ਕਿ ਹੁਣ ਯੂਜ਼ਰਸ ਗੂਗਲ ਅਸਿਸਟੈਂਟ ਨੂੰ ਹਿੰਦੀ ਭਾਸ਼ਾ 'ਚ ਵੀ ਕਮਾਂਡ ਕਰ ਸਕਣਗੇ। ਯੂਜ਼ਰਸ ਅਲਾਰਮ ਸੈੱਟ ਕਰਨ ਤੋਂ ਲੈ ਕੇ ਫਾਸਟੈਸਟ ਰੂਟ ਲੱਭਣ ਤਕ ਲਈ ਗੂਗਲ ਅਸਿਸਟੈਂਟ ਤੋਂ ਹਿੰਦੀ 'ਚ ਪੁੱਛ ਸਕਦੇ ਹਨ। ਗੂਗਲ ਅਸਿਸਟੈਂਟ ਹਿੰਦੀ ਨੂੰ ਡਿਵਾਈਸ ਦੀ ਸੈਟਿੰਗ 'ਚ ਜਾ ਕੇ ਹਿੰਦੀ ਭਾਸ਼ਾ ਦੀ ਚੋਣ ਕਰ ਇਸਤੇਮਾਲ ਕੀਤਾ ਜਾ ਸਕਦੈ। ਇਸ ਤੋਂ ਬਾਅਦ ਯੂਜ਼ਰਸ ਨੂੰ ਗੂਗਲ ਸਰਚ ਐਪ ਦੇ ਲੇਟੈਸਟ ਵਰਜ਼ਨ ਨੂੰ ਅਪਡੇਟ ਕਰਨਾ ਹੋਵੇਗਾ।

## ਇਹ ਖਾਮੀ ਲੱਭਣ 'ਤੇ ਮਾਈਕ੍ਰੋਸਾਫਟ ਦੇਵੇਗੀ 1 ਕਰੋੜ 62 ਲੱਖ ਰੁਪਏ

ਟੈੱਕ ਦਿੱਗਜ ਮਾਈਕ੍ਰੋਸਾਫਟ ਨੇ ਇਕ ਲਿਮਟਿਡ ਬਾਊਂਟੀ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੈ। ਇਸ ਤਹਿਤ ਕੰਪਨੀ Meltdown ਅਤੇ Spectre ਵਰਗੀ ਸੀ.ਪੀ.ਯੂ. ਖਾਮੀ ਨੂੰ ਲੱਭਣ 'ਤੇ ਕੰਪਨੀ ਨੇ 2 ਲੱਖ 50 ਹਜ਼ਾਰ ਡਾਲਰ (ਕਰੀਬ 1 ਕਰੋੜ 62 ਲੱਖ ਰੁਪਏ) ਦਾ ਰਿਵਾਰਡ ਦੇਣ ਦਾ ਐਲਾਨ ਕੀਤਾ ਹੈ। ਮਾਈਕ੍ਰੋਸਾਫਟ ਮੁਤਾਬਕ ਇਸ ਨਵੇਂ ਤਰੀਕੇ ਦੀ ਖਾਮੀ ਨੂੰ ਜਨਵਰੀ 'ਚ ਲੱਭਿਆ ਗਿਆ ਸੀ ਅਤੇ ਰਿਸਰਚ ਫੀਲਡ 'ਚ ਇਹ ਅਹਿਮ ਹੈ। ਇਸੇ ਸਾਲ ਜਨਵਰੀ 'ਚ ਇੰਟੈਲ, ਏ.ਐੱਮ.ਡੀ. ਐਤ ਏ.ਆਰ.ਐੱਮ. ਦੇ ਪ੍ਰੋਸੈਸਰਜ਼ 'ਚ ਵੱਡੀ ਖਾਮੀ ਪਾਈ ਗਈ ਸੀ ਜਿਸ ਨੂੰ Spectre ਅਤੇ Meltdown ਦਾ ਨਾਂ ਦਿੱਤਾ ਗਿਆ। ਇਸ ਲਈ ਮਾਈਕ੍ਰੋਸਾਫਟ ਨੇ ਪੈਚ ਵੀ ਜਾਰੀ ਕੀਤਾ ਸੀ ਕਿਉਂਕਿ ਇਸ ਨਾਲ ਸਭ ਤੋਂ ਜ਼ਿਆਦਾ ਖਤਰਾ ਮਾਈਕ੍ਰੋਸਾਫਟ ਕੰਪਿਊਟਰ 'ਤੇ ਹੀ ਹੈ। ਮਾਈਕ੍ਰੋਸਾਫਟ ਨੇ ਆਪਣੇ ਅਧਿਕਾਰਤ ਬਲਾਗ 'ਚ ਕਿਹਾ ਹੈ ਕਿ ਥ੍ਰੈਟ ਦਾ ਵਾਤਾਵਰਣ ਬਦਲ ਰਿਹਾ ਹੈ ਅਤੇ ਇਸ ਲਈ ਅਸੀਂ ਬਾਊਂਟੀ ਪ੍ਰੋਗਰਾਮ ਸ਼ੁਰੂ ਕਰ ਰਹੇ ਹਾਂ ਤਾਂ ਜੋ ਰਿਸਰਚਰਸ ਨੂੰ ਨਵੇਂ ਤਰੀਕੇ ਦੀ ਖਾਮੀ ਲੱਭਣ ਲਈ ਉਤਸ਼ਾਹ ਮਿਲ ਸਕੇ। ਮਾਈਕ੍ਰੋਸਾਫਟ 'ਚ ਸਕਿਓਰਿਟੀ ਗਰੁੱਪ ਮੈਨੇਜਰ ਫਿਲਿਪ ਨੇ ਕਿਹਾ ਹੈ ਕਿ ਸਾਨੂੰ ਉਮੀਦ ਹੈ ਕਿ ਇਹ ਰਿਸਰਚ ਪਹਿਲਾਂ ਤੋਂ ਚੱਲ ਰਹੀ ਹੈ ਜਿਸ ਵਿਚ ਅਟੈਕ ਦੇ ਨਵੇਂ ਮੈਥਡ ਹੋਣਗੇ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਇਸ ਤਰ੍ਹਾਂ ਦੇ ਅਟੈਕ ਪੂਰੀ ਤਰ੍ਹਾਂ ਨਵੇਂ ਹਨ। ਇਸ ਬਗ ਬਾਊਂਟੀ ਪ੍ਰੋਗਰਾਮ ਦੀ ਆਖਰੀ ਤਰੀਕ 31 ਦਸੰਬਰ ਤਕ ਹੈ। ਮਾਈਕ੍ਰੋਸਾਫਟ ਦੁਆਰਾ ਚੁੱਕਿਆ ਗਿਆ ਇਹ ਕਦਮ ਆਉਣ ਵਾਲੇ ਸਮੇਂ 'ਚ ਅਜਿਹੇ ਹਮਲੇ ਤੋਂ ਬਚਣ 'ਚ ਮਦਦ ਕਰੇਗਾ।

## ਜਲਦੀ ਹੀ ਇੰਸਟਾਗ੍ਰਾਮ 'ਤੇ ਸ਼ੇਅਰ ਕਰ ਸਕੋਗੇ ਦੂਜੇ ਯੂਜ਼ਰ ਦੀ ਪੋਸਟ

ਫੋਟੋ ਸ਼ੇਅਰਿੰਗ ਪਲੇਟਫਾਰਮ ਇੰਸਟਾਗ੍ਰਾਮ ਦਾ ਇਸਤੇਮਾਲ ਦੁਨੀਆ ਭਰ 'ਚ ਕੀਤਾ ਜਾਂਦਾ ਹੈ। ਯੂਜ਼ਰਸ ਨੂੰ ਹੋਰ ਬਿਹਤਰ ਸੁਵਿਧਾ ਪ੍ਰਦਾਨ ਕਰਨ ਲਈ ਕੰਪਨੀ ਨਵੇਂ-ਨਵੇਂ ਫੀਚਰਸ ਪੇਸ਼ ਕਰਦੀ ਰਹਿੰਦੀ ਹੈ। ਹੁਣ ਜਲਦੀ ਹੀ ਤੁਸੀਂ ਇੰਸਟਾਗ੍ਰਾਮ ਸਟੋਰੀਜ਼ 'ਚ ਕਿਸੇ ਦੂਜੇ ਯੂਜ਼ਰ ਦੇ ਪੋਸਟ ਨੂੰ ਆਸਾਨੀ ਨਾਲ ਸ਼ੇਅਰ ਕਰ ਸਕੋਗੇ। ਇੰਸਟਾਗ੍ਰਾਮ 'ਚ ਦੂਜੇ ਯੂਜ਼ਰ ਦੇ ਪੋਸਟ ਨੂੰ ਸ਼ੇਅਰ ਕਰਨ ਦਾ ਫੀਚਰ 'See Post' ਦੇ ਨਾਂ ਨਾਲ ਹੋਵੇਗਾ। ਰਿਪੋਰਟ ਮੁਤਾਬਕ, ਇੰਸਟਾਗ੍ਰਾਮ ਕੁਝ ਯੂਜ਼ਰ ਦੇ ਨਾਲ ਇਸ ਫੀਚਰ ਦੀ ਟੈਸਟਿੰਗ ਕਰ ਰਿਹਾ ਹੈ। ਕੰਪਨੀ ਦੇ ਬੁਲਾਰੇ ਨੇ ਆਪਣੇ ਇਕ ਬਿਆਨ 'ਚ ਕਿਹਾ ਕਿ ਇੰਸਟਾਗ੍ਰਾਮ 'ਤੇ ਹਮੇਸ਼ਾ ਅਜਿਹਾ ਫੀਚਰ ਟੈਸਟ ਕਰਦੇ ਰਹਿੰਦੇ ਹਨ ਜਿਸ ਨਾਲ ਯੂਜ਼ਰ ਆਪਣੇ ਬਾਰੇ ਦੋਸਤਾਂ ਅਤੇ ਪਰਿਵਾਰ ਵਾਲਿਆਂ ਨੂੰ ਹਰ ਪਲ ਅਪਡੇਟ ਦਿੰਦੇ ਰਹਿਣ। ਦੱਸ ਦਈਏ ਕਿ ਇੰਸਟਾਗ੍ਰਾਮ 'ਤੇ ਸਟੋਰੀਜ਼ 'ਚ ਸ਼ੇਅਰ ਕਰਨ ਲਈ ਤੁਸੀਂ ਕਿਸੇ ਪੋਸਟ ਨੂੰ ਸਿਲੈਕ ਕਰੋ ਅਤੇ ਫਿਰ ਟੈਪ ਕਰਕੇ ਉਸ ਦਾ ਅੰਬੈਡ ਕੋਡ ਕਾਪੀ ਕਰ ਲਓ। ਫਿਰ ਇਸ ਤੋਂ ਬਾਅਦ ਆਪਣੀ ਸਟੋਰੀ 'ਚ ਅੰਬੈਡ ਕਰ ਦਿਓ। ਤੁਸੀਂ ਸਟੋਰੀਜ਼ 'ਚ ਪੋਸਟ ਦੀ ਡਿਜ਼ਾਇਨ ਨੂੰ ਬਦਲ ਸਕਦੇ ਹੋ। ਇਸ ਤੋਂ ਇਲਾਵਾ ਤੁਸੀਂ ਪੋਸਟ ਦਾ ਸਾਈਜ਼ ਅਤੇ ਪੋਜੀਸ਼ਨ ਨੂੰ ਆਪਣੇ ਹਿਸਾਬ ਨਾਲ ਐਡਜਸਟ ਕਰ ਸਕੋਗੇ।

## ਫੇਕ ਖਬਰਾਂ ਰੋਕਣ ਲਈ ਗੂਗਲ ਖਰਚ ਕਰਨ ਜਾ ਰਹੀ ਇੰਨੇ ਮਿਲੀਅਨ ਡਾਲਰ


ਆਨਲਾਈਨ ਫੇਕ ਨਿਊਜ਼ ਤੋਂ ਛੁਟਕਾਰਾ ਪਾਉਣ ਲਈ ਕੰਪਨੀਆਂ ਲਗਾਤਾਰ ਕੋਸ਼ਿਸ਼ਾਂ ਕਰਨ ਦੀ ਗੱਲ ਕਰ ਰਹੀਆਂ ਹਨ ਪਰ ਕੋਈ ਖਾਸ ਅਸਰ ਦੇਖਣ ਨੂੰ ਨਹੀਂ ਮਿਲ ਰਿਹਾ ਹੈ। ਗੂਗਲ ਨੇ ਇਕ ਨਵੀਂ ਪਹਿਲ ਕੀਤੀ ਹੈ ਜਿਸ ਦੇ ਤਹਿਤ ਕੰਪਨੀ ਨੇ ਕਿਹਾ ਕਿ ਉਹ 300 ਮਿਲੀਅਨ ਡਾਲਰ ਲਗਾਵੇਗੀ। ਇਸ ਦਾ ਮਕੱਸਦ ਨਿਊਜ਼ ਪਬਲੀਸ਼ਰਸ ਨਾਲ ਮਿਲ ਕੇ ਗਲਤ ਜਾਣਕਾਰੀਆਂ ਨੂੰ ਇੰਟਰਨੈੱਟ ਤੋਂ ਹਟਾਉਣ ਅਤੇ ਫੇਕ ਨਿਊਜ਼ ਨੂੰ ਰੋਕਣਾ ਹੈ। ਗੂਗਲ ਨੇ ਕਿਹਾ ਕਿ ਕੰਪਨੀ ਉਹ ਆਪਣੇ ਸਿਸਟਮ ਨੂੰ ਇਸ ਤਰ੍ਹਾਂ ਨਾਲ ਟਰੇਨ ਕਰ ਰਹੀ ਹੈ ਕਿ ਉਹ ਸਹੀ ਖਬਰਾਂ ਦੀ ਪਛਾਣ ਕਰਕੇ ਅਸਲੀ ਅਤੇ ਸਟੀਕ ਸਰਚ ਰਿਜਲਟ ਦਿਖਾ ਸਕੇ। ਉਦਾਹਰਣ ਦੇ ਤੌਰ 'ਤੇ ਹਾਲ ਹੀ 'ਚ ਗੂਗਲ ਨੇ ਟੈਸਟਿੰਗ ਦੇ ਮਕੱਸਦ ਨਾਲ ਯੂਟਿਊਬ 'ਚ ਬ੍ਰੇਕਿੰਗ ਨਿਊਜ਼ ਦਾ ਸੈਕਸ਼ਨ ਐਡ ਕੀਤਾ ਹੈ। ਗੂਗਲ ਨੇ ਇਕ ਨਵਾਂ ਪ੍ਰੋਗਰਾਮ ਸਬਸਕਾਈਬ ਵਿਦ ਗੂਗਲ ਲਾਂਚ ਕੀਤਾ ਹੈ। ਇਸ ਦੇ ਤਹਿਤ ਯੂਜ਼ਰਸ ਲਈ ਆਨਲਾਈਨ ਨਿਊਜ਼ ਸਾਈਟ ਨੂੰ ਸਬਸਕਰਾਈਬ ਕਰਨਾ ਆਸਾਨ ਹੋਵੇਗਾ। ਯੂਜ਼ਰਸ ਇਨ੍ਹਾਂ ਨਿਊਜ਼ ਵੈੱਬਸਾਈਟ ਨੂੰ ਇਨ੍ਹਾਂ ਨਿਊਜ਼ ਪੇਜ ਤੋਂ ਹੀ ਸਬਸਕਰਾਈਬ ਕਰ ਸਕਣਗੇ।

# 'ਫਰਜ਼ਾਂ ਤੋਂ ਭਗੌੜੇ ਹਿੰਦੂਤਵੀ ਸ਼ੋਅ-ਬਵਾਏ ਕੈਪਟਨ ਅਮਰਿੰਦਰ ਦੀਆਂ ਝੱਲ-ਵਲੱਲੀਆਂ'

ਲਗਭਗ ਡੇਢ ਸਾਲ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਬਣੇ ਕੈਪਟਨ ਅਮਰਿੰਦਰ ਨੇ ਚੋਣਾਂ ਤੋਂ ਪਹਿਲਾਂ ਦੇ ਆਪਣੇ ਹਰ ਵਾਅਦੇ ਨੂੰ ਪੂਰੀ ਤਰ੍ਹਾਂ ਤਾਰ-ਤਾਰ ਕੀਤਾ ਹੈ। ਉਸ ਨੇ ਜਿੱਥੇ ਹਿੰਦੂਤਵੀ ਵਿਚਾਰਧਾਰਾ ਦੇ ਵਫਾਦਾਰ ਸ਼ੋਅ-ਬਵਾਏ ਦਾ ਰੋਲ ਪੂਰੀ ਤਨਦੇਹੀ ਨਾਲ ਨਿਭਾਇਆ ਹੈ ਉੱਥੇ ਬਾਦਲ ਕੋੜਮੇ ਨੂੰ ਹਰ ਮੁਸ਼ਕਿਲ ਮੁਸੀਬਤ ਤੋਂ ਪੂਰੀ ਤਰ੍ਹਾਂ ਮਹਿਫੂਜ਼ ਰੱਖਿਆ ਹੈ। ਹੁਣ ਤਾਂ ਬਾਦਲ ਕੋੜਮੇ ਦੇ ਵਫਾਦਾਰ ਸੁੱਚਾ ਲੰਗਾਹ ਅਤੇ ਤੋਤਾ ਸਿੰਘ ਵੀ ਬਾਗੋ-ਬਾਗ ਹਨ ਕਿਉਂਕਿ ਕੈਪਟਨ ਦੀਆਂ ਮਿਹਰਬਾਨੀਆਂ ਸਦਕਾ ਦੋਹਾਂ ਨੂੰ ਤੱਤੀ ਵਾਅ ਨਹੀਂ ਲੱਗੀ। ਸੁੱਚੇ ਲੰਗਾਹ ਨੇ ਤਾਂ ਆਪਣੀ ਤਸ਼ਬੀਹ 'ਪੂਰਨ ਭਗਤ' ਨਾਲ ਕੀਤੀ ਹੈ, ਜਿਸ ਨੂੰ ਰਾਜਾ ਸਲਵਾਨ ਦੀ ਜਵਾਨ ਪਤਨੀ ਲੂਣਾ ਨੇ ਖਾਹਮਖਾਹ ਗੁਨਾਹਗਾਰ ਬਣਾ ਦਿੱਤਾ ਸੀ।

ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਹਮਣੇ ਖਲੋ ਕੇ ਗੁਟਕੇ 'ਤੇ ਹੱਥ ਰੱਖ ਕੇ ਸੌਂਹ ਖਾਣ ਵਾਲੇ ਅਮਰਿੰਦਰ ਦੇ ਡੇਢ ਸਾਲ ਦੇ ਰਾਜ ਵਿੱਚ ਡਰੱਗਜ਼ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਦੁੱਗਣੀ ਹੋਈ ਹੈ। ਕਿਸਾਨਾਂ ਸਿਰ ਬੈਂਕਾਂ, ਆੜ੍ਹਤੀਆਂ, ਸ਼ਾਹੂਕਾਰਾਂ ਦੇ ਸਮੁੱਚੇ ਕਰਜ਼ ਨੂੰ ਮਾਫ ਕਰਨ ਦੀਆਂ ਸੌਂਹਾਂ ਖਾਣ ਵਾਲੇ ਅਮਰਿੰਦਰ ਦੇ ਰਾਜ ਵਿੱਚ ਕਰਜ਼ਾ ਮਾਫ ਤਾਂ ਕੀ ਹੋਣਾ ਸੀ, ਕਿਸਾਨ ਆਤਮਘਾਤਾਂ ਦੀ ਗਿਣਤੀ ਜ਼ਰੂਰ ਦੁੱਗਣੀ ਹੋ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਅਸਲ ਦੋਸ਼ੀਆਂ ਨੂੰ ਫੜਨ ਅਤੇ ਬਹਿਬਲ ਕਲਾਂ, ਕੋਟਕਪੂਰਾ ਵਿੱਚ ਗੋਲੀ ਚਲਾਉਣ ਦੀਆਂ ਘਟਨਾਵਾਂ ਲਈ ਦੋਸ਼ੀ ਪੁਲਿਸ ਅਧਿਕਾਰੀਆਂ ਖਿਲਾਫ ਕਾਰਵਾਈ ਕਰਨ ਦੇ ਵਾਅਦੇ ਵੀ ਹਵਾ ਵਿੱਚ ਉੱਡ-ਪੁੱਡ ਗਏ ਹਨ। ਬਾਦਲ ਸਰਕਾਰ ਨੇ ਇਸ ਮੁੱਦੇ 'ਤੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਬਣਾ ਕੇ ਗੋਂਗਲੂਆਂ ਤੋਂ ਮਿੱਟੀ ਝਾੜੀ ਸੀ। ਕੈਪਟਨ ਅਮਰਿੰਦਰ ਨੇ ਇਸ ਸਬੰਧੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦਾ ਗਠਨ ਕੀਤਾ ਸੀ।

ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਕੁਝ ਅੰਸ਼ ਮੀਡੀਆ ਵਿੱਚ 'ਲੀਕ' ਕੀਤੇ ਗਏ। ਇਨ੍ਹਾਂ ਰਿਪੋਰਟਾਂ ਅਨੁਸਾਰ ਕਮਿਸ਼ਨ ਨੇ ਕੋਟਕਪੂਰਾ ਅਤੇ ਬਹਿਬਲ ਕਲਾਂ ਵਿੱਚ ਗੋਲੀ-ਚਲਾਉਣ ਲਈ ਉਤਲੀ ਪਰਤ ਤੋਂ ਹੇਠਲੀ ਪੱਧਰ ਤੱਕ ਜਿਨ੍ਹਾਂ ਦੀ ਨਿਸ਼ਾਨਦੇਹੀ ਕੀਤੀ, ਉਨ੍ਹਾਂ ਵਿੱਚ ਡੀ. ਜੀ. ਪੀ. ਸੁਮੇਧ ਸੈਣੀ, ਆਈ. ਜੀ. ਪਰਮਰਾਜ ਉਮਰਾਨੰਗਲ, ਡੀ. ਆਈ. ਜੀ. ਅਮਰ ਸਿੰਘ ਚਾਹਲ, ਤਿੰਨ ਐਸ. ਐਸ. ਪੀ. ਜਿਨ੍ਹਾਂ ਵਿੱਚ ਚਰਨਜੀਤ ਸ਼ਰਮਾ ਸ਼ਾਮਲ ਹੈ ਅਤੇ ਦੋ ਗੰਨਮੈਨਾਂ ਨੂੰ ਦੋਸ਼ੀ ਦੱਸਿਆ ਹੈ। ਰਿਪੋਰਟ ਅਨੁਸਾਰ ਕੋਟਕਪੂਰਾ ਗੋਲੀ ਚਲਾਉਣ ਤੋਂ ਪਹਿਲਾਂ ਸੁਮੇਧ ਸੈਣੀ ਦੀ 14 ਅਕਤੂਬਰ ਨੂੰ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਨਾਲ ਗੱਲਬਾਤ ਹੋਈ ਸੀ। ਭਾਵੇਂ ਜ਼ਿਲ੍ਹਾ ਅਧਿਕਾਰੀਆਂ ਵਲੋਂ ਗੋਲੀ ਨਾ ਚਲਾਉਣ ਦੀ ਪ੍ਰਜੀਸ਼ਨ ਲਈ ਗਈ ਸੀ ਪਰ ਫੇਰ ਕਿਸ ਦੇ ਹੁਕਮਾਂ 'ਤੇ ਗੋਲੀ ਚਲਾਈ ਗਈ? ਕੀ ਬਾਦਲਾਂ ਨੇ ਇਸ ਦੀ ਪ੍ਰਵਾਨਗੀ ਦਿੱਤੀ ਜਾਂ ਸੁਮੇਧ ਸੈਣੀ ਨੇ ਆਪਣੇ ਤੌਰ 'ਤੇ ਇਹ ਫੈਸਲਾ ਲਿਆ? ਸੁਮੇਧ ਸੈਣੀ ਨੂੰ ਕਮਿਸ਼ਨ ਵਲੋਂ ਤਿੰਨ ਵਾਰ ਤਲਬ ਕੀਤਾ ਗਿਆ ਪਰ ਉਹ ਹਾਜ਼ਰ ਨਹੀਂ ਹੋਇਆ। ਤੀਸਰੀ ਵਾਰ ਉਸ ਨੇ ਅਧੂਰਾ ਜਿਹਾ ਲਿਖਤੀ ਜਵਾਬ ਭੇਜਿਆ। ਕਮਿਸ਼ਨ ਅਨੁਸਾਰ ਕੁਝ ਦਿਨ ਪਹਿਲਾਂ, ਸੌਦਾ ਸਾਧ ਦੇ ਚੇਲਿਆਂ ਵਲੋਂ ਰੇਲ ਤੇ ਸੜਕ ਟਰੈਫਿਕ ਬੰਦ ਕੀਤਾ ਗਿਆ ਸੀ ਪਰ ਉਦੋਂ ਐਡਮਨਿਸਟਰੇਸ਼ਨ ਨੇ ਕੋਈ ਕਾਰਵਾਈ ਨਾ ਕੀਤੀ। ਪਰ ਹੁਣ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮੱਦੇਨਜ਼ਰ ਲੋਕਾਂ ਵਲੋਂ ਸ਼ਾਂਤਮਈ ਢੰਗ ਨਾਲ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕੀਤਾ ਜਾ ਰਿਹਾ ਸੀ, ਸੁਮੇਧ ਸੈਣੀ ਅਤੇ ਪੁਲਿਸ ਅਫਸਰਾਂ ਦੀ ਧਰਨਾ ਚੁਕਵਾਉਣ ਲਈ ਅੰਨ੍ਹੀ ਤਾਕਤ ਦੀ ਵਰਤੋਂ ਕਰਨ ਦੀ ਕੀ ਮਜ਼ਬੂਰੀ ਸੀ? ਕਮਿਸ਼ਨ ਵਲੋਂ ਇਨ੍ਹਾਂ ਸਾਰੇ ਅਧਿਕਾਰੀਆਂ ਦੇ ਖਿਲਾਫ ਕਾਰਵਾਈ ਦੀ ਸਿਫਾਰਸ਼ ਕੀਤੀ ਗਈ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਲਗਭਗ ਸਵਾ ਸਾਲ ਦੀ ਪੂਰੀ ਜਾਂਚ ਤੋਂ ਬਾਅਦ ਉਪਰੋਕਤ ਸਿੱਟਾ ਕੱਢਿਆ ਹੈ।



ਜੇ ਅਮਰਿੰਦਰ ਵਿੱਚ ਸੱਚ ਦਾ ਕਿਣਕਾ ਮਾਤਰ ਵੀ ਹੁੰਦਾ ਤਾਂ ਉਹ ਕਮਿਸ਼ਨ ਰਿਪੋਰਟ ਨੂੰ ਇੰਨ-ਬਿੰਨ ਮਨਜ਼ੂਰ ਕਰਦਿਆਂ ਦੋਸ਼ੀ ਪੁਲਿਸ ਅਫਸਰਾਂ ਦੇ ਖਿਲਾਫ ਫੌਰਨ ਕਾਰਵਾਈ ਕਰਦਿਆਂ ਉਨ੍ਹਾਂ ਦੀ ਗ੍ਰਿਫਤਾਰੀ ਦਾ ਹੁਕਮ ਚਾੜ੍ਹਦਾ। ਪਰ ਐਨ ਇਸ ਦੇ ਉਲਟ ਅਮਰਿੰਦਰ ਨੇ ਇਨ੍ਹਾਂ ਦੋਸ਼ੀਆਂ ਨੂੰ ਬਚਾਉਣ ਲਈ ਸਮੁੱਚੇ ਕੇਸ ਨੂੰ ਸੀ. ਬੀ. ਆਈ. ਦੇ ਹਵਾਲੇ ਕਰਨ ਦਾ ਐਲਾਨ ਕੀਤਾ ਹੈ। ਕੀ ਇਹ ਬਾਦਲ ਕੋੜਮੇ ਨੂੰ ਬਚਾਉਣ ਅਤੇ ਹਿੰਦੂਤਵੀ ਏਜੰਡੇ ਦੇ ਤਹਿਤ ਨਹੀਂ ਕੀਤਾ ਗਿਆ? ਯਾਦ ਰਹੇ, ਜਦੋਂ 'ਚਿੱਟੇ ਦਾ ਬਾਦਸ਼ਾਹ' ਬਿਕਰਮ ਮਜੀਠੀਆ, ਡਰੱਗ ਐਨਫੋਰਸਮੈਂਟ ਏਜੰਸੀ ਵਲੋਂ ਤਲਬ ਕੀਤਾ ਗਿਆ ਸੀ ਤਾਂ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵੇ ਨੇ ਮੰਗ ਕੀਤੀ ਸੀ ਕਿ ਇਹ ਕੇਸ ਸੀ. ਬੀ. ਆਈ. ਨੂੰ ਸੌਂਪਿਆ ਜਾਵੇ। ਆਪਣੀ ਪਾਰਟੀ ਦੇ ਲੀਡਰ ਖਿਲਾਫ ਜਾਂਦਿਆਂ ਕੈਪਟਨ ਨੇ ਕਿਹਾ ਸੀ ਕਿ 'ਸਟੇਟ ਦੀਆਂ ਏਜੰਸੀਆਂ ਹਰ ਕਿਸਮ ਦੇ ਕੇਸ ਨੂੰ ਹੱਲ ਕਰਨ ਦੀ ਸਮਰੱਥਾ ਰੱਖਦੀਆਂ ਹਨ ਸੀ. ਬੀ. ਆਈ. ਨੂੰ ਕੇਸ ਦੇਣ ਦੀ ਕੋਈ ਲੋੜ ਨਹੀਂ ਹੈ।' ਪਰ ਹੁਣ ਇਹ ਹੀ ਅਮਰਿੰਦਰ ਤੱਥ ਭਰਪੂਰ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਅਮਲ-ਦਰਾਮਦ ਕਰਨ ਦੀ ਥਾਂ, ਇਸ ਕੇਸ ਨੂੰ ਗਧੀ ਗੇੜ ਵਿੱਚ ਪਾਉਣ ਲਈ ਸੀ. ਬੀ. ਆਈ. ਦੇ ਹਵਾਲੇ ਕਰ ਰਿਹਾ ਹੈ।

ਇਸ ਤੋਂ ਵੱਡੀ ਬਦ-ਦਿਆਨਤੀ ਕੀ ਹੋ ਸਕਦੀ ਹੈ?

ਫਰਜ਼ਾਂ ਤੋਂ ਭਗੌੜਾ, ਕੈਪਟਨ ਅਮਰਿੰਦਰ, ਹਿੰਦੂਤਵੀਆਂ ਨੂੰ ਖੁਸ਼ ਰੱਖਣ ਲਈ ਸਿੱਖ ਅਜ਼ਾਦੀ ਦੇ ਮੁੱਦੇ 'ਤੇ ਪੂਰੇ ਭੰਡ ਦਾ ਰੋਲ ਅਦਾ ਕਰਦਾ ਹੈ। ਸਿੱਖਸ ਫਾਰ ਜਸਟਿਸ ਵਲੋਂ ਰਿਫਰੈਂਡਮ 2020 ਦੀ ਮੁਹਿੰਮ ਦੇ ਤਹਿਤ, 12 ਅਗਸਤ ਨੂੰ ਲੰਡਨ ਯੂ. ਕੇ. ਵਿੱਚ ਅਜ਼ਾਦੀ ਰੈਲੀ ਰੱਖੀ ਗਈ ਹੈ। ਭਾਰਤ ਸਰਕਾਰ ਦੇ ਦਬਾਅ ਦੇ ਬਾਵਜੂਦ ਯੂ. ਕੇ. ਸਰਕਾਰ ਨੇ ਇਸ 'ਤੇ ਪਾਬੰਦੀ ਲਾਉਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ 'ਸ਼ਾਂਤਮਈ ਤਰੀਕੇ ਨਾਲ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦਾ ਹਰ ਇੱਕ ਨੂੰ ਹੱਕ ਹਾਸਲ ਹੈ।' ਜ਼ਾਹਰ ਹੈ ਕਿ 30 ਮਿਲੀਅਨ ਸਿੱਖ ਕੌਮ, ਯੂ. ਐਨ. ਚਾਰਟਰ ਦੇ 'ਸਵੈ-ਨਿਰਣੇ ਦੇ ਹੱਕ' ਦੀ ਪੰਜਾਬ ਵਿੱਚ ਵਰਤੋਂ ਕਰਦਿਆਂ, ਅਜ਼ਾਦ ਦੇਸ਼ ਖਾਲਿਸਤਾਨ ਦੀ ਸਿਰਜਣਾ ਚਾਹੁੰਦੀ ਹੈ। ਪੰਜ ਮੈਂਬਰੀ ਪੰਥਕ ਕਮੇਟੀ ਵਲੋਂ 29 ਅਪ੍ਰੈਲ, 1986 ਦੇ ਖਾਲਿਸਤਾਨ ਦੇ ਐਲਾਨਨਾਮੇ ਦੇ ਤਹਿਤ 32 ਵਰ੍ਹੇ ਪਹਿਲਾਂ ਕੌਮ ਦਾ ਨਿਸ਼ਾਨਾ ਮਿੱਥਿਆ ਹੋਇਆ ਹੈ।

ਸਿੱਖਸ ਫਾਰ ਜਸਟਿਸ ਦੀ ਮੁਹਿੰਮ ਦੇ ਤਹਿਤ ਰੈਲੀ ਲਈ ਪੰਜਾਬ ਵਿੱਚੋਂ ਲੰਡਨ ਆਉਣ ਵਾਲਿਆਂ ਨੂੰ ਰਾਹਦਾਰੀ ਅਤੇ ਟਿਕਟ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ। ਪ੍ਰੈੱਸ-ਕਾਨਫਰੰਸ ਵਿੱਚ ਕੈਪਟਨ ਤੋਂ ਜਦੋਂ ਲੰਡਨ ਰੈਲੀ ਸਬੰਧੀ ਸਵਾਲ ਪੁੱਛੇ ਗਏ ਤਾਂ ਉਹ ਬੁਖਲਾਹਟ ਵਿੱਚ ਝੱਲ-ਵਲੱਲੀਆਂ ਮਾਰਨ ਲੱਗ ਪਿਆ।

ਇੱਕ ਪਾਸੇ ਉਸ ਨੇ ਕਿਹਾ ਕਿ ਦੱਸੋ ਭਾਰਤ ਦੇ ਕਿਹੜੇ ਸੂਬੇ ਵਿੱਚ ਸਿੱਖ ਖੁਸ਼ਹਾਲ ਨਹੀਂ ਹਨ ਅਤੇ ਦੂਸਰੇ ਪਾਸੇ ਕਹਿ ਰਿਹਾ ਸੀ ਕਿ ਸ਼ਿਲਾਂਗ (ਮੇਘਾਲਿਆ) ਦੇ ਪੀੜਤ ਸਿੱਖਾਂ ਲਈ ਸਰਕਾਰ ਨੇ 50 ਲੱਖ ਰੁਪਏ ਦੀ ਧਨ-ਰਾਸ਼ੀ ਰੱਖੀ ਹੈ। ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਲਈ ਉਸ ਨੇ ਬੜੀ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ, ਜਿਹੜੀ ਉਸ ਦੀ ਘਟੀਆ ਸੋਚਣੀ ਦਰਸਾਉਂਦੀ ਹੈ। ਫਿਰ ਉਸ ਨੇ ਬੜੀ ਸ਼ੇਖੀ ਮਾਰਦਿਆਂ ਕਿਹਾ ਕਿ ਮੈਂ ਰੋਜ਼ਾਨਾ ਇੱਕ ਘੰਟਾ ਸੋਸ਼ਲ ਮੀਡੀਆ ਵੇਖਦਾ ਹਾਂ। ਉਸ ਨੇ ਪੱਤਰਕਾਰਾਂ ਨੂੰ ਮੋੜਵਾਂ ਸਵਾਲ ਕੀਤਾ, 'ਕੀ ਤੁਸੀਂ ਟੀ. ਵੀ. '84 ਵੇਖਿਆ ਹੈ? ਸਿਰਫ 100 ਕੁ ਲੋਕ ਇਸ ਨੂੰ ਫੌਲੋ ਕਰਦੇ ਹਨ, ਕਰਨ ਦਿਓ।'

ਪਾਠਕਜਨ! ਕੈਪਟਨ ਅਮਰਿੰਦਰ ਦੀਆਂ ਉਪਰਲੀਆਂ ਬੇਥਵੀਆਂ ਕਿਸ ਗੱਲ ਦਾ ਸੰਕੇਤ ਦਿੰਦੀਆਂ ਹਨ? ਹਿੰਦੂਤਵੀਆਂ ਨੂੰ ਖੁਸ਼ ਰੱਖਣ ਦੀ ਦੌੜ ਵਿੱਚ ਇਹ ਆਪਣੇ ਪੁਰਖਿਆਂ ਆਲਾ ਸਿੰਘ ਤੋਂ ਲੈ ਕੇ ਯਾਦਵਿੰਦਰ ਸਿੰਘ ਤੱਕ ਦੇ ਨਕਸ਼ੇ-ਕਦਮਾਂ 'ਤੇ ਤੁਰ ਨਿਕਲਿਆ ਹੈ। ਆਲਾ ਸਿੰਘ ਨੂੰ 'ਰਾਜਾ' ਦਾ ਖਿਤਾਬ ਅਹਿਮਦ ਸ਼ਾਹ ਅਬਦਾਲੀ ਨੇ ਦਿੱਤਾ ਸੀ। ਵੱਡੇ ਘੱਲੂਘਾਰੇ ਵੇਲੇ ਇਨ੍ਹਾਂ ਨੇ ਅਬਦਾਲੀ ਦੀ ਮੱਦਦ ਕੀਤੀ ਸੀ। 1809 ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਅੰਗਰੇਜ਼ਾਂ ਨਾਲ 'ਅੰਮ੍ਰਿਤਸਰ ਦੀ ਸੰਧੀ' ਇਸ ਲਈ ਕਰਨੀ ਪਈ ਸੀ ਕਿਉਂਕਿ ਅਮਰਿੰਦਰ ਦੇ ਵਡੇਰੇ ਅੰਗਰੇਜ਼ਾਂ ਦੀ ਸ਼ਰਨ ਵਿੱਚ ਚਲੇ ਗਏ ਸਨ। ਸਿੱਖ-ਅੰਗਰੇਜ਼ ਜੰਗਾਂ ਵੇਲੇ ਇਹ ਅੰਗਰੇਜ਼ਾਂ ਦੇ ਨਾਲ ਸਨ। 1849 ਤੋਂ 1947 ਤੱਕ ਸਿੱਖ ਕੌਮ ਅੰਗਰੇਜ਼ਾਂ ਤੋਂ ਅਜ਼ਾਦੀ ਲੈਣ ਲਈ ਫਾਂਸੀਆਂ ਦੇ ਰੱਸੇ ਚੁੰਮ ਰਹੇ ਸਨ ਅਤੇ ਇਹਦਾ ਦਾਦਾ ਭੁਪਿੰਦਰ ਸਿੰਘ ਆਪਣੇ ਹਰਮ ਵਿੱਚ ਸੈਂਕੜੇ ਔਰਤਾਂ ਨੂੰ ਕੈਦ ਕਰੀ ਬੈਠਾ ਸੀ। ਅਮਰਿੰਦਰ ਦੇ ਬਾਪ, ਯਾਦਵਿੰਦਰ ਸਿੰਘ ਨੇ, ਜਿਹੜਾ ਕਿ 570 ਰਾਜਿਆਂ -ਬਾਦਸ਼ਾਹਾਂ ਦੇ 'ਚੈਂਬਰ' ਦਾ ਪ੍ਰਧਾਨ (ਚਾਂਸਲਰ) ਸੀ, ਨੇ ਬਿਨ੍ਹਾਂ ਕਿਸੇ ਨੂੰ ਪੁੱਛਿਆਂ-ਦੱਸਿਆਂ ਆਪਣੀ ਰਿਆਸਤ, ਭਾਰਤ ਦੇ ਹਵਾਲੇ ਕਰ ਦਿੱਤੀ ਸੀ। ਜੇ 1947 ਵਿੱਚ ਸਿੱਖ ਸਟੇਟ ਨਾ ਬਣਨ ਦੇਣ ਲਈ ਮਾਸਟਰ ਤਾਰਾ ਸਿੰਘ ਅਤੇ ਬਲਦੇਵ ਸਿੰਘ ਦੋਸ਼ੀ ਹਨ ਤਾਂ ਯਾਦਵਿੰਦਰ ਸਿੰਘ ਵੀ ਬਰਾਬਰ ਦਾ ਦੋਸ਼ੀ ਹੈ, ਜਿਸ ਨੇ ਕਾਇਦੇ-ਆਜ਼ਮ ਜਿਨਾਹ ਦੀ ਪੇਸ਼ਕਸ਼ ਤੇ ਮਿਲਣੀ ਦਾ ਭੇਦ ਨਹਿਰੂ ਕੋਲ ਖੋਲ੍ਹ ਦਿੱਤਾ ਸੀ, ਜਿਸ ਸਬੰਧੀ ਵਾਇਸਰਾਏ ਲਾਰਡ ਵਾਵੇਲ ਨੇ ਆਪਣੀ ਡਾਇਰੀ ਵਿੱਚ ਲਿਖਿਆ ਸੀ, 'ਇਹ ਵੇਖਣ ਚਾਖਣ ਨੂੰ ਤਾਂ ਸੋਹਣਾ ਹੈ, ਪਰ ਹੈ ਪੁੱਜ ਕੇ ਬੇਈਮਾਨ ਤੇ ਬੇਇਤਬਾਰ।' ਅਮਰਿੰਦਰ ਦੀ ਬੇਈਮਾਨੀ ਤੇ ਬਦਕਾਰੀ ਦੀ ਕਹਾਣੀ ਦਾ ਹਰ ਇੱਕ ਵਰਕਾ ਇਸ ਨੂੰ ਆਪਣੇ ਪੁਰਖਿਆਂ ਦਾ 'ਸੱਚਾ ਵਾਰਸ' ਸਾਬਤ ਕਰਦਾ ਹੈ। ਇਹ 'ਮਨ ਹੋਰ, ਮੁੱਖ ਹੋਰ', ਨਸਲ ਦੇ ਕੱਚੇ-ਪਿੱਲੇ ਹਰਦੂ-ਲਾਹਣਤ ਦੇ ਹੀ ਹੱਕਦਾਰ ਹੁੰਦੇ ਹਨ।

**-ਡਾ. ਅਮਰਜੀਤ ਸਿੰਘ**

# ਕੌਣ ਲਵੇਗਾ ਪੰਜਾਬ ਦੇ ਵਪਾਰੀਆਂ ਦੀ ਸਾਰ?

ਵਡੇ ਕਾਰੋਬਾਰੀ ਸਰਕਾਰ ਦੀਆਂ ਵਖ ਵਖ ਗਤਿਵਿਧਿਆਂ ਵਿਚ ਯੋਗਦਾਨ ਪਾਉਂਦੇ ਹਨ ,ਫਿਰ ਭੀ ਦੁਕਾਨਦਾਰਾਂ ਨੂੰ ਸਰਕਾਰ ਵਲੋਂ ਕੋਈ ਸਹੂਲਤ ਨਹੀਂ ਦਿਤੀ ਜਾਂਦੀ, ਨਾ ਹੀ ਕੋਈ ਖਿਾਸ ਸਹੂਲਤ ਮਿਲਦੀ ਅਤੇ ਨਾ ਹੀ ਦੁਕਾਨਦਾਰਾਂ ਲਈ ਕੋਈ ਭਵਿਖ ਲਈ ਉਸਾਰੂ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਅਤੇ ਨਾ ਹੀ ਕਰਨ ਦੀ ਕੋਈ ਸੰਭਾਵਨਾ ਹੈ। ਦੁਕਾਨਦਾਰ ਭਾਵੇ 80 ਸਾਲ ਦਾ ਹੋ ਜਾਵੇ ਉਹ ਕਦੇ ਸੇਵਾ ਮੁਕਤ ਨਹੀਂ ਹੁੰਦਾ , ਕਿਉਂ ਕਿ ਦੁਕਾਨਦਾਰ ਨੂੰ ਬੁਢਾਪੇ ਵਿਚ ਸਰਕਾਰ ਪਾਸੋ ਕੋਈ ਸਹੂਲਤ ਨਾ ਮਿਲਣ ਕਾਰਨ ਮਿਹਨਤ ਕਰਕੇ ਹੀ ਰੋਟੀ ਖਾਣੀ ਪੈਂਦੀ ਹੈ। .

ਛੇਵਾਂ ਕਾਰਨ ਜੋ ਸਭ ਤੋਂ ਅਹਿਮ ਤੇ ਮਹਤਵਪੂਰਨ ਹੈ,ਉਹ ਹੈ ਕਿ ਅਜ ਦੁਕਾਨਦਾਰਾਂ ਦੀ ਸੁਰਖਿਆ ਭੀ ਖ਼ਤਰੇ ਵਿਚ ਹੈ । ਭਰੇ ਬਾਜ਼ਾਰ ਵਿਚ ਦੁਕਾਨ ਕਰਦਾ ਦੁਕਾਨਦਾਰ ਭੀ ਆਪਣੇ ਆਪ ਨੂੰ ਸੁਰਖਿਅਤ ਮਹਿਸੂਸ ਨਹੀਂ ਕਰਦਾ । ਕਿਉਂ ਕਿ ਭਰੇ ਬਾਜ਼ਾਰਾਂ ਵਿਚ ਦੁਕਾਨਦਾਰਾਂ ਨਾਲ ਹੋ ਰਹੇ ਹਾਦਸਿਆਂ ਨੇ ਦੁਕਾਨਦਾਰਾਂ ਦੇ ਮਨਾਂ ਵਿਚ ਸਹਿਮ ਦਾ ਮਾਹੌਲ ਪੈਦਾ ਕਰ ਦਿਤਾ ਹੈ। ਅਤੇ ਦੁਕਾਨਦਾਰ ਆਪਣੇ ਆਪ ਨੂੰ ਕਮਜ਼ੋਰ ਮਹਿਸੂਸ ਕਰਦਾ ਹੈ । ਤੇ ਅਜ ਇਕਲੇ ਵਿਅਕਤੀ ਦੀ ਦੁਕਾਨਦਾਰੀ ਨਹੀਂ ਰਹੀ , ਵਪਾਰ ਮੰਡਲ ਕਮਜ਼ੋਰ ਅਤੇ ਸਖ਼ਤ ਨਾ ਹੋਣ ਕਾਰਨ ਜੇਕਰ ਕੋਈ ਭੀ ਵਿਅਕਤੀ ਦੁਕਾਨਦਾਰ ਨਾਲ ਵਾਰਦਾਤ ਕਰ ਕੇ ਚਲਾ ਜਾਵੇ ਤਾਂ ਫਿਰ ਉਸਨੂੰ ਆਪਣੀ ਹਿਫਾਜਤ , ਪੁਲਿਸ ਕਾਰਵਾਈ ਅਤੇ ਪ੍ਰਸ਼ਾਸਨਿਕ ਕਾਰਵਾਈ ਲਈ ਕਿਸੇ ਰਾਜਨੀਤਿਕ ਆਗੂ ਦਾ ਸਹਾਰਾ ਲੈਣਾ ਪੈਂਦਾ ਹੈ । ਜੇਕਰ ਵਪਾਰ ਮੰਡਲ ਦੁਕਾਨਦਾਰਾਂ ਦੇ ਹਕਾਂ ਲਈ ਪੂਰੀ ਤਰਾਂ ਨਾਲ ਖੜਾ ਹੋਵੇ ਤਾਂ ਕਿਸੇ ਦੀ ਹਿੰਮਤ ਨਹੀਂ ਕਿ ਉਹ ਦੁਕਾਨਦਾਰਾਂ ਨਾਲ ਗਲਤ ਪੇਸ਼ ਆਵੇ । ਪਿਛਲੇ ਦਿਨੀ ਪੰਜਾਬ ਦੇ ਜਿਲਾ ਮੋਹਾਲੀ ਦੇ ਸ਼ਹਿਰ ਕੁਰਾਲੀ ਵਿਖੇ ਦੁਕਾਨਦਾਰਾਂ ਨਾਲ ਹੋਏ ਵਖ ਵਖ ਹਾਦਸਿਆਂ ਅਤੇ ਰੋਪੜ ਦੇ ਚਮਕੌਰ ਸਾਹਿਬ ਵਿਖੇ ਦੁਕਾਨਦਾਰ ਨਾਲ ਹੋਏ ਹਾਦਸੇ ਨੇ ਦੁਕਾਨਦਾਰਾ ਦੀ ਸੁਰਖਿਆ ਤੇ ਸਵਾਲੀਆ ਨਿਸ਼ਾਨ ਲਗਾ ਦਿਤਾ ਹੈ । ਕਿ ਅਜ ਦੁਕਾਨਦਾਰਾਂ ਦੀ ਸੁਰਖਿਆ ਖ਼ਤਰੇ ਵਿਚ ਹੈ । ਦੁਕਾਨਦਾਰਾਂ ਦੀ ਸੁਰਖਿਆ ਲਈ ਪ੍ਰਸ਼ਾਸਨ ਅਤੇ ਸਰਕਾਰ ਨੂੰ ਉਚਿਤ ਕਦਮ ਚੁਕਣੇ ਚਾਹੀਦੇ ਹਨ । ਤਾ ਕਿ ਅਗੇ ਭਵਿਖ ਵਿਚ ਦੁਕਾਨਦਾਰਾਂ ਨਾਲ ਇਵੇਂ ਦੇ ਹਾਦਸੇ ਨਾ ਵਾਪਰ ਸਕਣ। ਪਹਿਲਾ ਦੁਕਾਨਦਾਰੀ ਦਾ ਕੀਤਾ ਸਭ ਤੋਂ ਉਤਮ ਸਮਝਿਆ ਜਾਂਦਾ ਸੀ। ਸਮਾਜ ਵਿਚ ਦੁਕਾਨਦਾਰ ਨੂੰ ਬਹੁਤ ਇਜਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ। ਗ੍ਰਾਹਕ ਦੁਕਾਨਦਾਰ ਨੂੰ ਆਪਣਾ ਰਬ ਸਮਜਦਾ ਸੀ, ਕਿਉ ਕਿ ਜਰੂਰਤ ਵੇਲੇ ਦੁਕਾਨਦਾਰ ਹੀ ਗ੍ਰਾਹਕ ਦੀ ਜਰੂਰਤ ਨੂੰ ਪੂਰਾ ਕਰਦਾ ਸੀ । ਪਰ ਅਜ ਸਮਾਂ ਬਿਲਕੁਲ ਬਦਲ ਗਿਆ , ਗ੍ਰਾਹਕ ਦੁਕਾਨਦਾਰ ਦੀ ਇਜਤ ਤਾ ਬਹੁਤ ਦੂਰ ਸਗੋਂ ਦੁਕਾਨਦਾਰ ਤੋਂ ਚੀਜ ਖਰੀਦ ਕੇ ਉਸ ਉਤੇ ਅਹਿਸਾਨ ਸਮਜਦਾ ਹੈ । ਦੁਕਾਨਦਾਰ ਨਾਲ ਛੋਟੀ ਛੋਟੀ ਗਲ ਨੂੰ ਲੈ ਕੇ ਬਹਿਸ ਬਾਜੀ ਕਰਨਾ ਆਪਣੀ ਸ਼ਾਨ ਸਮਜਦਾ ਹੈ। ਇਸ ਲਈ ਅਜ ਸਭ ਤੋਂ ਪਹਿਲਾ ਤਾ ਦੁਕਾਨਦਾਰ ਵਰਗ ਨੂੰ ਆਪਣੀ ਹਿਫਾਜਤ ਲਈ ਇਕਠਾ ਹੋਣਾ ਪਵੇਗਾ। ਦੁਕਾਨਦਾਰਾਂ ਨੂੰ ਅਜਿਹੇ ਵਪਾਰਕ ਮੰਡਲ ਦਾ ਨਿਰਮਾਣ ਕਰਨਾ ਪਵੇਗਾ ਜੋ ਪ੍ਰਸ਼ਾਸਨ ਅਤੇ ਸਰਕਾਰ ਅਗੇ ਆਪਣੀ ਜਰੂਰਤ ਅਤੇ ਤਾਕਤ ਦਾ ਪ੍ਰਦਰਸ਼ਨ ਕਰ ਸਕੇ ਅਤੇ ਆਪਣੀਆਂ ਮੰਗਾ ਪੂਰੀਆ ਕਰਵਾ ਸਕੇ । ਦੁਕਾਨਦਾਰਾਂ ਦਾ ਵਰਗ ਸਭ ਤੋਂ ਤਕੜਾ ਵਰਗ ਹੈ , ਪ੍ਰੰਤੂ ਇਹ ਆਪਣੀ ਤਾਕਤ ਨੂੰ ਨਹੀਂ ਪਛਾਣਦਾ। ਦੁਕਾਨਦਾਰ ਵਰਗ ਸਭ ਤੋਂ ਜ਼ਿਆਦਾ ਧਾਰਮਿਕ ,ਸਮਾਜਿਕ ,ਆਰਥਿਕ ਅਤੇ ਰਾਜਨੀਤਿਕ ਖੇਤਰ ਵਿਚ ਸਭ ਤੋਂ ਵਧ ਯੋਗਦਾਨ ਪਾਉਂਦਾ ਹੈ ,ਪਰ ਇਹ ਵਰਗ ਫਿਰ ਭੀ ਸਭ ਤੋਂ ਕਮਜ਼ੋਰ ਹੈ । ਕਿਉ ,ਇਸ ਵਰਗ ਵਿਚ ਏਕੇ ਦੀ ਕਮੀ ਹੈ,ਦੁਕਾਨਦਾਰਾਂ ਨੂੰ ਭੀ ਅਜਿਹੇ ਵਪਾਰਕ ਮੰਡਲ ਨਹੀਂ ਬਨਾਉਣੇ ਚਾਹੀਦੇ ਜਿਹੜੇ ਸਿਰਫ ਆਪਣੇ ਨਿਜੀ ਸਹੂਲਤਾਂ ਤਕ ਹੀ ਸੀਮਤ ਹੋਣ। ਸਗੋਂ ਅਜਿਹੀ ਸਮੁਦਾਇ ਅਤੇ ਵਪਾਰਕ ਮੰਡਲ ਬਣਾਉਣੇ ਚਾਹੀਦੇ ਹਨ ,ਜਿਨ੍ਹਾਂ ਦੀ ਬੁਲੰਦ ਆਵਾਜ਼ ਹੋਵੇ ਤੇ ਇਹ ਆਵਾਜ਼ ਗਹਿਰੀ ਨੀਂਦ ਵਿਚ ਸੁਤੀਆਂ ਸਰਕਾਰਾਂ ਨੂੰ ਜਗਾ ਦੇਵੇ ਅਤੇ ਦੁਕਾਨਦਾਰ ਵਰਗ ਦੀਆਂ ਸਮਸਿਆਵਾਂ ਨੂੰ ਪੂਰਾ ਕਾਰਨ ਲਈ ਮਜਬੂਰ ਹੋ ਜਾਵੇ। ਸਰਕਾਰ ਅਤੇ ਪ੍ਰਸ਼ਾਸਨ ਨੂੰ ਭੀ ਇਸ ਵਰਗ ਦੀ ਸੁਰਖਿਆ ਲਈ ਠੋਸ ਕਦਮ ਚੁਕਣੇ ਚਾਹੀਦੇ ਹਨ। ਦੁਕਾਨਦਾਰਾਂ ਦੀ ਸਮਸਿਆਵਾਂ ਦੇ ਹਲ੍ਹ ਲਈ ਇਕ ਵਖਰਾ ਵਿੰਗ ਬਣਾਉਣਾ ਚਾਹੀਦਾ ਹੈ , ਜੋ ਦੁਕਾਨਦਾਰਾਂ ਦੀਆਂ ਸਮਸਿਆਵਾਂ ਨੂੰ ਪਹਿਲ ਦੇ ਅਧਾਰ ਤੇ ਸੁਣਨ ਅਤੇ ਪਹਿਲ ਦੇ ਅਧਾਰ ਤੇ ਹਲ੍ਹ ਕਰਨ , ਤਾ ਕਿ ਸਮਾਜ ਦਾ ਇਹ ਸਭ ਤੋਂ ਤਕੜਾ ਅਤੇ ਅਹਿਮ ਵਰਗ ਆਪਣੇ ਆਪ ਨੂੰ ਕਮਜ਼ੋਰ ਨਾ ਸਮਝੇ ਤੇ ਗ੍ਰਾਹਕ ਭੀ ਇਸ ਵਰਗ ਦੀ ਪੂਰੀ ਇਜ਼ਤ ਕਰੇ।


**- ਬਲਬੀਰ ਚੰਦ**

# ਆਪ ਦਾ ਕਾਟੋ-ਕਲੇਸ਼ : ਲਾਈ ਬੇਕਦਰਾਂ ਨਾਲ ਯਾਰੀ, ਟੁੱਟ ਗਈ ਤੜੱਕ ਕਰਕੇ

ਅਰਵਿੰਦ ਕੇਜਰੀਵਾਲ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਾਧ ਦੇ ਡੋਲੂ ਵਾਂਗ ਮਾਂਜ ਦਿੱਤੀ। ਉਸਨੇ ਪਹਿਲਾਂ ਡਾ ਧਰਮਵੀਰ ਗਾਂਧੀ, ਹਰਿੰਦਰ ਸਿੰਘ ਖਾਲਸਾ, ਸੁੱਚਾ ਸਿੰਘ ਛੋਟੇਪੁਰ ਅਤੇ ਗੁਰਪ੍ਰੀਤ ਸਿੰਘ ਘੁੱਗੀ ਨੂੰ ਪਾਰਟੀ ਤੋਂ ਵੱਖ ਕਰ ਦਿੱਤਾ। ਹੁਣ ਸੁਖਪਾਲ ਸਿੰਘ ਖਹਿਰਾ ਉਪਰ ਤਲਵਾਰ ਚਲਾ ਕੇ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਹੈ। ਪਾਰਟੀ ਨੂੰ ਖੋਖਲਾ ਕਰ ਰਿਹਾ ਹੈ। ਹੁਣ ਬਠਿੰਡਾ ਦੀ ਵਾਲੰਟੀਅਰ ਕਾਨਫਰੰਸ ਪਾਰਟੀ ਵਿਚ ਦੂਜੀ ਵਾਰ ਦੋਫਾੜ ਪਾ ਕੇ ਸੇਹ ਦਾ ਤਕਲਾ ਗੱਡੇਗੀ। ਸੁਖਪਾਲ ਸਿੰਘ ਖਹਿਰਾ ਨੂੰ ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਵਿਚ ਵਿਰੋਧੀ ਪਾਰਟੀ ਦੇ ਨੇਤਾ ਦੇ ਅਹੁਦੇ ਤੋਂ ਹਟਾਉਣ ਤੋਂ ਬਾਅਦ ਪਾਰਟੀ ਲੀਡਰਸ਼ਿਪ ਵਿਚ ਤਰਥੱਲੀ ਮੱਚ ਗਈ ਹੈ। ਹੁਣ ਪਾਰਟੀ ਨੂੰ ਟੁੱਟਣ ਤੋਂ ਬਚਾਉਣਾ ਅਸੰਭਵ ਲੱਗਦਾ ਹੈ ਕਿਉਂਕਿ ਪਾਰਟੀ ਬਿਖਰਨ ਦੇ ਕਿਨਾਰੇ ਤੇ ਪਹੁੰਚ ਗਈ ਹੈ। ਹੁਣ ਭਾਵੇਂ ਇਹ ਪਾਰਟੀ ਦੋਫਾੜ ਵੀ ਨਾ ਹੋਵੇ ਪ੍ਰੰਤੂ ਇਸਦਾ ਭਵਿਖ ਖ਼ਤਰੇ ਵਿਚ ਪੈ ਗਿਆ ਹੈ। ਲੋਕ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦਾ ਚੰਗਾ ਬਦਲ ਚਾਹੁੰਦੇ ਸਨ ਪ੍ਰੰਤੂ ਹੁਣ ਉਹ ਵੀ ਨਿਰਾਸ਼ਾ ਦੇ ਆਲਮ ਵਿਚ ਹਨ। ਅਰਵਿੰਦ ਕੇਜਰੀਵਾਲ ਲਈ ਪਾਰਟੀ ਨੂੰ ਇਕਮੁੱਠ ਰੱਖਣਾ ਹੀ ਵੱਡੀ ਚਣੌਤੀ ਬਣ ਗਿਆ ਹੈ। ਵਿਧਾਨਕਾਰਾਂ ਵਿਚ ਅਸੰਤੋਸ਼ ਪੈਦਾ ਹੋ ਗਿਆ ਹੈ। ਉਹ ਚੁਪ ਗੁਪ ਬੈਠੇ ਹਨ। ਕੰਵਰ ਸਿੰਘ ਸੰਧੂ ਵਿਧਾਨਕਾਰ ਨੇ ਤਾਂ ਵਿਧਾਨਕਾਰ ਪਾਰਟੀ ਦੇ ਸਪੋਕਸਮੈਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਹੋਰ ਵੀ ਧਮਾਕੇ ਹੋਣ ਦੀ ਸੰਭਾਵਨਾ ਹੈ ਕਿਉਂਕਿ 9 ਵਿਧਾਨਕਾਰਾਂ ਨੇ ਇਹ ਫੈਸਲਾ ਵਾਪਸ ਲੈਣ ਦੀ ਧਮਕੀ ਦਿਤੀ ਸੀ, ਜਿਸਨੂੰ ਸਿਸੋਧੀਆ ਨੇ ਅਸਵੀਕਾਰ ਕਰ ਦਿੱਤਾ ਹੈ। ਸੁਖਪਾਲ ਸਿੰਘ ਖਹਿਰਾ ਨੇ ਬਠਿੰਡੇ ਵਿਖੇ ਪਾਰਟੀ ਵਰਕਰਾਂ ਦੀ ਕਨਵੈਨਸਸ਼ਨ ਵੀ ਬੁਲਾ ਲਈ ਹੈ। ਇਹ ਠੀਕ ਹੈ ਕਿ ਵਿਧਾਨਕਾਰ ਪਾਰਟੀ ਵਿਚ ਪਹਿਲਾਂ ਹੀ ਦੋ ਧੜੇ ਕੰਮ ਕਰ ਰਹੇ ਹਨ। ਇੱਕ ਧੜਾ ਸੁਖਪਾਲ ਸਿੰਘ ਖਹਿਰੇ ਨੂੰ ਹਟਾਉਣ ਤੇ ਖ਼ੁਸ਼ ਹੈ। ਦੂਜਾ ਧੜਾ ਖਹਿਰਾ ਦੇ ਹੱਕ ਵਿਚ ਡੱਟ ਗਿਆ ਹੈ। ਪ੍ਰੰਤੂ ਪਾਰਟੀ ਦੇ ਵਾਲੰਟੀਅਰ ਅਤੇ ਆਮ ਆਦਮੀ ਪਾਰਟੀ ਵਰਕਰ ਇਸ ਫੈਸਲੇ ਤੋਂ ਔਖੇ ਹਨ। ਇਸ ਲਈ ਕਿਸੇ ਵੀ ਸਮੇਂ ਪਾਰਟੀ ਵਿਚ ਕੋਈ ਧਮਾਕਾ ਹੋ ਸਕਦਾ ਹੈ। ਵਿਧਾਨਕਾਰ ਪਾਰਟੀ ਦੋਫਾੜ ਹੋਣਾ ਤਾਂ ਤਹਿ ਹੈ। ਪੰਜਾਬ ਦੇ ਲਗਪਗ ਅੱਧੇ ਜਿਲ੍ਹਿਆਂ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਨੇ ਪਿਛਲੇ ਦਿਨਾਂ ਵਿਚ ਅਸਤੀਫੇ ਦੇ ਦਿੱਤੇ ਹਨ। ਸਿਆਸੀ ਇਲਾਜ ਦਾ ਦਾਅਵਾ ਕਰਨ ਵਾਲੀ ਪਾਰਟੀ ਆਪ ਹੀ ਅਧਰੰਗ ਦਾ ਸ਼ਿਕਾਰ ਹੋ ਚੁੱਕੀ ਹੈ। ਪੰਜਾਬ ਨੇ ਮਈ 2014 ਦੀਆਂ ਲੋਕ ਸਭਾ ਚੋਣਾਂ ਵਿਚ 4 ਲੋਕ ਸਭਾ ਦੀਆਂ ਸੀਟਾਂ ਆਮ ਆਦਮੀ ਦੀ ਝੋਲੀ ਵਿਚ ਪਾਕੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਇੱਜ਼ਤ ਹੀ ਨਹੀਂ ਰੱਖੀ ਸੀ, ਸਗੋਂ ਸਮੁੱਚੇ ਦੇਸ ਨੂੰ ਸੁਨੇਹਾ ਵੀ ਦਿੱਤਾ ਸੀ ਕਿ ਆਮ ਆਦਮੀ ਪਾਰਟੀ ਨੂੰ ਅਣਡਿਠ ਕਰਕੇ ਦੇਸ ਨੇ ਇਕ ਮੌਕਾ ਖੁੰਝਾ ਦਿੱਤਾ ਹੈ ਕਿਉਂਕਿ ਸਮੁੱਚੇ ਦੇਸ ਵਿਚੋਂ ਇਕ ਵੀ ਲੋਕ ਸਭਾ ਸੀਟ ਹੋਰ ਕਿਸੇ ਰਾਜ ਵਿਚੋਂ ਆਮ ਆਦਮੀ ਪਾਰਟੀ ਜਿੱਤ ਨਹੀਂ ਸਕੀ ਸੀ। ਅਰਵਿੰਦ ਕੇਜਰੀਵਾਲ ਵੀ ਲੋਕ ਸਭਾ ਦੀ ਚੋਣ ਬੁਰੀ ਤਰ੍ਹਾਂ ਹਾਰ ਗਿਆ ਸੀ। ਲੋਕ ਸਭਾ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਪੰਜਾਬ ਦੇ ਪਰਵਾਸੀਆਂ ਨੇ ਸਭ ਤੋਂ ਵੱਧ ਚੋਣ ਫੰਡ ਦਿੱਤਾ ਪ੍ਰੰਤੂ ਦੁੱਖ ਦੀ ਗੱਲ ਹੈ ਕਿ ਅਰਵਿੰਦ ਕੇਜਰੀਵਾਲ ਨੇ ਉਹ ਸਾਰਾ ਫੰਡ ਸਮੁੱਚੇ ਦੇਸ ਵਿਚਲੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਤੇ ਵਰਤ ਲਿਆ। ਪੰਜਾਬ ਦੇ ਉਮੀਦਵਾਰਾਂ ਨੂੰ ਧੇਲਾ ਵੀ ਨਹੀਂ ਦਿੱਤਾ। ਪਰਵਾਸੀ ਅਤੇ ਪੰਜਾਬੀਆਂ ਨੂੰ ਕੇਜਰੀਵਾਲ ਤੋਂ ਬਹੁਤ ਵੱਡੀਆਂ ਆਸਾਂ ਸਨ ਕਿਉਂਕਿ ਕੇਜਰੀਵਾਲ ਨੇ ਸਿੱਖ ਭਾਈਚਾਰੇ ਨਾਲ ਹਾਅਦਾ ਨਾਅਰਾ ਵੀ ਮਾਰਿਆ ਸੀ। ਇਸ ਤੋਂ ਬਾਅਦ ਇਹ ਆਸ ਬੱਝ ਗਈ ਸੀ ਕਿ ਪੰਜਾਬ ਵਿਧਾਨ ਸਭਾ ਦੀਆਂ 2016 ਵਿਚ ਹੋਣ ਵਾਲੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬੱਟ ਤੇ ਪਈ ਹੈ। ਪ੍ਰੰਤੂ ਅਰਵਿੰਦ ਕੇਜਰੀਵਾਲ ਜਿਸਨੇ ਆਮ ਆਦਮੀ ਪਾਰਟੀ ਇਨ੍ਹਾਂ ਵਾਅਦਿਆਂ ਨਾਲ ਬਣਾਈ ਸੀ ਕਿ ਇਹ ਪਾਰਟੀ ਰਵਾਇਤੀ ਪਾਰਟੀਆਂ ਨਾਲੋਂ ਵੱਖਰੀ ਹੋਵੇਗੀ। ਇਸ ਵਿਚ ਨਾ ਤਾਂ ਪਰਿਵਾਰਵਾਦ ਦਾ ਬੋਲਬਾਲਾ ਹੋਵੇਗਾ ਅਤੇ ਨਾ ਹੀ ਪਾਰਟੀ ਪਰਧਾਨ ਦੀ ਹੀ ਤੂਤੀ ਵੱਜੇਗੀ ਸਗੋਂ ਹਰ ਫੈਸਲਾ ਟਿਕਟਾਂ ਦੇਣ ਤੋਂ ਲੈ ਕੇ ਮੁੱਖ ਮੰਤਰੀ ਤੱਕ ਵਾਲੰਟੀਅਰਾਂ ਦਾ ਹੋਵੇਗਾ। ਯੋਜਨਾਵਾਂ ਮੁਹੱਲਵਾਈਜ ਵਾਲੰਟੀਅਰ ਬਣਾਉਣਗੇ। ਜਾਣੀ ਕਿ ਲੋਕਾਂ ਦੀ ਆਪਣੀ ਸਰਕਾਰ ਹੋਵੇਗੀ । ਆਮ ਲੋਕ ਇਕ ਕਿਸਮ ਨਾਲ ਸਰਕਾਰ ਵਿਚ ਭਾਈਵਾਲ ਹੋਣਗੇ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਹੀ ਸਾਰੇ ਸੀਨੀਅਰ ਨੇਤਾ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਤੇ ਨਿਗਾਹਾਂ ਲਾ ਕੇ ਬੈਠ ਗਏ। ਆਮ ਆਦਮੀ ਪਾਰਟੀ ਦੇ ਪੰਜਾਬ ਦੇ ਨੇਤਾਵਾਂ ਵਿਚ ਖਿਚੋਤਾਣ ਵੱਧ ਗਈ ਕਿਉਂਕਿ ਮੁੱਖ ਮੰਤਰੀ ਦੀ ਕੁਰਸੀ ਵੱਲ ਸਾਰੇ ਲਾਲਚੀ ਨਿਗਾਹਾਂ ਨਾਲ ਵੇਖ ਰਹੇ ਸਨ। ਮੁੱਖ ਮੰਤਰੀ ਦੀ ਕੁਰਸੀ ਲਈ ਸਾਜਸ਼ਾਂ ਸ਼ੁਰੂ ਹੋ ਗਈਆਂ। ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ, ਜਿਨ੍ਹਾਂ ਨੇ ਆਪਣੇ ਖ਼ੂਨ ਪਸੀਨੇ ਨਾਲ ਪਾਰਟੀ ਨੂੰ ਹੇਠਲੇ ਪੱਧਰ ਤੋਂ ਲੈ ਕੇ ਉਪਰ ਤੱਕ ਮਜ਼ਬੂਤ ਕੀਤਾ ਸੀ ਤਾਂ ਉਸਨੂੰ ਹੀ ਮਾਮੂਲੀ ਗੱਲ ਦਾ ਬਹਾਨਾ ਬਣਾਕੇ ਕਿ ਕਿਤੇ ਉਹ ਮੁੱਖ ਮੰਤਰੀ ਨਾ ਬਣ ਜਾਵੇ, ਇੱਕ ਸੀਨੀਅਰ ਲੀਡਰ ਅਤੇ ਲੋਕ ਸਭਾ ਦੇ ਮੈਂਬਰ ਦੇ ਕਹਿਣ ਉਪਰ ਪਾਰਟੀ ਵਿਚੋਂ ਮੱਖਣ ਵਿਚੋਂ ਵਾਲ ਕੱਢਣ ਦੀ ਤਰ੍ਹਾਂ ਬਾਹਰ ਦਾ ਰਸਤਾ ਵਿਖਾ ਦਿੱਤਾ। ਪੰਜਾਬੀਆਂ ਖਾਸ ਤੌਰ ਤੇ ਸਿੱਖ ਭਾਈਚਾਰੇ ਨੇ ਇਸਦਾ ਬੁਰਾ ਮਨਾਇਆ। ਇਹ ਫੈਸਲਾ ਕਰਕੇ ਕੇਜਰੀਵਾਲ ਨੇ ਪੰਜਾਬ ਸਰਕਾਰ ਤੇ ਆਮ ਆਦਮੀ ਪਾਰਟੀ ਦਾ ਦਾਅਵਾ ਕਿਰਕਰਾ ਕਰ ਦਿੱਤਾ। ਸੁੱਚਾ ਸਿੰਘ ਛੋਟੇਪੁਰ ਵਰਗੇ ਗੁਰਸਿੱਖ ਅਤੇ ਇਮਾਨਦਾਰ ਸਿਆਸਤਦਾਨ ਦਾ ਬਦਲ ਇਕ ਸਿਆਸਤ ਦਾ ਅਨਾੜੀ ਕਲਾਕਾਰ ਗੁਰਪ੍ਰੀਤ ਸਿੰਘ ਘੁੱਗੀ ਬਣਾਕੇ ਪੰਜਾਬੀ ਸਿਆਸਤਦਾਨਾਂ ਦੀ ਹਿੱਕ ਤੇ ਮੂੰਗ ਦਲ ਦਿੱਤੀ। ਕੇਜਰੀਵਾਲ ਨੇ ਪ੍ਰਭਾਵ ਦਿੱਤਾ ਸੀ ਕਿ ਹਰ ਫੈਸਲੇ ਤੋਂ ਪਹਿਲਾਂ ਲੋਕਾਂ ਦੀ ਰਾਇ ਲਈ ਜਾਇਆ ਕਰੇਗੀ। ਕੇਜਰੀਵਾਲ ਦੇ ਇਸ ਫੈਸਲੇ ਤੋਂ ਬਾਅਦ ਜਦੋਂ ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਆਈਆਂ ਤਾਂ ਹਰ ਵਾਲੰਟੀਅਰ ਵਿਧਾਨ ਸਭਾ ਦੀ ਟਿਕਟ ਦਾ ਦਆਵੇਦਾਰ ਬਣ ਬੈਠਾ। ਇਕ-ਇੱਕ ਹਲਕੇ ਵਿਚ 100-100 ਵਾਲੰਟੀਅਰ ਉਮੀਦਵਾਰ ਬਣ ਗਏ। ਟਿਕਟਾਂ ਦੀ ਵੰਡ ਵਿਚ ਮੁਲਾਹਜੇਦਾਰੀਆਂ ਅਤੇ ਪੈਸੇ ਦਾ ਬੋਲਬਾਲਾ ਰਿਹਾ। ਕਈ ਯੋਗ ਉਮੀਦਵਾਰ ਅਣਡਿਠ ਕਰ ਦਿੱਤੇ ਗਏ। ਵਾਲੰਟੀਅਰਾਂ ਦੇ ਪੱਲੇ ਕੁਝ ਨਹੀਂ ਪਿਆ ਸਗੋਂ ਦੂਜੀਆਂ ਪਾਰਟੀਆਂ ਵਿਚੋਂ ਆਏ ਅਹੁਦਿਆਂ ਦੇ ਭੁੱਖੇ ਮੌਕਾ ਪ੍ਰਸਤ ਸਿਆਸਤਦਾਨਾ ਨੂੰ ਟਿਕਟਾਂ ਦੇ ਕੇ ਨਿਵਾਜ ਦਿੱਤਾ, ਜਿਸਦਾ ਵਾਲੰਟੀਅਰਾਂ ਨੇ ਵਿਰੋਧ ਕੀਤਾ ਕਿਉਂਕਿ ਵਾਲੰਟੀਅਰ ਪਿਛਲੇ ਚਾਰ ਸਾਲਾਂ ਤੋਂ ਘਰ ਘਰ ਅਤੇ ਗਲੀ ਗਲੀ ਆਪਣੇ ਖਰਚੇ ਤੇ ਪਾਰਟੀ ਦਾ ਪ੍ਰਚਾਰ ਕਰਕੇ ਘੱਟਾ ਫੱਕ ਰਹੇ ਸਨ। ਜਿਸਦਾ ਸਿੱਟਾ ਇਹ ਨਿਕਲਿਆ ਕਿ ਪੰਜਾਬ ਵਿਚ ਸਰਕਾਰ ਬਣਦੀ ਬਣਦੀ ਰਹਿ ਗਈ। ਫਿਰ ਵੀ ਅਕਾਲੀ ਦਲ ਨਾਲੋਂ ਵੱਧ ਸੀਟਾਂ ਜਿੱਤਕੇ ਵਿਧਾਨ ਸਭਾ ਵਿਚ ਵਿਰੋਧੀ ਪਾਰਟੀ ਬਣਕੇ ਉਭਰੀ। ਹਰਵਿੰਦਰ ਸਿੰਘ ਫੂਲਕਾ ਨੂੰ ਵਿਧਾਨ ਸਭਾ ਵਿਚ ਵਿਧਾਨ ਸਭਾ ਪਾਰਟੀ ਦਾ ਲੀਡਰ ਚੁਣਕੇ ਸਿਆਣਪ ਤੋਂ ਕੰਮ ਲਿਆ ਪ੍ਰੰਤੂ ਉਸਦੇ ਕੰਮ ਵਿਚ ਵੀ ਦਖ਼ਲਅੰਦਾਜੀ ਜਾਰੀ ਰਹੀ ਅਤੇ ਉਸਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਣ ਲੱਗਿਆ। ਅਖ਼ੀਰ ਉਸਨੇ ਵੀ ਖੁੰਦਕ ਖਾ ਕੇ ਅਸਤੀਫਾ ਦੇ ਦਿੱਤਾ। ਹਰਵਿੰਦਰ ਸਿੰਘ ਫੂਲਕਾ ਬੇਦਾਗ ਇਮਾਨਦਾਰ ਅਤੇ ਗ਼ੈਰਤਮੰਦ ਵਿਅਕਤੀ ਹੈ। ਅਜਿਹੇ ਵਿਅਕਤੀ ਉਪਰ ਸੰਦੇਹ ਪ੍ਰਗਟਾਉਣਾ ਸਿਆਣੀ ਗੱਲ ਨਹੀਂ ਸੀ। ਫੂਲਕਾ ਸਾਹਿਬ ਦੀ ਥਾਂ ਤੇ ਸੁਖਪਾਲ ਸਿੰਘ ਖਹਿਰਾ ਦੀ ਵਿਧਾਨ ਸਭਾ ਵਿਚ ਪਾਰਟੀ ਦਾ ਲੀਡਰ ਬਣਾਉਣਾ ਬਹੁਤ ਹੀ ਚੰਗਾ ਫੈਸਲਾ ਸੀ। ਸੁਖਪਾਲ ਸਿੰਘ ਖਹਿਰਾ ਪੜ੍ਹਿਆ ਲਿਖਿਆ ਇਮਾਨਦਾਰ ਅਤੇ ਤੱਥਾਂ ਤੇ ਅਧਾਰਤ ਸਬੂਤ ਦੇਣ ਵਾਲਾ ਸਿਆਸਤਦਾਨ ਹੈ। ਉਸਨੇ ਹਰਵਿੰਦਰ ਸਿੰਘ ਫੂਲਕਾ ਦਾ ਬਦਲ ਵਿਲੱਖਣ ਬਣਾ ਕੇ ਪੇਸ਼ ਕੀਤਾ। ਸਿਆਸੀ ਪਰਿਵਾਰ ਵਿਚੋਂ ਆ ਕੇ ਤਿੰਨ ਵਾਰ ਵਿਧਾਨਕਾਰ ਰਹਿਣ ਕਰਕੇ ਉਸਦਾ ਤਜਰਬਾ ਵਿਸ਼ਾਲ ਹੈ ਪ੍ਰੰਤੂ ਉਸ ਤੋਂ ਵੀ ਕੁਝ ਗ਼ਲਤੀਆਂ ਹੋਈਆਂ ਹਨ। ਉਹ ਬਿਨ੍ਹਾਂ ਵਜਾਹ ਹੀ ਬਿਆਨਬਾਜੀ ਕਰਦਾ ਰਿਹਾ। ਪ੍ਰੰਤੂ ਫਿਰ ਵੀ ਇਤਨੀ ਸਜਾ ਦੇਣੀ ਵਾਜਬ ਨਹੀਂ ਸੀ। ਉਸਨੂੰ ਅਚਾਨਕ ਅਹੁਦੇ ਤੋਂ ਹਟਾਉਣਾ ਪਾਰਟੀ ਲਈ ਬਹੁਤ ਹੀ ਮੰਦਭਾਗਾ ਹੈ। ਹੁਣ ਤਾਂ ਸਿਆਸੀ ਪੜਚੋਲਕਾਰ ਕਿਆਸ ਅਰਾਈਆਂ ਲਾ ਰਹੇ ਹਨ ਕਿ ਝਾੜੂ ਦੇ ਤੀਲੇ ਇਕੱਠੇ ਰੱਖਣੇ ਮੁਸ਼ਕਲ ਹਨ। ਖਹਿਰੇ ਦਾ ਬਦਲ ਬਿਲਕੁਲ ਹੀ ਅਨਾੜੀ ਹੈ, ਜਿਸਨੂੰ ਵਿਧਾਨ ਸਭਾ ਦੀ ਵਰਕਿੰਗ ਦੀ ਅਜੇ ਜਾਣਕਾਰੀ ਵੀ ਨਹੀ। ਗੁਰਪ੍ਰੀਤ ਸਿੰਘ ਘੁਗੀ ਨੂੰ ਵੀ ਪ੍ਰਧਾਨ ਬਣਾਉਣ ਤੋਂ ਬਾਅਦ ਛੇਤੀ ਹੀ ਅਣਡਿਠ ਕਰਨਾ ਸ਼ੁਰੂ ਕਰ ਦਿੱਤਾ ਸੀ। ਅਖੀਰ ਉਹ ਵੀ ਪਾਰਟੀ ਨੂੰ ਅਲਵਿਦਾ ਕਹਿ ਗਿਆ। ਅਰਵਿੰਦ ਕੇਜਰੀਵਾਲ ਕਿਸੇ ਉਪਰ ਇਤਬਾਰ ਹੀ ਨਹੀਂ ਕਰਦਾ। ਉਹ ਇਕ ਗਲਤੀ ਤੋਂ ਬਾਅਦ ਲਗਾਤਾਰ ਗਲਤੀਆਂ ਕਰਦਾ ਆ ਰਿਹਾ ਹੈ। ਆਮ ਆਦਮੀ ਪਾਰਟੀ ਦੇ ਪੰਜਾਬ ਵਿਚ ਉਭਰਨ ਦਾ ਮੁੱਖ ਕਾਰਨ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦਾ ਭਰਿਸ਼ਟਾਚਾਰ ਹੀ ਸੀ। ਅਕਾਲੀਆਂ ਦੇ ਦਸ ਸਾਲ ਦੇ ਰਾਜ ਵਿਚ ਨੌਜਵਾਨੀ ਨਸ਼ਿਆਂ ਦੀ ਗਰਿਫਤ ਵਿਚ ਆ ਗਈ ਸੀ। ਇਸਦਾ ਵੀ ਕੇਜਰੀਵਾਲ ਨੇ ਲਾਹਾ ਲਿਆ। ਅਰਵਿੰਦ ਕੇਜਰੀਵਾਲ ਨੇ ਇਸ ਮੁੱਦੇ ਦਾ ਲਾਭ ਉਠਾਕੇ ਬਿਕਰਮ ਸਿੰਘ ਮਜੀਠੀਏ ਨੂੰ ਬਿਨਾ ਸਬੂਤਾਂ ਤੇ ਹੀ ਨਸ਼ਿਆਂ ਦਾ ਸੌਦਾਗਰ ਤੱਕ ਕਹਿ ਦਿੱਤਾ। ਅਜੇ ਨਸ਼ਿਆਂ ਦਾ ਮੁੱਦਾ ਠੰਡਾ ਨਹੀਂ ਹੋਇਆ ਸੀ ਕਿ ਕੇਜਰੀਵਾਲ ਨੇ ਲਿਖਕੇ ਅੰਮ੍ਰਿਤਸਰ ਦੀ ਅਦਾਲਤ ਵਿਚ ਬਿਕਰਮ ਸਿੰਘ ਮਜੀਠੀਏ ਤੋਂ ਮੁਆਫੀ ਮੰਗ ਲਈ, ਜਿਸ ਦਾ ਪੰਜਾਬ ਦੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਨੇ ਬੁਰਾ ਮਨਾਇਆ। ਇਥੋਂ ਤੱਕ ਕਿ ਭਗਵੰਤ ਮਾਨ ਨੇ ਤਾਂ ਪੰਜਾਬ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ। ਭਗਵੰਤ ਮਾਨ ਅਜੇ ਤੱਕ ਪਾਰਟੀ ਦਾ ਕੰਮ ਨਹੀਂ ਕਰ ਰਿਹਾ। ਸੁਖਪਾਲ ਸਿੰਘ ਖਹਿਰਾ ਨੇ ਤਾਂ ਮੁਆਫੀਨਾਮੇ ਸਮੇਂ ਕੇਜਰੀਵਾਲ ਵਿਰੁਧ ਸਖਤ ਸ਼ਬਦਾਵਲੀ ਵਰਤੀ ਸੀ। ਕੇਜਰੀਵਾਲ ਨੇ ਇਸਦਾ ਹੀ ਬਦਲਾ ਲਿਆ ਹੈ। ਮੁਆਫੀਨਾਮੇ ਤੋਂ ਬਾਅਦ ਪਾਰਟੀ ਦਾ ਗਰਾਫ ਹੀਰੋ ਤੋਂ ਜੀਰੋ ਤੱਕ ਪਹੁੰਚ ਗਿਆ। ਅਜੇ ਪਾਰਟੀ ਨੇ ਸਥਾਪਤ ਹੋਣਾ ਸੀ ਪ੍ਰੰਤੂ ਪਹਿਲਾਂ ਹੀ ਇਸਨੂੰ ਖੋਰਾ ਲੱਗਣ ਲੱਗ ਪਿਆ। ਅਰਵਿੰਦ ਕੇਜਰੀਵਾਲ ਜਿਸਨੂੰ ਪਾਰਟੀ ਬਣਾਉਣ ਦਾ ਸਿਹਰਾ ਜਾਂਦਾ ਹੈ, ਪੰਜਾਬ ਵਿਚ ਪਾਰਟੀ ਨੂੰ ਖੋਰਾ ਲਾਉਣ ਦਾ ਇਲਜ਼ਾਮ ਵੀ ਉਸ ਉਪਰ ਹੀ ਲੱਗਦਾ ਹੈ। ਉਹ ਵੀ ਬਾਕੀ ਪਾਰਟੀਆਂ ਦੇ ਨੇਤਾਵਾਂ ਦੀ ਤਰ੍ਹਾਂ ਆਮ ਆਦਮੀ ਪਾਰਟੀ ਨੂੰ ਆਪਣੀ ਜਾਗੀਰ ਸਮਝਣ ਲੱਗ ਪਿਆ। ਉਸ ਦੀਆਂ ਆਪ ਹੁਦਰੀਆਂ ਨੇ ਪੰਜਾਬ ਦੇ ਲੋਕਾਂ ਦੇ ਹੌਸਲੇ ਪਸਤ ਕਰ ਦਿੱਤੇ ਹਨ। ਹੁਣ ਪੰਜਾਬ ਦੇ ਆਮ ਆਦਮੀ ਪਾਰਟੀ ਦੇ ਵਰਕਰ ਨਿਰਾਸ ਬੈਠੇ ਹਨ। ਉਨ੍ਹਾਂ ਨਾਲ ਤਾਂ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲੀ ਗੱਲ ਬਣੀ ਪਈ ਹੈ। ਨਾ ਉਹ ਪਾਰਟੀ ਝਵਿਚ ਰਹਿ ਸਕਦੇ ਹਨ ਅਤੇ ਨਾ ਹੀ ਛੱਡ ਸਕਦੇ ਹਨ। ਪਾਰਟੀ ਦੇ ਭਵਿਖ ਬਾਰੇ ਸਮਰਥਕ ਪਰਵਾਸੀ ਭੈਣਾਂ ਅਤੇ ਭਰਾ ਸੋਚਾਂ ਵਿਚ ਡੁੱਬੇ ਹੋਏ ਹਨ।

ਇਕ ਆਸ ਦੀ ਕਿਰਨ ਜਿਹੜੀ ਨਿਕਲ ਰਹੀ ਸੀ, ਉਹ ਹੀ ਡੁੱਬਦੀ ਨਜ਼ਰ ਆ ਰਹੀ ਹੈ। ਜਿਹੜਾ ਭੁਚਾਲ ਸੁਖਪਾਲ ਸਿੰਘ ਖਹਿਰੇ ਨੂੰ ਹਟਾਉਣ ਤੇ ਆਇਆ ਹੈ ਵੇਖੋ ਅੱਗੋਂ ਕੀ ਕਰਵਟ ਲੈਂਦਾ ਹੈ। ਕੇਜਰੀਵਾਲ ਸੁਖਪਾਲ ਸਿੰਘ ਖਹਿਰਾ ਤੋਂ ਰੈਫਰੈਂਡਮ ਵਰਗੇ ਸੰਜੀਦਾ ਮੁੱਦਿਆਂ ਬਾਰੇ ਬਿਆਨਬਾਜੀ ਤੋਂ ਦੁੱਖੀ ਸੀ। ਪੰਜਾਬ ਦੇ ਸਹਿ ਕਨਵੀਨਰ ਡਾ ਬਲਬੀਰ ਸਿੰਘ ਬਾਰੇ ਸੁਖਪਾਲ ਸਿੰਘ ਖਹਿਰਾ ਦੀ ਟਿਪਣੀ ਨੇ ਬਲਦੀ ਉਪਰ ਤੇਲ ਦਾ ਕੰਮ ਕੀਤਾ, ਜਿਸ ਕਰਕੇ ਖਹਿਰਾ ਨੂੰ ਵਿਰੋਧੀ ਧਿਰ ਦੇ ਲੀਡਰ ਦੇ ਅਹੁਦੇ ਤੋਂ ਹੱਥ ਧੋਣੇ ਪਏ। ਅਸਲ ਵਿਚ ਸੁਖਪਾਲ ਸਿੰਘ ਖਹਿਰਾ ਹਮੇਸਾ ਆਪਣੇ ਬਿਆਨਾ ਕਰਕੇ ਵਾਦਵਿਵਾਦ ਵਿਚ ਰਿਹਾ ਹੈ।

# ਜ਼ਿੰਦਗੀ ‘ਚ ਚੰਗੇ ਸੰਸਕਾਰਾਂ ਦਾ ਹੋਣਾ ਬਹੁਤ ਜ਼ਰੂਰੀ



ਸਮਾਜ ‘ਚ ਹਰ ਤਰ੍ਹਾਂ ਦੇ ਲੋਕ ਰਹਿੰਦੇ ਹਨ ਤੇ ਹਰ ਇਕ ਵਿਅਕਤੀ ਦੀ ਆਪੋ-ਆਪਣੀ ਸੋਚ, ਸਮਝ ਤੇ ਵਿਵਹਾਰ ਹੁੰਦਾ ਹੈ। ਹਰ ਵਿਅਕਤੀ ਆਪਣੇ ਵਿਚਾਰਾਂ ਰਾਹੀਂ ਆਪਣੀ ਸੋਚ ਦਾ ਪ੍ਰਗਟਾਵਾ ਕਰਦਾ ਰਹਿੰਦਾ ਹੈ। ਪਿਛਲੇ ਦਿਨੀਂ ਮੈਂ ਕੱਪੜੇ ਲੈਣ ਲਈ ਦੁਕਾਨ ‘ਤੇ ਗਿਆ। ਮੇਰੇ ਤੋਂ ਪਹਿਲਾਂ ਇਕ ਨੌਜਵਾਨ ਵੀਰ ਵਿਆਹ ‘ਤੇ ਜਾਣ ਲਈ ਰੈਡੀਮੇਡ ਪੈਂਟ-ਕਮੀਜ਼ ਦੇਖ ਰਿਹਾ ਸੀ। ਦੁਕਾਨਦਾਰ ਉਸ ਨੂੰ ਮਹਿੰਗੇ ਕੱਪੜੇ ਖਰੀਦਣ ਲਈ ਉਕਸਾ ਰਿਹਾ ਸੀ। ਮੈਂ ਵੀ ਉਨ੍ਹਾਂ ਦੀ ਗੱਲਬਾਤ ਨੂੰ ਗੰਭੀਰਤਾ ਨਾਲ ਸੁਣਨ ਲੱਗਾ। ਲੜਕੇ ਨੇ ਉਸ ਦਾ ਜਵਾਬ ਦਿੰਦਿਆਂ ਕਿਹਾ ਕਿ ਮੈਨੂੰ ਚੱਲ ਰਹੇ ਰਿਵਾਜ ਦਾ ਕੋਈ ਚੱਕਰ ਨਹੀਂ, ਮੇਰਾ ਮਕਸਦ ਸਿਰਫ਼ ਤਨ ਢਕਣਾ ਹੈ, ਬਾਹਰੀ ਦਿਖਾਵਾ ਨਹੀਂ। ਇਹ ਅਰਥਪੂਰਨ ਜਵਾਬ ਸੁਣ ਕੇ ਦੁਕਾਨਦਾਰ ਵੀ ਸ਼ਾਂਤ ਹੋ ਗਿਆ ਤੇ ਹਾਮੀ ਭਰਨ ਲੱਗਾ। ਮੇਰਾ ਦਿਲ ਵੀ ਇਸ ਕਰਕੇ ਖ਼ੁਸ਼ ਹੋ ਗਿਆ, ਕਿਉਂਕਿ ਉਹ ਨੌਜਵਾਨ ਮੈਨੂੰ ਛੋਟੀ ਉਮਰੇ ਵੱਡੀ ਸੋਚ ਦਾ ਮਾਲਕ ਲੱਗ ਰਿਹਾ ਸੀ। ਇਸ ਤੋਂ ਸਪੱਸ਼ਟ ਹੈ ਕਿ ਚੰਗੀ ਸੋਚ ਅਤੇ ਅਕਲ ਦਾ ਉਮਰ ਨਾਲ ਕੋਈ ਸੰਬੰਧ ਨਹੀਂ ਹੁੰਦਾ। ਅਜੋਕਾ ਸਮਾਂ ਤਾਂ ਅਜਿਹਾ ਚੱਲ ਰਿਹਾ ਹੈ ਕਿ ਅਸੀਂ ਲੋਕਾਂ ਨੂੰ ਦੇਖੋ-ਦੇਖ ਆਪਣੇ ਘਰ ਉਜਾੜ ਲਏ ਹਨ। ਵਧਦੀ ਮਹਿੰਗਾਈ, ਫੈਸ਼ਨਪ੍ਰਸਤੀ ਤੇ ਬਾਹਰੀ ਦਿਖਾਵੇ ਨੇ ਲੋਕਾਂ ਦਾ ਜਿਊਣਾ ਹਰਾਮ ਕਰ ਦਿੱਤਾ ਹੈ। ਸਾਨੂੰ ਸਮਝਣਾ ਚਾਹੀਦਾ ਹੈ ਕਿ ਵਿਅਕਤੀ ਵੱਡੀਆਂ ਕੋਠੀਆਂ, ਕਾਰਾਂ, ਜ਼ਮੀਨ-ਜਾਇਦਾਦਾਂ ਤੇ ਬਰਾਂਡਿਡ ਕੱਪੜਿਆਂ ਨਾਲ ਨਹੀਂ, ਸਗੋਂ ਚੰਗੀ ਸੋਚ ਤੇ ਉੱਚ ਵਿਚਾਰਾਂ ਨਾਲ ਵੱਡਾ ਹੁੰਦਾ ਹੈ। ਪੈਸੇ ਨਾਲ ਵਿਅਕਤੀ ਸਭ ਕੁਝ ਖਰੀਦ ਸਕਦਾ ਹੈ ਪਰ ਉਸਾਰੂ ਸੋਚ ਤੇ ਸਮਾਜਿਕ ਵਿਚਾਰ ਨਹੀਂ। ਅੱਜ ਲੋਕ ਪੈਸੇ ‘ਚ ਅਮੀਰ ਤੇ ਰੂਹ ਦੇ ਗਰੀਬ ਹੋ ਗਏ ਹਨ, ਇਸੇ ਕਾਰਨ ਧੜਾਧੜ ਰਿਸ਼ਤੇ-ਨਾਤੇ ਟੁੱਟ ਰਹੇ ਹਨ। ਸਭ ਜਾਣਦੇ ਹਨ ਕਿ ਪੈਸਾ ਨਾਲ ਨਹੀਂ ਜਾਣਾ ਪਰ ਕੋਈ ਮੰਨਣ ਨੂੰ ਤਿਆਰ ਨਹੀਂ। ਮੰਨਿਆ ਪੈਸਾ ਜ਼ਿੰਦਗੀ ‘ਚ ਬਹੁਤ ਕੁਝ ਹੈ ਪਰ ਸਭ ਕੁਝ ਵੀ ਨਹੀਂ। ਪੈਸਾ ਹੱਥਾਂ ਦੀ ਮੈਲ ਤੇ ਚੰਗੀ ਸੋਚ ਸਥਾਈ ਹੁੰਦੀ ਹੈ, ਜੋ ਇਨਸਾਨ ਦੇ ਮਰਨ ਪਿੱਛੋਂ ਵੀ ਵਡਿਆਈ ਖੱਟਦੀ ਰਹਿੰਦੀ ਹੈ। ਸਮਾਜ ‘ਚ ਕਈ ਧਨਾਢ ਲੋਕ ਆਪਣਾ ਸਤਿਕਾਰ ਨਾ ਹੋਣ ਦੇ ਪਛਤਾਵੇ ‘ਚ ਹੀ ਮਰ ਜਾਂਦੇ ਹਨ, ਕਿਉਂਕਿ ਉਹ ਖਾਸ ਗੁਣਾਂ ਤੋਂ ਸੱਖਣੇ ਹੁੰਦੇ ਹਨ ਤੇ ਹੰਕਾਰ ਰੂਪੀ ਘੋੜੇ ‘ਤੇ ਹੀ ਸਵਾਰ ਰਹਿੰਦੇ ਹਨ। ਲੋਕਾਂ ਦੇ ਦਿਲਾਂ ‘ਚ ਵਸਣ ਲਈ ਪੈਸਾ ਨਹੀਂ, ਸਗੋਂ ਚੰਗੇ ਸੰਸਕਾਰਾਂ ਤੇ ਅਸੂਲਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ। ਵਿਅਕਤੀ ਨੂੰ ਸਮਾਜ ‘ਚ ਗੁਣਵਾਨ ਹੋ ਕੇ ਵਿਚਰਨਾ ਚਾਹੀਦਾ ਹੈ, ਰੂਪਵਾਨ ਹੋ ਕੇ ਨਹੀਂ। ਸਮਝਦਾਰ ਵਿਅਕਤੀ ਇਨਸਾਨ ਦੀ ਚੰਗੀ ਬੋਲਬਾਣੀ, ਸਮਾਜਿਕ ਮਿਲਵਰਤਣ, ਨਿਮਰਤਾ, ਹਲੀਮੀ ਅਤੇ ਸਿਆਣਪ ਵਰਗੇ ਅਨਮੋਲ ਗਹਿਣਿਆਂ ਦੀ ਕਦਰ ਕਰਦਾ ਹੈ, ਮੁੱਲ ਦੀਆਂ ਚੀਜ਼ਾਂ ਦੀ ਨਹੀਂ। ਅੱਜ ਜਿੱਥੇ ਨੌਜਵਾਨ ਪੀੜ੍ਹੀ ਮਹਿੰਗੇ ਸ਼ੌਂਕਾਂ ਦੀ ਗੁਲਾਮ ਹੈ, ਉੱਥੇ ਅਜਿਹੀ ਨਿੱਗਰ ਸੋਚ ਵਾਲੇ ਨੌਜਵਾਨ ਸਾਡੇ ਸਮਾਜ ਲਈ ਚਾਨਣ ਮੁਨਾਰਾ ਹਨ। ਸੋ, ਆਪਣੀ ਜ਼ਿੰਦਗੀ ਨੂੰ ਸੁਖਮਈ ਬਤੀਤ ਕਰਨ ਲਈ ਅਜਿਹੇ ਚੰਗੇ ਗੁਣਾਂ ਦੇ ਧਾਰਨੀ ਬਣੀਏ ਅਤੇ ਖਾਹਿਸ਼ਾਂ ਦੇ ਘੋੜੇ ਨੂੰ ਵੀ ਲਗਾਮ ਪਾ ਕੇ ਰੱਖੀਏ।

-ਕਰਤਾਰ ਸਿੰਘ ਜਲਵੇੜਾ

# ਨਾਰਦ ਤੋਂ ਇੰਟਰਨੈੱਟ ਤਕ



ਡਾ. ਭੁਪਿੰਦਰ ਸਿੰਘ ਬਤਰਾ

ਰਿਸ਼ੀ ਨਾਰਦ ਮੁਨੀ ਨੂੰ ਸ੍ਰਿਸ਼ਟੀ ਦੇ ਪਹਿਲੇ ਪੱਤਰਕਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਇਕ ਪੱਤਰਕਾਰ ਦੀ ਤਰ੍ਹਾਂ ਉਸ ਕੋਲ ਲੋਕ-ਪ੍ਰਲੋਕ ਦੀਆਂ ਅਹਿਮ ਖ਼ਬਰਾਂ ਹੁੰਦੀਆਂ ਸਨ। ਉਹ ਬੜੀ ਸਿਆਣਪ ਨਾਲ ਲੋਕ-ਪ੍ਰਲੋਕ ਦੀਆਂ ਖ਼ਬਰਾਂ ਇਧਰ ਤੋਂ ਉਧਰ ਪਹੁੰਚਾਉਂਦਾ ਸੀ। ਬੇਸ਼ੱਕ ਉਸ ਦੀਆਂ ਖ਼ਬਰਾਂ ਦੇਵੀ-ਦੇਵਤਿਆਂ ਵਿਚ ਲੜਾਈ ਦਾ ਸਬੱਬ ਵੀ ਬਣਦੀਆਂ ਸਨ, ਪਰ ਉਹ ਬੜੀ ਸਿਆਣਪ ਨਾਲ ਉਨ੍ਹਾਂ ਦੇ ਸਾਰੇ ਮਸਲਿਆਂ ਨੂੰ ਹੱਲ ਵੀ ਕਰਦਾ ਸੀ। ਉਸ ਨੂੰ ਬ੍ਰਹਮਾ ਦਾ ਮਾਨਸ-ਪੁੱਤਰ ਵੀ ਕਿਹਾ ਜਾਂਦਾ ਹੈ। ਸੰਸਕ੍ਰਿਤ ਵਿਚ ਨਾਰਦ ਦੇ ਅਰਥ ਗਿਆਨ ਵੰਡਣ ਵਾਲੇ ਤੋਂ ਲਏ ਗਏ ਹਨ। ਨਾਰਦ ਨੂੰ ਸਮੱਸਤ ਵੇਦਾਂ ਦਾ ਗਿਆਨ ਸੀ। ਉਹ ਜਦੋਂ ਵੀ ਕਿਸੇ ਕੋਲ ਜਾਂਦਾ ਤਾਂ ਉਸ ਤੋਂ ਕੋਈ ਨਵੀਂ ਖ਼ਬਰ ਦੀ ਆਸ ਰੱਖੀ ਜਾਂਦੀ ਸੀ। ਉਸ ਦੀ ਖ਼ਬਰਾਂ ਪਹੁੰਚਾਣ ਦੀ ਮਨਸ਼ਾ ਦੇਵੀ-ਦੇਵਤਿਆਂ ਵਿਚ ਲੜਾਈ-ਭੜਾਈ ਦੀ ਨਹੀਂ, ਸਗੋਂ ਲੋਕ-ਪ੍ਰਲੋਕ ਵਿਚ ਸ਼ਾਂਤੀ ਬਣਾਈ ਰੱਖਣ ਦੀ ਸੀ।

ਨਾਰਦ ਮੁਨੀ ਤੋਂ ਲੈ ਕੇ ਇੰਟਰਨੈੱਟ ਦੀ ਦੁਨੀਆਂ ਤੱਕ ਪਹੁੰਚਣ ਲਈ ਇਨਸਾਨ ਖ਼ਬਰਾਂ ਪ੍ਰਾਪਤ ਕਰਨ ਲਈ ਕਿਹੜੇ-ਕਿਹੜੇ ਮੀਡੀਆ ਜਾਂ ਸਾਧਨਾਂ ਦਾ ਸਹਾਰਾ ਲੈਂਦਾ ਰਿਹਾ ਹੈ, ਇਸ ਦੀ ਚਰਚਾ ਵੀ ਦਿਲਚਸਪੀ ਭਰਪੂਰ ਹੈ। ਜੇ ਸਿਰਫ ਧਰਤੀ ਦੀ ਗੱਲ ਕਰੀਏ ਤਾਂ ਇਹ ਜਾਣਿਆ ਜਾਂਦਾ ਹੈ ਕਿ ਜਾਣਕਾਰੀ/ਖ਼ਬਰ ਪ੍ਰਾਪਤ ਕਰਨ ਦੀ ਭੁੱਖ ਇਨਸਾਨ ਵਿਚ ਸ਼ੁਰੂ ਤੋਂ ਹੀ ਰਹੀ ਹੈ। ਮਨੁੱਖਾਂ ਵਿਚਕਾਰ ਖ਼ਬਰਾਂ ਦਾ ਅਦਾਨ-ਪ੍ਰਦਾਨ ਜ਼ੁਬਾਨੀ ਹੁੰਦਾ ਆਇਆ ਹੈ। ਫਿਰ ਉਸ ਨੇ ਆਪਣੇ ਸਨੇਹੀਆਂ ਨੂੰ ਖ਼ਬਰਾਂ ਪਹੁੰਚਾਉਣ ਦੀ ਜਾਚ ਕਬੂਤਰ ਨੂੰ ਸਿਖਾਈ। ਰਾਜੇ-ਮਹਾਰਾਜਿਆਂ ਦੀ ਦੁਨੀਆਂ ਵਿਚ ਇਕ ਰਿਆਸਤ ਤੋਂ ਦੂਸਰੀ ਰਿਆਸਤ ਤੱਕ ਖ਼ਬਰਾਂ ਪਹੁੰਚਾਉਣ ਲਈ ਸੰਦੇਸ਼-ਵਾਹਕ ਰੱਖੇ ਜਾਂਦੇ ਸਨ। ਇਹ ਸੰਦੇਸ਼-ਵਾਹਕ ਲੋਕਾਂ ਵਿਚ ਅਤੇ ਦੁਸ਼ਮਣਾਂ ਵਿਚ ਵਿਚਰ ਕੇ ਖ਼ਬਰਾਂ ਇਕੱਠੀਆਂ ਕਰਦੇ ਅਤੇ ਮਹਿਲਾਂ ਤੱਕ ਪਹੁੰਚਾਂਦੇ ਸਨ। ਮਹਿਲਾਂ ਦੇ ਫ਼ੁਰਮਾਨ ਢੋਲ-ਢਮੱਕੇ ਰਾਹੀਂ ਲੋਕਾਂ ਤੱਕ ਪਹੁੰਚਾਏ ਜਾਂਦੇ ਸਨ। 1440 ਈ. ਵਿਚ ਜਰਮਨੀ ਦੇ ਸੁਨਿਆਰ ਗੁਟਨਬਰਗ ਵਲੋਂ ਸਿੱਕੇ ਦੇ ਵੱਖ-ਵੱਖ ਅੱਖਰਾਂ ਦੇ ਢਾਂਚੇ ਤਿਆਰ ਕੀਤੇ ਗਏ, ਜਿਸ ਨਾਲ ਛਪਾਈ ਦਾ ਕੰਮ ਸੁਖਾਲਾ ਹੋ ਗਿਆ ਅਤੇ ਅਖ਼ਬਾਰਾਂ ਦੀ ਛਪਾਈ ਲਈ ਨੀਂਹ ਰੱਖੀ ਗਈ। ਧਾਤ ਦੇ ਵੱਖ-ਵੱਖ ਅੱਖਰਾਂ ਦੇ ਟਾਈਪ ਤਿਆਰ ਕਰਕੇ ਗੁਟਨਬਰਗ ਨੇ ਛਪਾਈ ਦੇ ਇਤਿਹਾਸ ਵਿਚ ਇਕ ਮੀਲ-ਪੱਥਰ ਕਾਇਮ ਕਰ ਦਿੱਤਾ। ਬਸ ਫੇਰ ਕੀ ਸੀ, ਵੱਖ-ਵੱਖ ਦੇਸ਼ਾਂ ਵਿਚ ਸ਼ਾਹੀ ਫੁਰਮਾਨ ਛਪ ਕੇ ਲੋਕਾਂ ਤੱਕ ਅੱਪੜਨ ਲੱਗੇ। ਅਖ਼ਬਾਰਾਂ ਦੀ ਸ਼ੁਰੂਆਤ ਯੂਰਪ ਤੋਂ ਹੋਈ ਮੰਨੀ ਗਈ ਹੈ। 1566 ਈ. ਦੇ ਕਰੀਬ ਇਟਲੀ ਵਿਚ ਕੰਧਾਂ ਉੱਪਰ ਪੋਸਟਰ ਲਗਾਏ ਗਏ ਅਤੇ ਜਿਹੜੇ ਲੋਕ ਇਨ੍ਹਾਂ ਨੂੰ ਪੜ੍ਹਨਾ ਚਾਹੁੰਦੇ ਸਨ, ਉਨ੍ਹਾਂ ਤੋਂ ਟੋਕਨ ਫੀਸ ਵਜੋਂ ਇਕ ਛੋਟਾ ਸਿੱਕਾ ਵਸੂਲ ਕੀਤਾ ਜਾਂਦਾ ਸੀ, ਜਿਸ ਨੂੰ ਗਜੀਟਾ ਕਿਹਾ ਜਾਂਦਾ ਸੀ। ਬਾਅਦ ਵਿਚ ਇਨ੍ਹਾਂ ਦੀਵਾਰੀ ਅਖ਼ਬਾਰਾਂ ਦਾ ਨਾਮ ਗਜ਼ਟ ਪੈ ਗਿਆ। ਛਪਾਈ ਤਕਨੀਕ ਵਿਕਸਤ ਹੋਣ ਤੋਂ ਬਾਅਦ ਆਰੰਭ ਵਿਚ ਜੋ ਪੱਤਰ ਪ੍ਰਕਾਸ਼ਿਤ ਹੋਏ ਉਨ੍ਹਾਂ ਨੂੰ ਯੂਰਪ ਵਿਚ ਨਿਊਜ਼ ਬੁੱਕ ਕਿਹਾ ਜਾਂਦਾ ਸੀ। 17ਵੀਂ ਸਦੀ ਦੇ ਅੱਧ ਦੇ ਨੇੜੇ-ਤੇੜੇ ਸ਼ਬਦ ਨਿਊਜ਼ ਬੁੱਕ ਦੀ ਥਾਂ ਨਿਊਜ਼ ਪੇਪਰ ਸ਼ਬਦ ਵਰਤਿਆ ਜਾਣ ਲੱਗ ਪਿਆ। ਕਿਹਾ ਜਾਂਦਾ ਹੈ ਕਿ ਸਭ ਤੋਂ ਪਹਿਲਾ ਪੱਤਰ 'ਐਕਟਾ ਡਿਉਰਨਾ' ਸੀ। ਜੋ ਕਿ ਰੋਮ ਤੋਂ ਜੂਲੀਅਸ ਸੀਜ਼ਰ ਦੇ ਸਮੇਂ (ਈਸਵੀ ਸਦੀ ਤੋਂ ਪਹਿਲਾਂ) ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਇਸ ਵਿਚ ਤਕਰੀਬਨ ਸਰਕਾਰੀ ਐਲਾਨਾਂ ਬਾਰੇ ਹੀ ਸੂਚਨਾ ਹੁੰਦੀ ਸੀ। ਸੋ, ਇਸ ਤਰ੍ਹਾਂ ਬਰਤਾਨੀਆ ਦਾ ਰੋਜ਼ਾਨਾ ਸਮਾਚਾਰ ਪੱਤਰ 1702 ਈਸਵੀ ਵਿਚ 'ਦੀ ਡੇਲੀ ਕੌਰੈਂਟ' ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਇਸ ਉਪਰੰਤ ਬਾਕੀ ਦੇਸ਼ਾਂ ਵਿਚ ਵੀ ਅਖ਼ਬਾਰ ਪ੍ਰਕਾਸ਼ਿਤ ਹੋਣੇ ਸ਼ੁਰੂ ਹੋ ਗਏ। 19ਵੀਂ ਸਦੀ ਵਿਚ ਉਦਯੋਗਿਕ ਕ੍ਰਾਂਤੀ ਕਾਰਨ ਛਪਾਈ ਤਕਨੀਕ ਵਿਚ ਸੁਧਾਰ ਹੁੰਦੇ ਗਏ ਅਤੇ ਅਖ਼ਬਾਰਾਂ ਨੇ ਸਭ ਪਾਸੇ ਪੈਰ ਪਸਾਰਨੇ ਆਰੰਭ ਕੀਤੇ। 19ਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਅਖ਼ਬਾਰਾਂ ਦੀ ਆਪਸੀ ਮੁਕਾਬਲੇਬਾਜ਼ੀ ਵਧਦੀ ਗਈ। ਅਖ਼ਬਾਰਾਂ ਵੇਚਣ ਦੀ ਹੋੜ ਨੇ ਵਿਸ਼ਾ-ਵਸਤੂ ਪ੍ਰਕਾਸ਼ਿਤ ਕਰਨ ਵਿਚ ਕੁਝ ਮਾੜੀਆਂ ਰਵਾਇਤਾਂ ਵੀ ਪਾਈਆਂ ਅਤੇ ਦੋ ਅਖ਼ਬਾਰਾਂ 'ਨਿਊਯਾਰਕ ਵਰਲਡ' ਅਤੇ 'ਨਿਊਯਾਰਕ ਜਰਨਲ' ਦੀ ਆਪਸੀ ਮੁਕਾਬਲੇਬਾਜ਼ੀ ਨੇ ਪੀਲੀ ਪੱਤਰਕਾਰੀ ਨੂੰ ਵੀ ਜਨਮ ਦਿੱਤਾ। ਇਨ੍ਹਾਂ ਅਖ਼ਬਾਰਾਂ ਨੇ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਸਨਸਨੀਖੇਜ਼ ਖ਼ਬਰਾਂ ਅਤੇ ਹੋਰ ਸਮੱਗਰੀ ਨੂੰ ਪ੍ਰਕਾਸ਼ਿਤ ਕਰਨਾ ਸ਼ੁਰੂ ਕਰ ਦਿੱਤਾ। ਨਿਊਯਾਰਕ ਵਰਲਡ ਦੇ ਮਾਲਕ ਪੁਲਿਤਜ਼ਰ ਨੇ ਦੋ ਸੈਂਟ ਵਿਚ ਲੋਕਾਂ ਨੂੰ ਅੱਠ ਤੋਂ ਬਾਰਾਂ ਪੰਨੇ ਅਖ਼ਬਾਰ ਦੇ ਦੇਣੇ ਸ਼ੁਰੂ ਕੀਤੇ ਜਦਕਿ ਦੂਜੇ ਅਖ਼ਬਾਰ ਦੋ ਸੈਂਟ ਵਿਚ ਚਾਰ ਪੰਨੇ ਹੀ ਲੋਕਾਂ ਨੂੰ ਦਿੰਦੇ ਸਨ। ਸਨਸਨੀਖੇਜ਼ ਖ਼ਬਰਾਂ, ਅਪਰਾਧ ਨਾਲ ਸਬੰਧਤ ਖ਼ਬਰਾਂ ਅਤੇ ਕਾਰਟੂਨ ਆਦਿ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਖਾਤਰ ਇਨ੍ਹਾਂ ਅਖ਼ਬਾਰਾਂ ਦੀ ਸਰਕੂਲੇਸ਼ਨ ਦੋ ਸਾਲਾਂ ਵਿਚ ਹੀ ਦੁੱਗਣੀ ਹੋ ਗਈ ਕਿਉਂਕਿ ਲੋਕ ਇਨ੍ਹਾਂ ਅਖ਼ਬਾਰਾਂ ਨੂੰ ਬੜੇ ਚਸਕੇ ਨਾਲ ਪੜ੍ਹਦੇ ਹੁੰਦੇ ਸਨ, ਵਾਟਰਗੇਟ ਸਕੈਂਡਲ, ਬੋਫਰਜ਼ ਸਕੈਂਡਲ, ਭਾਗਲਪੁਰ ਆਦਿ ਅਣਗਿਣਤ ਸਕੈਂਡਲ ਪ੍ਰੈੱਸ ਨੇ ਹੀ ਲੋਕਾਂ ਸਾਹਮਣੇ ਲਿਆਂਦੇ। ਇਸ ਤਰ੍ਹਾਂ ਅਖ਼ਬਾਰਾਂ ਨੇ ਸਮਾਜ ਵਿਚ ਆਪਣੀ ਮਹੱਤਵਪੂਰਨ ਜਗ੍ਹਾ ਬਣਾ ਕੇ ਆਪਣੀ ਤਾਕਤ ਸਦਕਾ ਚੌਥੀ ਅਸਟੇਟ ਅਖਵਾਉਣ ਦਾ ਦਰਜਾ ਹਾਸਲ ਕਰ ਲਿਆ। ਵੀਹਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿਚ ਰੇਡੀਓ ਦੀ ਕਾਢ ਨੇ ਮਨੁੱਖ ਨੂੰ ਹੈਰਾਨ ਕਰ ਦਿੱਤਾ। ਅਖ਼ਬਾਰਾਂ ਨੇ ਜਿਥੇ ਪੜ੍ਹੇ-ਲਿਖੇ ਅਤੇ ਅਨਪੜ੍ਹ ਲੋਕਾਂ ਵਿਚ ਇਕ ਦਰਾਰ ਖਿੱਚੀ ਸੀ, ਉਸ ਵਿਤਕਰੇ ਨੂੰ ਰੇਡੀਓ ਨੇ ਪੂਰ ਦਿੱਤਾ ਹੈ। ਰੇਡੀਓ ਅਮੀਰ-ਗਰੀਬ, ਪੜ੍ਹੇ-ਲਿਖੇ ਅਤੇ ਅਨਪੜ੍ਹ ਆਦਿ ਸਭਨਾਂ ਦਾ ਮਾਧਿਅਮ ਹੋ ਨਿਬੜਿਆ ਪਰ ਜਦੋਂ ਰੇਡੀਓ ਤੋਂ ਖ਼ਬਰਾਂ ਦਾ ਪ੍ਰਸਾਰਨ ਹੋਣ ਲੱਗਿਆ ਤਾਂ ਅਖ਼ਬਾਰਾਂ ਬਾਰੇ ਕਿਹਾ ਜਾਣ ਲੱਗਾ ਕਿ ਅਖ਼ਬਾਰਾਂ ਦਾ ਭਵਿੱਖ ਚੰਗਾ ਨਹੀਂ। ਪਰ ਕੁਝ ਸਮੇਂ ਵਿਚ ਹੀ ਦੋਵੇਂ ਮੀਡੀਆ ਨੇ ਸਮਾਜ ਵਿਚ ਆਪੋ-ਆਪਣੀ ਥਾਂ ਬਣਾ ਲਈ। ਰੇਡੀਓ ਤੋਂ ਸੰਖੇਪ ਖ਼ਬਰਾਂ ਸੁਣਨ ਉਪਰੰਤ ਲੋਕਾਂ ਦੀ ਵਿਸਥਾਰ ਵਿਚ ਖ਼ਬਰਾਂ ਜਾਣਨ ਦੀ ਭੁੱਖ ਨੇ ਅਖ਼ਬਾਰਾਂ ਦੀ ਚੜ੍ਹਤ ਨੂੰ ਕਾਇਮ ਰੱਖਿਆ। ਇਸੇ ਸਦੀ ਦੇ ਦੂਜੇ ਦਹਾਕੇ ਵਿਚ ਅਮਰੀਕਾ ਵਿਚ ਟੀ.ਵੀ. ਪ੍ਰਸਾਰਨ ਦੇ ਤਜਰਬੇ ਹੋਣੇ ਸ਼ੁਰੂ ਹੋ ਚੁੱਕੇ ਸਨ। ਟੀ.ਵੀ. ਦੀ ਕਾਢ ਇੰਗਲੈਂਡ ਦੇ ਜੇ.ਐਲ.ਬਿਅਰਡ ਅਤੇ ਅਮਰੀਕਾ ਦੇ ਸੀ.ਐਫ. ਜੈਨਕਿਨਸ ਦੇ ਹੀ ਹਿੱਸੇ ਆਈ। ਸੋ, ਅਮਰੀਕਾ ਵਿਚ ਟੀ.ਵੀ. ਦਾ ਰੈਗੂਲਰ ਪ੍ਰਸਾਰਨ 1941 ਵਿਚ ਹੀ ਸ਼ੁਰੂ ਹੋ ਗਿਆ ਅਤੇ ਭਾਰਤ ਵਿਚ 1959 ਵਿਚ ਟੀ.ਵੀ. ਦੇ ਆਉਣ ਨਾਲ ਲੋਕਾਂ ਦੀ ਸੁਪਨਮਈ ਜ਼ਿੰਦਗੀ ਹਕੀਕਤ ਵਿਚ ਬਦਲ ਗਈ। ਹੁਣ ਲੋਕਾਂ ਨੂੰ ਹਰੇਕ ਜਾਣਕਾਰੀ ਭਾਵ ਖ਼ਬਰਾਂ ਦੇ ਨਾਲ-ਨਾਲ ਮਨੋਰੰਜਨ ਦੇ ਹਰੇਕ ਪ੍ਰੋਗਰਾਮ ਲੋਕਾਂ ਨੂੰ ਟੀ.ਵੀ. ਤੋਂ ਵੇਖਣ ਲਈ ਮਿਲਣ ਲੱਗੇ। ਸ਼ੁਰੂਆਤੀ ਦਿਨਾਂ ਵਿਚ ਟੀ.ਵੀ. ਵਾਲੇ ਘਰਾਂ ਵਿਚ ਲੋਕਾਂ ਦੇ ਮਨਪਸੰਦ ਸੀਰੀਅਲ ਅਤੇ ਫਿਲਮਾਂ ਵੇਖਣ ਲਈ ਬੱਚਿਆਂ ਅਤੇ ਵੱਡਿਆਂ ਦੀ ਭੀੜ ਨਾਲ ਡਰਾਇੰਗ ਰੂਮ ਭਰ ਜਾਂਦੇ ਸਨ। ਲੋਕਾਂ ਵਲੋਂ ਸੀਰੀਅਲ ਹਮਲੋਗ, ਖਾਨਦਾਨ, ਚਿੱਤਰਹਾਰ ਅਤੇ ਫਿਲਮਾਂ ਦੀ ਉਡੀਕ ਬੜੀ ਬੇਸਬਰੀ ਨਾਲ ਕੀਤੀ ਜਾਂਦੀ ਸੀ। ਲੋਕਾਂ ਨੂੰ ਹੁਣ ਖ਼ਬਰਾਂ ਸੁਣਨ ਤੋਂ ਇਲਾਵਾ ਵੇਖਣ ਵਿਚ ਵੀ ਮਿਲਣ ਲੱਗ ਪਈਆਂ ਸਨ। ਤਸਵੀਰ ਅਤੇ ਆਵਾਜ਼ ਨੇ ਲੋਕਾਂ ਨੂੰ ਕੀਲ ਕੇ ਰੱਖ ਦਿੱਤਾ। ਇੱਕ ਵਾਰ ਫੇਰ ਅਖ਼ਬਾਰਾਂ ਤੇ ਰੇਡੀਓ ਨੂੰ ਟੀ.ਵੀ. ਤੋਂ ਖਤਰਾ ਮਹਿਸੂਸ ਹੋਣ ਲੱਗ ਪਿਆ, ਪਰ ਅਖ਼ਬਾਰਾਂ ਅਤੇ ਰੇਡੀਓ ਨਾਲ ਲੋਕਾਂ ਦੇ ਮੋਹ ਨੇ ਟੀ.ਵੀ. ਨੂੰ ਵੀ ਕਬੂਲ ਕਰ ਲਿਆ ਅਤੇ ਤਿੰਨੇ ਮੀਡੀਆ ਲੋਕਾਂ ਦੇ ਘਰਾਂ ਦੀ ਸ਼ਾਨ ਬਣ ਗਏ। ਨਾਰਦ ਮੁਨੀ ਦੇ ਖ਼ਬਰਾਂ ਦੇ ਸੰਸਾਰ ਵਿਚੋਂ ਨਿਕਲ ਕੇ ਅਖ਼ਬਾਰਾਂ, ਰੇਡੀਓ, ਟੀ.ਵੀ. ਤੋਂ ਬਾਅਦ ਮਨੁੱਖ ਇਕ ਵਾਰ ਫੇਰ ਇੰਟਰਨੈੱਟ ਦੇ ਜਾਦੂ ਵਿੱਚ ਆ ਗਿਆ। ਇੰਟਰਨੈੱਟ ਨੇ ਜਿੱਥੇ ਲੋਕਾਂ ਦੀਆਂ ਖ਼ਬਰਾਂ ਪੜ੍ਹਨ ਅਤੇ ਸੁਣਨ ਦੀ ਜੀਵਨ ਸ਼ੈਲੀ ਬਦਲ ਕੇ ਰੱਖ ਦਿੱਤੀ, ਉੱਥੇ ਉਸ ਨੇ ਲੋਕਾਂ ਦੇ ਘਰ ਉੱਤੇ ਦਸਤਕ ਦੇਣ ਦੀਆਂ ਪਾਬੰਦੀਆਂ ਵੀ ਖਤਮ ਕਰ ਦਿੱਤੀਆਂ ਹਨ। ਜਿੱਥੇ ਪਹਿਲੋ-ਪਹਿਲ ਖ਼ਬਰਾਂ ਮਹੀਨਿਆਂ ਬਾਅਦ ਪਹੁੰਚਦੀਆਂ ਸਨ, ਹੁਣ ਇੰਟਰਨੈੱਟ ਦੇ ਪ੍ਰਵੇਸ਼ ਨਾਲ ਹਰ ਨਵੀਂ ਖ਼ਬਰ ਮੋਬਾਈਲ/ਕੰਪਿਊਟਰ ਰਾਹੀਂ ਸਕਿੰਟਾਂ ਵਿਚ ਹੀ ਪਹੁੰਚ ਰਹੀਆਂ ਹਨ। ਇੰਟਰਨੈੱਟ ਨੇ ਅਖ਼ਬਾਰਾਂ, ਟੀ.ਵੀ, ਰੇਡੀਓ 'ਤੇ ਨਿਰਭਰਤਾ ਵੀ ਖਤਮ ਕਰ ਦਿੱਤੀ ਹੈ। ਇੱਕ ਹੀ ਮੀਡੀਆ ਰਾਹੀਂ ਤੁਸੀ ਖ਼ਬਰਾਂ ਪੜ੍ਹ ਸਕਦੇ ਹੋ, ਦੇਖ ਸਕਦੇ ਹੋ, ਸੁਣ ਸਕਦੇ ਹੋ। ਅਖ਼ਬਾਰਾਂ, ਰੇਡੀਓ ਅਤੇ ਟੀ.ਵੀ. ਦੇ ਭਵਿੱਖ ਉੱਪਰ ਸਵਾਲੀਆ ਨਿਸ਼ਾਨ ਲੱਗ ਗਿਆ ਹੈ, ਇਸੇ ਲਈ ਹਰੇਕ ਵੱਡੇ ਮੀਡੀਆ ਹਾਊਸ ਨੇ ਆਪਣੀਆਂ ਅਖ਼ਬਾਰਾਂ ਨੂੰ ਆਨਲਾਈਨ ਕਰਨ ਦੇ ਨਾਲ-ਨਾਲ ਖ਼ਬਰਾਂ ਦੀ ਆਡੀਓ ਵੀਡੀਓ ਵੀ ਦੇਣੀ ਸ਼ੁਰੂ ਕਰ ਦਿੱਤੀ ਹੈ। ਵੱਖ-ਵੱਖ ਮੀਡੀਆ ਦੇ ਭਰਤ ਮਿਲਾਪ ਨੇ ਮਨੁੱਖ ਨੂੰ ਤੀਜੀ ਦੁਨੀਆਂ ਵਿਚ ਪ੍ਰਵੇਸ਼ ਕਰਵਾ ਦਿੱਤਾ ਹੈ। ਕਲਾਸ ਰੂਮ ਵਿਚ ਬਲੈਕ ਬੋਰਡ ਵੀ ਆਪਣੀ ਮਹੱਤਤਾ ਗਵਾ ਲੈਣਗੇ। ਅਖ਼ਬਾਰਾਂ, ਰੇਡੀਓ, ਟੀ.ਵੀ. ਆਦਿ ਸਭ ਕੁਝ ਆਈ-ਪੈਡ ਵਰਗੀਆਂ ਨੋਟ-ਬੁੱਕਾਂ ਤੱਕ ਸੀਮਤ ਰਹਿ ਜਾਵੇਗਾ। ਲੋਕ-ਪ੍ਰਲੋਕ ਵਿਚ ਜਿਥੇ ਨਾਰਦ ਮੁਨੀ ਰਿਸ਼ੀ ਮਿੰਟਾਂ-ਸਕਿੰਟਾਂ ਵਿਚ ਖ਼ਬਰਾਂ ਲੈ ਕੇ ਪਹੁੰਚ ਜਾਂਦਾ ਸੀ, ਅੱਜ ਇਕ ਵਾਰ ਫੇਰ ਧਰਤੀ 'ਤੇ ਖ਼ਬਰਾਂ ਬਿਨਾਂ ਕਿਸੇ ਨਾਰਦ ਰਿਸ਼ੀ ਦੇ ਮਿੰਟਾਂ-ਸਕਿੰਟਾਂ ਵਿਚ ਪਹੁੰਚਣੀਆਂ ਸ਼ੁਰੂ ਹੋ ਗਈਆਂ ਹਨ।

17ਵੀਂ ਸਦੀ ਦੇ ਅੱਧ ਦੇ ਨੇੜੇ-ਤੇੜੇ ਸ਼ਬਦ ਨਿਊਜ਼ ਬੁੱਕ ਦੀ ਥਾਂ ਨਿਊਜ਼ ਪੇਪਰ ਸ਼ਬਦ ਵਰਤਿਆ ਜਾਣ ਲੱਗ ਪਿਆ। ਕਿਹਾ ਜਾਂਦਾ ਹੈ ਕਿ ਸਭ ਤੋਂ ਪਹਿਲਾ ਪੱਤਰ 'ਐਕਟਾ ਡਿਉਰਨਾ' ਸੀ। ਜੋ ਕਿ ਰੋਮ ਤੋਂ ਜੂਲੀਅਸ ਸੀਜ਼ਰ ਦੇ ਸਮੇਂ (ਈਸਵੀ ਸਦੀ ਤੋਂ ਪਹਿਲਾਂ) ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਇਸ ਵਿਚ ਤਕਰੀਬਨ ਸਰਕਾਰੀ ਐਲਾਨਾਂ ਬਾਰੇ ਹੀ ਸੂਚਨਾ ਹੁੰਦੀ ਸੀ। ਸੋ, ਇਸ ਤਰ੍ਹਾਂ ਬਰਤਾਨੀਆ ਦਾ ਰੋਜ਼ਾਨਾ ਸਮਾਚਾਰ ਪੱਤਰ 1702 ਈਸਵੀ ਵਿਚ 'ਦੀ ਡੇਲੀ ਕੌਰੈਂਟ' ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਇਸ ਉਪਰੰਤ ਬਾਕੀ ਦੇਸ਼ਾਂ ਵਿਚ ਵੀ ਅਖ਼ਬਾਰ ਪ੍ਰਕਾਸ਼ਿਤ ਹੋਣੇ ਸ਼ੁਰੂ ਹੋ ਗਏ।

# ਭਾਰਤ 'ਚ ਬੱਚੀਆਂ ਦੀ ਬੇਕਦਰੀ ਕਿਉਂ?

ਕੋਈ ਮਨੁੱਖ ਇੰਨਾ ਜ਼ਾਲਮ ਅਤੇ ਸੰਵੇਦਨਾਹੀਣ ਵੀ ਹੋ ਸਕਦਾ ਹੈ, ਸੋਚ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ। ਪਿਛਲੇ ਕੁਝ ਦਿਨਾਂ ਤੋਂ ਜਿਸ ਤਰ੍ਹਾਂ ਦੀਆਂ ਖਬਰਾਂ ਭਾਰਤ ਤੋਂ ਆ ਰਹੀਆਂ ਹਨ, ਉਨ੍ਹਾਂ ਨੇ ਹਰ ਇਕ ਸ਼ਖਸ ਨੂੰ ਪ੍ਰੇਸ਼ਾਨ ਕੀਤਾ ਹੈ। ਇਹ ਖਬਰਾਂ ਪਹਿਲਾਂ ਬਿਹਾਰ ਤੋਂ ਆਈਆਂ, ਹੁਣ ਉਤਰ ਪ੍ਰਦੇਸ਼ ਦੀ ਵਾਰੀ ਹੈ। ਬਿਹਾਰ ਵਿਚ ਭਾਜਪਾ ਦੀ ਭਾਈਵਾਲੀ ਵਾਲੀ ਸਰਕਾਰ ਹੈ ਅਤੇ ਉਤਰ ਪ੍ਰਦੇਸ਼ ਵਿਚ ਭਾਜਪਾ ਦੇ ਸਭ ਤੋਂ ਲਾਡਲੇ ਲੀਡਰ ਯੋਗੀ ਅਦਿਤਿਆਨਾਥ ਸਰਕਾਰ ਚਲਾ ਰਹੇ ਹਨ।

ਦੋਹਾਂ ਹੀ ਥਾਂਵਾਂ 'ਤੇ ਪ੍ਰਸ਼ਾਸਨ ਦੀ ਨਾਅਹਿਲੀਅਤ ਤਾਂ ਸਾਹਮਣੇ ਆਈ ਹੀ ਹੈ, ਦੋਸ਼ੀਆਂ ਨੂੰ ਬਚਾਉਣ ਲਈ ਹਰ ਪੱਧਰ ਉਤੇ ਚਾਲਾਂ ਵੀ ਚੱਲੀਆਂ ਗਈਆਂ। ਨਾਬਾਲਗ ਬੱਚੀਆਂ ਜਿਨ੍ਹਾਂ ਨੂੰ ਸੁਰੱਖਿਆ ਖਾਤਰ ਵਿਸ਼ੇਸ਼ ਸ਼ਰਨਗਾਹਾਂ ਵਿਚ ਰੱਖਿਆ ਜਾ ਰਿਹਾ ਸੀ, ਉਥੇ ਹੀ ਉਨ੍ਹਾਂ ਨੂੰ ਜਿਸਮਫਰੋਸ਼ੀ ਲਈ ਮਜਬੂਰ ਕੀਤਾ ਗਿਆ। ਬਿਹਾਰ ਦੇ ਮੁਜ਼ੱਫਰਪੁਰ ਸ਼ਹਿਰ ਵਿਚ ਇਕ ਗੈਰ ਸਰਕਾਰੀ ਸੰਸਥਾ (ਐਨਲ਼ਜੀਲ਼ਓਲ਼) ਵੱਲੋਂ ਚਲਾਏ ਜਾ ਰਹੇ ਬਾਲਿਕਾਗ੍ਰਹਿ ਵਿਚ ਬੱਚੀਆਂ ਦੇ ਜਿਸਮਾਨੀ ਸ਼ੋਸ਼ਣ ਅਤੇ ਜਿਸਮਫਰੋਸ਼ੀ ਦੀ ਘਟਨਾ ਦੀ ਸਿਆਹੀ ਅਜੇ ਸੁੱਕੀ ਵੀ ਨਹੀਂ ਸੀ ਕਿ ਉਤਰ ਪ੍ਰਦੇਸ਼ ਦੇ ਦੇਵਰੀਆ ਜ਼ਿਲ੍ਹੇ ਦੇ ਬਾਲਿਕਾਗ੍ਰਹਿ ਦੀ ਵੀ ਅਜਿਹੀਆਂ ਕਰਤੂਤਾਂ ਦਾ ਮਾਮਲਾ ਸਾਹਮਣੇ ਆ ਗਿਆ। ਇਹ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਕੇਂਦਰੀ ਬਾਲ ਤੇ ਮਹਿਲਾ ਕਲਿਆਣ ਮਹਿਕਮੇ ਨੇ ਦੇਸ਼ ਦੇ ਸਾਰੇ ਹਿੱਸਿਆਂ ਵਿਚ ਚਲਾਏ ਜਾ ਰਹੇ ਅਜਿਹੇ ਆਸਰਾ ਘਰਾਂ ਦੀ ਚੈਕਿੰਗ ਦੇ ਹੁਕਮ ਦਿੱਤੇ ਹਨ ਪਰ ਸਵਾਲ ਹੈ ਕਿ ਅਜਿਹੇ ਹੁਕਮਾਂ ਨਾਲ ਅਜਿਹੇ ਸਮਾਜਕ ਕੁਕਰਮ ਰੁਕ ਜਾਣਗੇ ? ਛੇ ਸਾਲ ਪਹਿਲਾਂ ਜਦੋਂ ਦਿੱਲੀ ਵਿਚ ਨਿਰਭਯਾ ਕਾਂਡ ਵਾਪਰਿਆ ਸੀ ਤਾਂ ਪੂਰੇ ਦੇਸ਼ ਵਿਚ ਇਸ ਖਿਲਾਫ ਰੋਹ ਅਤੇ ਰੋਸ ਪੈਦਾ ਹੋ ਗਿਆ ਸੀ। ਇਸ ਕੇਸ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ ਅਤੇ ਅਜਿਹੇ ਜ਼ੁਲਮਾਂ ਦੀਆਂ ਸ਼ਿਕਾਰ ਲੜਕੀਆਂ ਦੀ ਇਮਦਾਦ ਲਈ 1000 ਕਰੋੜ ਰੁਪਏ ਦਾ ਵਿਸ਼ੇਸ਼ ਫੰਡ ਬਣਾ ਦਿੱਤਾ ਗਿਆ। ਸਵਾਲ ਹੈ ਕਿ ਇਸ ਨਾਲ ਬੱਚੀਆਂ ਦੇ ਸ਼ੋਸ਼ਣ ਦੇ ਮਾਮਲੇ ਰੁਕ ਗਏ ? ਜਵਾਬ 'ਨਹੀਂ' ਵਿਚ ਹੀ ਆਵੇਗਾ। ਅਸਲ ਵਿਚ ਰੋਗੀ ਹੋ ਚੁਕੇ ਸਮਾਜ ਨਾਲ ਨਜਿੱਠਣ ਲਈ ਸਰਕਾਰਾਂ ਨੇ ਕੁਝ ਵੀ ਨਹੀਂ ਕੀਤਾ ਹੈ। ਵੱਖ-ਵੱਖ ਪਾਰਟੀਆਂ ਨੇ ਆਪੋ-ਆਪਣੀ ਪਾਰਟੀ ਦੇ ਹਿਸਾਬ ਨਾਲ ਸਿਆਸਤ ਜ਼ਰੂਰ ਕੀਤੀ ਪਰ ਜ਼ਮੀਨੀ ਪੱਧਰ ਉਤੇ ਕੁਝ ਵੀ ਨਹੀਂ ਕੀਤਾ ਗਿਆ। ਜੇ ਅਜਿਹਾ ਹੁੰਦਾ ਜਾਂ ਸਰਕਾਰਾਂ ਵਲੋਂ ਸਖਤੀ ਦਾ ਸੁਨੇਹਾ ਦਿੱਤਾ ਗਿਆ ਹੁੰਦਾ ਤਾਂ ਕੁਝ ਮਹੀਨੇ ਪਹਿਲਾਂ ਕਠੂਆ ਵਿਚ ਭਿਆਨਕ ਕਾਰਾ ਨਾ ਵਾਪਰਦਾ ਅਤੇ ਨਾ ਹੀ ਦੋਸ਼ੀਆਂ ਨੂੰ ਬਣਾਉਣ ਲਈ ਭਾਜਪਾ ਲੀਡਰ ਮੁਜਾਹਰੇ ਕਰਦੇ। ਕੇਂਦਰ ਸਰਕਾਰ ਨੇ ਹੁਣ ਇਕ ਨਵਾਂ ਕਾਨੂੰਨ ਪਾਸ ਕੀਤਾ ਹੈ। ਇਸ ਅਨੁਸਾਰ 12 ਸਾਲ ਤੋਂ ਘੱਟ ਉਮਰ ਵਾਲੀ ਬਾਲੜੀ ਨਾਲ ਜਬਰ ਜਨਾਹ ਕਰਨ ਵਾਲੇ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇਗੀ। ਕੀ ਅਜਿਹੇ ਮਾਮਲਿਆਂ ਨੂੰ ਰੋਕਣ ਲਈ ਸਿਰਫ ਫਾਂਸੀ ਹੀ ਇਕੋ-ਇਕ ਰਾਹ ਹੈ ? ਅਸਲ ਗੱਲ ਤਾਂ ਲੀਡਰਾਂ ਦੀ ਇੱਛਾ ਸ਼ਕਤੀ ਦੀ ਹੈ। ਜੇ ਲੀਡਰ ਹੀ ਦੋਸ਼ੀਆਂ ਨੂੰ ਬਚਾਉਣਗੇ ਤਾਂ ਦੋਸ਼ੀਆਂ ਨੂੰ ਸਜ਼ਾ ਕੌਣ ਦਿਵਾਏਗਾ, ਕਿਉਂਕਿ ਭਾਰਤ ਅੰਦਰ ਸਮੁੱਚਾ ਸਿਸਟਮ ਤਾਂ ਸਿਆਸੀ ਲੀਡਰਾਂ ਮੁਤਾਬਕ ਚੱਲ ਰਿਹਾ ਹੈ। ਪੁਲਿਸ, ਪ੍ਰਸ਼ਾਸਨ, ਇਥੋਂ ਤੱਕ ਕਿ ਅਦਾਲਤਾਂ ਵਿਚ ਵੀ ਸਿਆਸੀ ਦਖਲ ਦੀਆਂ ਸੂਹਾਂ ਅਕਸਰ ਪੈਂਦੀਆਂ ਰਹਿੰਦੀਆਂ ਹਨ। ਜਸਟਿਸ ਕੇਲ਼ ਐਮਲ਼ ਜੋਜ਼ੇਫ ਦਾ ਮਾਮਲਾ ਇਸ ਦੀ ਤਾਜ਼ਾ ਮਿਸਾਲ ਹੈ। ਇਸ ਜੱਜ ਨੇ ਮੋਦੀ ਸਰਕਾਰ ਵਲੋਂ ਉਤਰਾਖੰਡ ਵਿਚ ਰਾਸ਼ਟਰਪਤੀ ਰਾਜ ਲਾਉਣ ਦੇ ਖਿਲਾਫ ਫੈਸਲਾ ਸੁਣਾ ਦਿੱਤਾ ਸੀ ਜਿਸ ਦੀ ਸਜ਼ਾ ਇਹ ਜੱਜ ਅੱਜ ਤੱਕ ਭੁਗਤ ਰਿਹਾ ਹੈ। ਪਹਿਲਾਂ ਤਾਂ ਉਸ ਨੂੰ ਸੁਪਰੀਮ ਕੋਰਟ ਦੇ ਕਾਲਜੀਅਮ ਦੀ ਸਿਫਾਰਿਸ਼ ਦੇ ਬਾਵਜੂਦ ਸੁਪਰੀਮ ਕੋਰਟ ਦਾ ਜੱਜ ਬਣਾਇਆ ਨਹੀਂ ਗਿਆ, ਹੁਣ ਮਜਬੂਰੀ ਵਿਚ ਬਣਾਉਣਾ ਪੈ ਗਿਆ ਹੈ ਤਾਂ ਉਸ ਦੀ ਸੀਨੀਅਰਤਾ ਘਟਾ ਦਿੱਤੀ ਗਈ ਹੈ। ਇਸ ਦਾ ਸਿੱਧਾ ਅਤੇ ਸਾਫ ਸੁਨੇਹਾ ਇਹ ਹੈ ਕਿ ਸਿਆਸੀ ਪਾਰਟੀਆਂ, ਸਥਾਪਤੀ ਅਤੇ ਲੀਡਰਾਂ ਖਿਲਾਫ ਫੈਸਲਾ ਕਰਨ ਵਾਲਿਆਂ ਦਾ ਅਗਾਂਹ ਨੂੰ ਇਹੀ ਹਾਲ ਹੋ ਸਕਦਾ ਹੈ। ਕੀ ਅਜਿਹੇ ਹਾਲਾਤ ਵਿਚ ਅਦਾਲਤਾਂ ਤੋਂ ਨਿਆਂ ਦੀ ਕੋਈ ਉਮੀਦ ਰੱਖੀ ਜਾ ਸਕਦੀ ਹੈ ? ਦਰਅਸਲ, ਗੈਰਕਾਨੂੰਨੀ ਅਤੇ ਅਮਾਨਵੀ ਧੰਦੇ ਸਿਆਸਤਦਾਨਾਂ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਕੀਤੇ ਜਾ ਰਹੇ ਹਨ। ਕਿਸੇ ਵੀ ਮਾਮਲੇ ਦੀ ਪੁਣਛਾਣ ਕਰ ਲਓ, ਇਹ ਮਿਲੀਭੁਗਤ ਸਾਹਮਣੇ ਆ ਜਾਂਦੀ ਹੈ। ਕੀ ਅਦਾਲਤਾਂ ਨੂੰ ਅਜਿਹੀ ਮਿਲੀਭੁਗਤ ਦੀ ਸੂਹ ਨਹੀਂ ਲੱਗਦੀ ? ਇਹ ਵੱਡਾ ਸਵਾਲ ਹੈ ਕਿਉਂਕਿ ਲੋਕ ਆਖਰਕਾਰ ਨਿਆਂ ਲਈ ਅਦਾਲਤਾਂ ਕੋਲ ਹੀ ਤਾਂ ਜਾਂਦੇ ਹਨ। ਮੁਜ਼ੱਫਰਪੁਰ ਵਿਚਲੇ ਬਾਲਿਕਾਗ੍ਰਹਿ ਦਾ ਸੰਚਾਲਕ ਬ੍ਰਜੇਸ਼ ਠਾਕੁਰ ਪੱਤਰਕਾਰ ਵਜੋਂ ਵੀ ਵਿਚਰਦਾ ਸੀ ਅਤੇ ਸਿਆਸਤਦਾਨਾਂ ਤੇ ਸੀਨੀਅਰ ਪੁਲਿਸ ਅਫਸਰਾਂ ਨਾਲ ਵੀ ਉਸ ਦੀ ਨੇੜਤਾ ਦੇ ਕਿੱਸੇ ਸਾਹਮਣੇ ਆਏ ਹਨ। ਦੇਵਰੀਆ ਵਿਚਲੇ ਬਾਲਿਕਾਗ੍ਰਹਿ ਨੂੰ ਚਲਾਉਣ ਵਾਲਾ ਜੋੜਾ ਮੋਹਨ ਤ੍ਰਿਪਾਠੀ ਤੇ ਉਸ ਦੀ ਪਤਨੀ ਗਿਰਿਜਾ ਤ੍ਰਿਪਾਠੀ ਬਹੁਤ ਰਸੂਖਵਾਨ ਹਨ। ਇਨ੍ਹਾਂ ਦੀ ਸੰਸਥਾ ਦਾ ਲਾਇਸੈਂਸ ਪਿਛਲੇ ਸਾਲ ਰੱਦ ਕਰ ਦਿੱਤਾ ਗਿਆ ਸੀ, ਫਿਰ ਵੀ ਉਹ ਸੰਸਥਾ ਬਿਨਾ ਰੋਕ-ਟੋਕ ਚਲਾਉਂਦੇ ਰਹੇ। ਇਸ ਤੋਂ ਉਨ੍ਹਾਂ ਦੇ ਸਮਾਜਕ-ਸਿਆਸੀ ਦਾਬੇ ਦਾ ਹੀ ਪਤਾ ਲੱਗਦਾ ਹੈ।

# ਕਾਵਿ ਕਿਆਰੀ

## ਲਾ ਦੇਈਏ ਹੁਣ ਹਾਣੀਓ ਸਿਰ ਧੜ ਦੀ ਬਾਜੀ

ਮਰ ਗਈ ਹਿੰਦੀ ਦੋਸਤੋ ਕਿਉਂ ਗੈਰਤ ਸਾਡੀ,
ਗਦਰੀਆਂ ਵਾਲਾ ਫੜ ਲਵੋ ਹੁਣ ਰਸਤਾ ਗਾਡੀ,
ਸਤਵੰਜਾ ਦੀ ਯਾਦ ਮੁੜ ਕਰ ਦੇਈਏ ਤਾਜੀ,
ਲਾ ਦੇਈਏ ਹੁਣ ਹਾਣੀਓ ਸਿਰ ਧੜ ਦੀ ਬਾਜੀ ।
ਨਬਜ਼ ਪਛਾਣੋਂ ਸਮੇਂ ਦੀ ਖੁਦ ਆਪ ਮਰੀਜੋ,
ਵੈਦ, ਹਕੀਮੋਂ, ਡਾਕਟਰੋ, ਨੁਸਖਾ ਤਜਵੀਜੋ,
ਭਾਰਤ ਮਾਤਾ ਮਰ ਰਹੀ ਹੈ ਬਿਨਾਂ ਇਲਾਜੀ,
ਲਾ ਦੇਈਏ ਹੁਣ ਹਾਣੀਓ ਸਿਰ ਧੜ ਦੀ ਬਾਜੀ ।

ਗਲਤੀ ਕੀਤੀ ਪੁੱਜ ਕੇ ਸੀ ਵੱਡੇ ਹਮਾਰਿਆਂ,
ਪਾਰੋਂ ਸੱਤ ਸਮੁੰਦਰੋਂ ਆ ਕੇ ਵਣਜਾਰਿਆਂ,
ਕਬਜਾ ਕੀਤਾ ਹਿੰਦ ‘ਤੇ ਕਰ ਜਾਅਲਸਾਜੀ,
ਲਾ ਦੇਈਏ ਹੁਣ ਹਾਣੀਓ ਸਿਰ ਧੜ ਦੀ ਬਾਜੀ ।
ਸਾਮਰਾਜ ਦੇ ਬੋਹੜ ਦੀ ਜੜ੍ਹ ਮੁੱਢੋਂ ਪੁੱਟੋ,
ਧਰਮ ਯੁੱਧ ਵਿੱਚ ਜੂਝਣੋਂ ਨਾ ਪਿੱਛੇ ਹਟੋ,
ਆਜ਼ਾਦੀ ਦੀ ਜੰਗ ਵਿੱਚ ਨਾ ਬਣੀਏ ਪਾਜੀ,
ਲਾ ਦੇਈਏ ਹੁਣ ਹਾਣੀਓ ਸਿਰ ਧੜ ਦੀ ਬਾਜੀ ।

ਕਈ ਹਜ਼ਾਰਾਂ ਗੱਭਰੂ ਭਾਰਤ ਦੇ ਪੁੱਤਰ,
ਵਿੱਚ ਮੈਦਾਨੇ ਜੰਗ ਦੇ ਆਏ ਹਨ ਉਤਰ,
ਰਣਭੂਮੀ ਵਿੱਚ ਜੂਝੀਏ ਬਣ ਮਰਦ ਜੋ ਗਾਜੀ,
ਲਾ ਦੇਈਏ ਹੁਣ ਹਾਣੀਓ ਸਿਰ ਧੜ ਦੀ ਬਾਜੀ ।
ਆਜ਼ਾਦੀ ਦੀ ਜੰਗ ਨਾ ਇਉਂ ਅੱਗੇ ਸਿਰਕੂ,
ਦਿੰਦਾ ਸਾਨੂੰ ਵਧਣ ਨਾ ਇਹ ਟੋਲਾ ਫਿਰਕੂ,
ਨਾਲ ਗੁੰਥੀ ਦੇ ਰਲੇ ਪੰਡਤ ਤੇ ਕਾਜੀ,
ਲਾ ਦੇਈਏ ਹੁਣ ਹਾਣੀਓ ਸਿਰ ਧੜ ਦੀ ਬਾਜੀ ।

ਅਣਖੀਲਿਆਂ ਨੂੰ ਮਰਨ ਲਈ ਥਾਂ ਨਹੀਂ ਥਿਆਉਂਦਾ,
ਮੋੜੋ ਦੋ ਸੌ ਸਾਲ ਦਾ ਗੋਰੇ ਦਾ ਨਿਉਂਦਾ,
ਵਾਪਿਸ ਹੁਣ ਅੰਗਰੇਜ ਦੀ ਕਰ ਦੇਈਏ ਭਾਜੀ,
ਲਾ ਦੇਈਏ ਹੁਣ ਹਾਣੀਓ ਸਿਰ ਧੜ ਦੀ ਬਾਜੀ ।
ਕਹੇ ਕਰਨੈਲ ਅਜੀਤ ਸਿੰਘ ਸੁਆਹ ਖੱਟੀਆਂ ਖੱਟੀਆਂ,
ਜੇ ਨਾ ਮੁਸ਼ਕਾਂ ਮਾਂ ਦੀਆਂ ਆਪਾਂ ਨੇ ਕੱਟੀਆਂ,
ਐਂਵੇ ਭਾਰਤ ਬਾਪ ਨੇ ਨਾ ਹੋਣਾ ਰਾਜੀ,
ਲਾ ਦੇਈਏ ਹੁਣ ਹਾਣੀਓ ਸਿਰ ਧੜ ਦੀ ਬਾਜੀ ।

## ਬੈਂਤ

ਹਿੰਦੂ ਮੁਸਲਮ ਫਸਾਦ ‘ਤੇ ਫਿਰੇਂ ਖਿੜਿਆ,
ਵਾਹ ਬਈ ਵਾਹ ਖੁਦਾ ਅਲਬੇਲਿਆ ਓਇ
ਜਿਨ੍ਹਾਂ ਗੁੰਡਿਆਂ ਪੱਟ ਕਰੀਰ ਸਿੱਟੇ,
ਕੱਟ ਤੈਨੂੰ ਵੀ ਦੇਣਗੇ ਕੇਲਿਆ ਓਇ
ਭਗਤ ਵੇਂਹਦਿਆਂ ਨੰਗ ਕੰਗਾਲ ਹੋਗੇ,
ਤੇਰੇ ਨਾਮ ਦਾ ਜੂਆ ਜੇ ਖੇਲ੍ਹਿਆ ਓਏ
ਚੌਵੀ ਸਾਲ ਭਗਤੀ ਹੋ ਜੇ ਇਕ ਗਲਤੀ,
ਰੁੜ੍ਹ ਜੇਂ ਝੱਟ ਤੂੰ ਟੁੱਕ ਤੋਂ ਡੇਲਿਆ ਓਇ
ਤੇਰੇ ਹੁੰਦਿਆਂ ਹਿੰਦ ਵਿਚ ਰਾਤ ਕਾਲੀ
ਬੱਲੇ ਬੱਲੇ ਸਵੇਰ ਦਿਆ ਵੇਲਿਆ ਓਇ
ਜਗ੍ਹਾ ਖਾਣ ਦੀ ਸਿਰਾਂ ਨੂੰ ਪਾੜ ਦੇਵੇਂ,
ਕੌੜੇ ਬੂਟੇ ਨੂੰ ਲੱਗੇ ‘ਵੇ ਕੇਲਿਆ ਓਏ
ਹਿੰਦੂ ਖਾਲਸੇ ਮੁਸਲਮਾਂ ਜਦੋਂ ‘ਕੱਠੇ,
ਤੇਰੀ ਹਿੱਕ ਉਤੇ ਨਾਗ ਮੇਲ੍ਹਿਆ ਓਇ
ਰਾਜਗੁਰੂ ਤੇ ਭਗਤ ਕਰਤਾਰ ਤਾਈਂ,
ਤੈਂ ਕਿਉਂ ਵੇਲਣੇ ਵਿਚ ਦੀ ਵੇਲਿਆ ਓਇ।
ਅੱਠੇ ਪਹਿਰ ਆਖੇਂ ਮੇਰੇ ਵੱਲ ਦੇਖੋ,
ਸਾਨੂੰ ਕੰਮ ਨਾ ਕਰਨ ਦਏਂ ਵਿਹਲਿਆ ਓਇ।
ਸੋਨ-ਮੋਹਰਾਂ ਨੇ ਮਣਾਂ-ਮੂੰਹ ਚਰਲੀਆਂ ਤੂੰ,
ਇਹ ਕੀ ਕੀਤਾ ਹੈ ਤਾਂਬੇ ਦਿਆ ਧੇਲਿਆ ਓਇ।
ਅਸੀਂ ਧੱਕ ਕੇ ਚਾੜ੍ਹੀਏ ਉਤਾਂਹ ਤੈਨੂੰ,
ਉਲਟਾ ਸਾਨੂੰ ਹੀ ਦਰੜ ਦਏਂ ਠੇਲ੍ਹਿਆ ਓਇ।

‘ਕਰਨੈਲ ਸਿੰਘ ਪਾਰਸ’

## ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ



ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ
ਰਲ ਸੰਗ ਕਾਫਲੇ ਦੇ, ਛੇਤੀ ਬੰਨ ਬਿਸਤਰਾ ਕਾਫਰ
ਕਈ ਪਹਿਲੀ ਡਾਕ ਚੜ੍ਹੇ, ਬਾਕੀ ਟਿੱਕਟਾਂ ਲੈਣ ਮੁਸਾਫਿਰ।
ਹੈ ਸਿਗਨਲ ਹੋਇਆ ਵਾ ਗਾਰਡ ਵਿਸਲਾਂ ਪਿਆ ਵਜਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।

ਘਰ ਨੂੰਹ ਨੇ ਸਾਂਭ ਲਿਆ, ਤੁਰ'ਗੀ ਧੀ ਝਾੜ ਕੇ ਪੱਲੇ,
ਪੋਤੇ ਨੇ ਜਨਮ ਲਿਆ, ਬਾਬਾ ਸਿਵਿਆਂ ਦੇ ਵੱਲ ਚੱਲੇ।
ਕਿਤੇ ਜ਼ੋਰ ਮਕਾਣਾਂ ਦਾ, ਕਿਧਰੇ ਹਨ ਵਿਆਹ ਤੇ ਮੁਕਲਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।

ਰਫਤਾਰ ਜ਼ਮਾਨੇ ਦੀ, ਕਰਿਆਂ ਤੇਜ਼ ਨਾ ਹੋਵੇ ਢਿੱਲੀ,
ਲੱਖ ਰਾਜੇ ਬਹਿ ਤੁਰ ਗਏ, ਉਥੇ ਦੀ ਉਥੇ ਹੈ ਦਿੱਲੀ।
ਗਏ ਲੁੱਟ ਵਿਚਾਰੀ ਨੂੰ, ਨਾਦਿਰ ਸ਼ਾਹ ਵਰਗੇ ਕਰ ਧਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।

ਲੱਖ ਪੰਛੀ ਬਹਿ ਉਡ ਗਏ, ਬੁੱਢੇ ਬੋਹੜ ਬਿਰਛ ਦੇ ਉਤੇ,
ਸਨ ਜੇਤੂ ਦੁਨੀਆਂ ਦੇ, ਲੱਖਾਂ ਸਿਕੰਦਰ ਕਬਰੀਂ ਸੁੱਤੇ।
ਬੱਸ ਇਸ ਕਚਹਿਰੀ ‘ਚੋਂ, ਤੁਰ ਗਏ ਕੁੱਲ ਹਾਰ ਕੇ ਦਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।

ਰਲ ਮਾਨ ਭਰਾਵਾਂ ਨੇ, ਨਿੱਤ ਨੀ ਗਾਉਣੇ ਗੀਤ ਇਕੱਠਿਆਂ,
ਕਰਨੈਲ ਕਵੀਸ਼ਰ ਨੇ, ਕਿਧਰੇ ਲੁੱਕ ਨੀ ਜਾਣਾ ਨੱਠਿਆਂ।
ਵਾਂਗੂ ਇੱਲ ਭੁੱਖੀ ਦੇ, ਲੈਂਦੀ ਫਿਰਦੀ ਮੌਤ ਕਲਾਵੇ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ, ਇੱਕ ਜਾਵੇ।

## ਖਰੀਆਂ ਖਰੀਆਂ

ਹੱਥ ਧਰਕੇ ਉੱਤੇ ਕਾਲਜੇ ਦੇ,
ਗੱਦੀ ਛੱਡ ਕੇ ਗਿਆ ਬਹਿ ਲਾਲਾ।
ਵੇਖ ਮੱਚਿਆ ਭਾਂਬੜ ਵਿੱਚ ਹੱਟੀ,
ਸ਼ੇਰ ਵੇਖ ਕੇ ਗਿਆ ਸ਼ਹਿ ਲਾਲਾ।

ਟੱਬਰ ਉੱਜੜਦਾ ਵੇਖ ਕੇ ਅੱਖਾਂ ਮੂਹਰੇ,
ਮੂੰਹੋਂ ਕੁਝ ਨਾ ਸਕਿਆ ਕਹਿ ਲਾਲਾ।
ਪਾ ਦੇਣਗੇ ਸ਼ਰੀਕ ਹੁਣ ਬਾਂਹ ਵੰਗਣੇ,
ਬੋਲਣ ਜੋਗਾ ਨਾ ਛੱਡਣਗੇ ਜੈ ਲਾਲਾ।

ਗਿਣਤੀ ਲੱਗ ਹੀ ਪਿਆ ਕਰਨ ਪੁੱਠੀ,
ਵੇਖ ਲੱਗਦੀ ਖੇਸ ਦੀ ਤਹਿ ਲਾਲਾ।
ਲੰਘ ਜਾਂਦੀ ਹੈ ਰਾਤ ਜਾਗਦੇ ਨੂੰ,
ਨੀਂਦ ਸੌਂਦਾ ਪਾਟਦੀ ਪਹਿ ਲਾਲਾ।

ਹੱਟ ਖੋਲ੍ਹਕੇ ਬਿਗਾਨੇ ਸ਼ਹਿਰ ਭਾਵੇਂ,
ਕਰ ਕਮਾਈ ਗਿਆ ਲੈ ਲਾਲਾ।
ਨਾਰਾ ਛੱਡਕੇ ਵਹਿੜਕਾ ਬੱਕਰੀ ਨੂੰ,
ਗਿਆ ‘ਭਗਤਿਆ’ ਭੱਜ ਕੇ ਪੈ ਲਾਲਾ।

**ਸੁਖਮੰਦਰ ਸਿੰਘ ਬਰਾੜ ‘ਭਗਤਾ ਭਾਈ ਕਾ’** 604-751-1113 **(ਕੈਨੇਡਾ)**

## ਕਾਟੋ ਕਲੇਸ਼

ਆਪੋ ਵਿਚ ਫਸ ਫਸ, ਤੀਲਾ ਤੀਲਾ ਹੋ ਗਿਆ
ਸਾਨੂੰ ਜਿਹੜੇ ਝਾੜੂ ਤੋਂ, ਸਫਾਈਆਂ ਦੀ ਉਮੀਦ ਸੀ

ਇੱਕ ਇੱਕ ਕਰ ਉਹ, ਚਿਰਾਗ ਬੁਝ ਚੱਲੇ ਆ
ਸਾਨੂੰ ਜਿਨਾਂ ਕੋਲੋਂ, ਰੁਸ਼ਨਾਈਆਂ ਦੀ ਉਮੀਦ ਸੀ

ਕੈਂਸਰਾਂ ਸਮੈਕ ਅਤੇ, ਕੱਫਣ ਨਸੀਬ ਹੋਏ
ਪਰ ਰੁਜ਼ਗਾਰ ਤੇ, ਪੜਾਈਆਂ ਦੀ ਉਮੀਦ ਸੀ

ਖੰਜਰ ਖਭੋਏ ਉਹਨਾਂ, ਧੋਖੇ ਬੇਬਫਾਈਆਂ ਦੇ
ਸਾਨੂੰ ਜਿਹੜੇ ਯਾਰਾਂ ਤੋਂ ,ਬਫਾਈਆਂ ਦੀ ਉਮੀਦ ਸੀ

ਮੇਹਣੋਂ ਮੇਹਣੀ ਹੋ ਕੇ ਅੱਜ ,ਟੁੱਟ ਗਈਆਂ ਯਾਰੀਆਂ
ਸ਼ਗਨਾਂ, ਵਿਆਹਾਂ, ਕੁੜਮਾਈਆਂ ਦੀ ਉਮੀਦ ਸੀ

ਗੈਂਗਵਾਰਾਂ ਚਿੱਟਿਆਂ ਸਮੈਕਾਂ ਨੀ ਹੀ ਖਾ ਲਏ
ਸਾਨੂੰ ਜਿਨਾਂ ਪੁੱਤਾਂ ਤੋਂ, ਕਮਾਈਆਂ ਦੀ ਉਮੀਦ ਸੀ

ਬੇ ਇਤਫ਼ਾਕੀ ਦੀਆਂ ,ਅੱਗਾਂ ਨੇ ਹੀ ਸਾੜਤੇ
ਜਿਥੋਂ ਠੰਡੇ ਬੁੱਲੇ, ਪੁਰਵਾਈਆਂ ਦੀ ਉਮੀਦ ਸੀ

ਲੂਣ ਉਹਨਾਂ ਜਖਮਾਂ ਤੇ, ਭੁੱਕਿਆ ਸਾਹੋਤੇਆ
ਜਿੰਨਾਂ ਕੋਲੋਂ ਮੱਲ੍ਹਮਾਂ, ਦਵਾਈਆਂ ਦੀ ਉਮੀਦ ਸੀ

**-ਕੁਲਵੀਰ ਸਿੰਘ ਡਾਨਸੀਵਾਲ** 778 863-2472

## ਗੁਰੂ ਦਾ ਪੂਰਨ ਸਿੰਘ



**ਭਗਤ ਪੂਰਨ ਸਿੰਘ ਪਿੰਗਲਵਾੜਾ ਵਾਲਿਆਂ ਦੇ ਨਾਂ**

ਗੁਰੂ ਨਾਨਕ ਦੀ ਬਾਣੀ ਜਿਸ ਦੇ ਸਾਹੀਂ ਤੁਰਦੀ।
ਗੁਰੂ ਅੰਗਦ ਦੀ ਸੇਵਾ-ਸ਼ਕਤੀ।
ਭਰ ਭਰ ਗਾਗਰ, ਕਈ ਕਈ ਸਾਗਰ।
ਦੀਨ ਦੁਖੀ ਦੀ ਪਿਆਸ ਬੁਝਾਈ।
ਅਮਰਦਾਸ ਗੁਰ ਕੋਲੋਂ ਉਸਨੇ ਲੰਗਰ ਲੈ ਕੇ,
ਰਾਮ ਦਾਸ ਦੀ ਧਰਤੀ ਤੇ ਸੇਵਾ ਵਰਤਾਈ।

ਅਰਜੁਨ ਗੁਰ ਤੋਂ ਸਿਦਕ ਸਬੂਰੀ।
’ਤੇਰਾ ਭਾਣਾ ਮੀਠਾ ਲਾਗੇ’।
ਚਰਨਾਮ੍ਰਿਤ ਵਿੱਚ ਭਗਤੀ ਲੈ ਕੇ,
ਅੰਮ੍ਰਿਤਸਰ ਵਿੱਚ ਡੇਰਾ ਲਾਇਆ।
ਦਸ ਗੁਰੂਆਂ ਦੀ ਬਖਸ਼ਿਸ਼ ਸਦਕਾ,
ਰਾਜੇਵਾਲ ਦਾ ਅਨਪੜ੍ਹ ਮੁੰਡਾ,
ਗੁਰੂ ਦਾ ਪੂਰਨ ਸਿੰਘ ਅਖਵਾਇਆ।
ਰੱਬ ਸੱਚੇ ਦੇ ਹੱਥੋਂ ਰਹੇ ਜੋ ’ਅੱਧ ਅਧੂਰੇ’।
ਉਨ੍ਹਾਂ ਦੀ ਸੇਵਾ ਵਿੱਚ ਆਪਣਾ ਜਨਮ ਲਗਾਇਆ।
ਤੇ ਇੱਕ ਐਸਾ ਦੀਪ ਜਗਾਇਆ।
ਜਿਸਨੇ ਨੇਰ੍ਹੀ ਰਾਤੇ ਸਾਡਾ ਰਾਹ ਰੁਸ਼ਨਾਇਆ।

ਪਿੰਗਲਵਾੜਾ ਸੇਵਾ ਅਤੇ ਸੰਭਾਲ ਦੇ ਕਾਰਨ,
ਅੱਜ ਬਣਿਆ ਇੱਕ ਐਸਾ ਘਰ ਹੈ।
ਜਿਵੇਂ ਪਵਿੱਤਰ ਰੱਬ ਦਾ ਦਰ ਹੈ।
ਲੂਲ੍ਹੇ ਲੰਗੜੇ, ਪਿੰਗਲੇ ਤੇ ਮੰਦ ਬੁੱਧੀ ਵਾਲੇ।
ਪੂਰਨ ਸਿੰਘ ਨੇ ਆਪ ਸੰਭਾਲੇ।
ਇੱਕੋ ਜਨਮ ’ਚ ਬਣਿਆ ਉਹ ਪਰਚੰਡ ਜਵਾਲਾ।
ਨਾ ਧਿਰਿਆਂ ਨੂੰ ਨਿੱਘ ਵੰਡਦਾ ਜਦ ਲੱਗਦਾ ਪਾਲ਼ਾ।

ਤੁਰਦਾ ਫਿਰਦਾ ਜਾਪੇ ਗਾਉਂਦਾ ਗੀਤ ਇਲਾਹੀ।
ਇਕੋ ਧੁਨ ਵਿਚ ਮਸਤ ਦੁਨੀ ਤੋਂ ਬੇਪ੍ਰਵਾਹੀ।
ਚੌਵੀ ਘੰਟੇ ਹੱਥ ਵਿੱਚ ਰੱਖਦਾ ਬਾਟਾ ਫੜਕੇ।
ਵੰਡਦਾ ਅੱਗੋਂ ਅੱਗੇ ਕਿਣਕਾ ਕਿਣਕਾ ਕਰਕੇ।

ਉਹ ਜਿੱਥੇ ਵੀ ਜਾਂਦਾ ਮੰਗਦਾ ਇੱਕੋ ਉੱਤਰ।
ਧਰਤੀ ਬਾਂਝ ਬਣਾ ਕੇ ਕਿਉਂ ਅਖਵਾਉਂਦੇ ਪੁੱਤਰ?
ਆਖੇ ਧਰਤੀ ਅੰਦਰ ਨਾ ਹੁਣ ਜ਼ਹਿਰ ਮਿਲਾਓ।
ਵਿਗਿਆਨਾਂ ਦੇ ਅੱਥਰੇ ਘੋੜੇ ਨੂੰ ਨੱਥ ਪਾਉ।
ਹੋ ਜਾਊ ਜ਼ਹਿਰੀਲਾ ਲੋਕੋ ਅੰਨ ਤੇ ਪਾਣੀ।
ਕਿਸੇ ਤੁਹਾਡੇ ਚੌਂਕੇ ਫਿਰ ਨਾ ਰੋਟੀ ਖਾਣੀ।

ਤੁਰਿਆ ਤੁਰਿਆ ਜਾਂਦਾ ਹੂੰਝੇ ਰਾਹ ’ਚ ਰੋੜੇ।
ਕੱਲ ਮੁ ਕੱਲਾ ਵਾਗ ਸਮੇਂ ਦੀ ਏਦਾਂ ਮੋੜੇ।
ਸਾਰੇ ਹਾੜ੍ਹ ਸਿਆਲ ਬਸੰਤਾਂ ਪੱਤਝੜ ਰੁੱਤੇ।
ਛਪੇ ਹੋਏ ਅਖ਼ਬਾਰ ਦੇ ਫਿੱਕੇ ਪੰਨਿਆਂ ਉੱਤੇ।
ਗਿਆਨ ਅਤੇ ਵਿਗਿਆਨ ਦੇ ਕਿਣਕੇ ਫਿਰ ਛਪਵਾਉਂਦਾ।
ਮੱਥੇ ਦੀ ਮਮਟੀ ਤੇ ਜਗਦੇ ਦੀਵੇ ਧਰਦਾ, ਨੇਰ੍ਹ ਮਿਟਾਉਂਦਾ।

ਚੌਂਕ ਚੁਰਸਤੇ ਪਿੰਡੀਂ ਸ਼ਹਿਰੀਂ ਹੋਕਾ ਲਾਵੇ।
ਇਸ ਧਰਤੀ ਦਾ ਪੁੱਤਰ ਅਸਲੀ ਗੱਲ ਸਮਝਾਵੇ।
ਅੰਨ੍ਹੇ ਹੋ ਕੇ ਵਰਤੀ ਜਾਓ,
ਮੂਰਖ਼ ਲੋਕੋ ਜਿੱਸਰਾਂ ਪਾਣੀ।
ਉਹ ਦਿਨ ਵੀ ਹੁਣ ਦੂਰ ਨਹੀਂ ਹੈ
ਜਦ ਇਹ ਪੂੰਜੀ ਹੈ ਮੁੱਕ ਜਾਣੀ।

ਉਸ ਦੇ ਫ਼ਿਕਰ ਨਹੀਂ ਸਨ ਚਾਰ ਦੀਵਾਰੀ ਵਾਲ਼ੇ।
ਸਰੋਕਾਰ ਸਨ ਸੁੱਚੇ, ਪਰਉਪਕਾਰੀ ਵਾਲ਼ੇ।
ਉਸ ਨੇ ਇਹ ਵਿਸ਼ਵਾਸ ਗੁਰਾਂ ਤੋਂ ਆਪ ਲਿਆ ਸੀ।
ਦਰਦ ਕਿਸੇ ਦੇ ਬਾਪੂ ਦੀ ਜਾਗੀਰ ਨਹੀਂ ਹੈ।
ਸੇਵਾ ਖ਼ਾਤਰ ਕੋਈ ਕਦਮ ਅਖ਼ੀਰ ਨਹੀਂ ਹੈ।

ਉਸ ਨੂੰ ਸੀ ਵਿਸ਼ਵਾਸ਼ ਕਿ ਜਿਸ ਦੇ ਹੱਥ ਵਿੱਚ ਬਾਟਾ।
ਉਸ ਦੀ ਜ਼ਿੰਦਗੀ ਦੇ ਵਿੱਚ ਪੈਂਦਾ ਕਦੇ ਨਾ ਘਾਟਾ।
ਹਰਿਮੰਦਰ ਦੇ ਬੂਹੇ ਬਹਿੰਦਾ ਆਪ ਨਿਰੰਤਰ।
ਪਰ ਸੋਚਾਂ ਨੂੰ ਰੱਖਿਆ ਉਸਨੇ ਸਦਾ ਸੁਤੰਤਰ।
ਸਰਬ ਧਰਮ ਵਿਸ਼ਵਾਸੀ ਉਹਦੇ ਸਾਥੀ ਹੋਏ।
ਪਰ ਉਸ ਵਰਗਾ ਕਿਹੜਾ ਹੋਏ?

ਚਾਰ ਚੁਫ਼ੇਰਿਉਂ ਲੱਭਦਾ ਰਹਿੰਦਾ ਪੈਦਲ ਤੁਰਦਾ,
ਦੀਨ ਦੁਖੀ ਨੂੰ ਆਪਣੀ ਬੁੱਕਲ ਦੇ ਵਿੱਚ ਲੈਂਦਾ।
ਤੇ ਇਹ ਕਹਿੰਦਾ।
ਗੁਰ ਦਾ ਸਿੱਖ ਜੇ ਕਰੇ ਵਿਤਕਰਾ ਸਿੱਖ ਨਹੀਂ ਰਹਿੰਦਾ।
ਸ਼ਬਦ ਚੇਤਨਾ, ਵਿਦਿਆ ਦਾ ਵੀ ਜਾਪ ਜਪਾਉਂਦਾ।
ਚਾਨਣ ਦਾ ਦਰਿਆ, ਨੇਰ੍ਹੇ ਦੀ ਅਲਖ਼ ਮੁਕਾਉਂਦਾ।

ਹੁਕਮ ਹਕੂਮਤ ਦੋਹਾਂ ਤੋਂ ਹੀ ਵੱਖਰਾ ਰਹਿੰਦਾ।
ਜਬਰ ਜ਼ੁਲਮ ਨੂੰ ਤੱਕ ਕੇ ਉਹ ਮੂੰਹ ਆਈ ਕਹਿੰਦਾ।
ਕੁਰਸੀ ਦੀ ਉਹ ਧੌਂਸ ਕਦੇ ਇਕ ਪਲ ਨਾ ਸਹਿੰਦਾ।
ਖੱਦਰਧਾਰੀ, ਰੇਸ਼ਮ ਦਿਲ ਮਨ ਤੋਂ ਨਹੀਂ ਲਹਿੰਦਾ।

ਇੱਕੋ ਨਾਅਰਾ ਲਾਉਂਦਾ, ਸੁਣਿਓ ਭੈਣ-ਭਰਾਉ।
ਮੈਂ ਜਿਸ ਮਾਰਗ ਤੁਰਿਆਂ ਮੇਰੇ ਮਗਰੇ ਆਉ।
ਮੇਰਾ ਮੁਰਸ਼ਦ ਨਾਨਕ ਉਸ ਦਾ ਵੰਸ਼ ਵਧਾਉ।
ਨੇਕੀ ਦੇ ਹਰ ਚੌਂਕ ਚੁਰਸਤੇ ਬਿਰਖ਼ ਲਗਾਉ।

ਸੇਵਾ ਸਿਮਰਨ ਸ਼ਕਤੀ ਦੇ ਸੰਗ ਰਿਸ਼ਤਾ ਜੋੜੋ।
ਕਾਮ ਕਰੋਧੀਓ, ਮੋਹ ਬੰਧਨ ਲਾਲਚ ਤੋੜੋ।
ਲੋੜੀ ਮਨ ਨੂੰ ਵਰਜੋ ਸਿੱਧੇ ਰਾਹ ’ਤੇ ਮੋੜੋ।
ਜੋ ਗੁਰ ਦੱਸਿਆ ਭਲਾ ਸਰਬ ਦਾ ਹਰ ਪਲ ਲੋੜੋ।

# ਕਿਵੇਂ ਕਰੀਏ ਛੋਟੇ ਬੱਚਿਆਂ ਦੀ ਸੰਭਾਲ


ਕੋਈ ਜੋੜਾ ਪਹਿਲੀ ਵਾਰ ਮਾਤਾ-ਪਿਤਾ ਬਣਦਾ ਹੈ ਤਾਂ ਉਸ ਨੂੰ ਇਸ ਗੱਲ ਦਾ ਗਿਆਨ ਨਹੀਂ ਹੁੰਦਾ ਕਿ ਬੱਚੇ ਦਾ ਪਾਲਣ-ਪੋਸ਼ਣ ਕਿਵੇਂ ਕੀਤਾ ਜਾਵੇ। ਹਰ ਕਦਮ 'ਤੇ ਉਸ ਅੱਗੇ ਅਨੇਕਾਂ ਸੁਆਲ ਜਨਮ ਲੈਂਦੇ ਹਨ, ਜਿਵੇਂ ਬੱਚੇ ਲਈ ਕੀ ਜ਼ਰੂਰੀ ਹੈ, ਉਸ ਨੂੰ ਕੀ ਖਾਣ ਲਈ ਦਿੱਤਾ ਜਾਵੇ ਤੇ ਇਸ ਨੂੰ ਕਿੰਨਾਂ ਚੀਜ਼ਾਂ ਤੋਂ ਦੂਰ ਰੱਖਿਆ ਜਾਵੇ। ਪੁਰਾਣੇ ਜ਼ਮਾਨੇ ਵਿੱਚ ਬੱਚਿਆਂ ਦੀ ਸਾਂਭ-ਸੰਭਾਲ ਦਾਦਾ-ਦਾਦੀ ਵੱਲੋਂ ਕੀਤੀ ਜਾਂਦੀ ਸੀ ਪਰ ਹੁਣ ਛੋਟੇ ਪਰਿਵਾਰਾਂ ਨੇ ਸਾਰਾ ਕੁਝ ਤਹਿਸ-ਨਹਿਸ ਕਰ ਦਿੱਤਾ ਹੈ। ਇਸ ਕਰਕੇ ਹੁਣ ਚੰਗੇ ਮਾਤਾ-ਪਿਤਾ ਬਣਨ ਦੀ ਸਿਖਲਾਈ ਦਾ ਮਹੱਤਵ ਹੋਰ ਵੀ ਵਧ ਗਿਆ ਹੈ। ਬੱਚਿਆਂ ਦੇ ਪਾਲਣ ਪੋਸ਼ਣ ਦੌਰਾਨ ਵੱਖ-ਵੱਖ ਪੜਾਵਾਂ ਉੱਤੇ ਵੱਖਰੀ ਤਰ੍ਹਾਂ ਦੀ ਦੇਖਭਾਲ ਦੀ ਲੋੜ ਹੁੰਦੀ ਹੈ। ਪਹਿਲਾ ਪੜਾਅ ਤਕਰੀਬਨ ਦੋ-ਤਿੰਨ ਸਾਲ ਤੋਂ ਸ਼ੁਰੂ ਹੁੰਦਾ ਹੈ ਅਤੇ ਸੱਤ ਅੱਠ ਸਾਲ ਦੀ ਉਮਰ ਤਕ ਚਲਦਾ ਹੈ ਜਦੋਂ ਤਕਰੀਬਨ ਬੱਚਾ ਤੀਜੀ ਕਲਾਸ ਵਿੱਚ ਹੋ ਜਾਂਦਾ ਹੈ। ਜਿਉਂ ਹੀ ਬੱਚਾ ਸੱਤਵੇਂ-ਅੱਠਵੇਂ ਸਾਲ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਬੱਚੇ ਵਿੱਚ ਕਈ ਤਬਦੀਲੀਆਂ ਦੇਖਣ ਨੂੰ ਮਿਲਦੀਆਂ ਹਨ। ਹੁਣ ਤਕ ਬੱਚਾ ਮੂਕ ਦਰਸ਼ਕ ਹੁੰਦਾ ਹੈ। ਉਹ ਹਰ ਚੀਜ਼ ਨੂੰ ਕੇਵਲ ਦੇਖਦਾ ਹੈ ਅਤੇ ਹਰ ਚੀਜ਼ ਜੋ ਵੀ ਵੇਖਦਾ ਹੈ, ਉਸ ਦੀ ਛਾਪ ਉਸ ਦੇ ਦਿਮਾਗ 'ਤੇ ਅਮਿੱਟ ਰਹਿੰਦੀ ਹੈ ਪਰ ਸੱਤ ਸਾਲ ਤੋਂ ਬਾਅਦ ਬੱਚਾ ਮੂਕ ਦਰਸ਼ਕ ਨਾ ਰਹਿ ਕੇ ਸੁਆਲ ਕਰਨੇ ਸ਼ੁਰੂ ਕਰ ਦਿੰਦਾ ਹੈ, ਜਿਵੇਂ- ਤੁਸੀਂ ਕਿੱਥੇ ਜਾਂਦੇ ਹੋ? ਆਸਮਾਨ ਨੀਲਾ ਕਿਉਂ ਹੈ? ਤਾਰੇ ਕਿਉਂ ਚਮਕਦੇ ਹਨ? ਰਾਤ ਨੂੰ ਹੀ ਤਾਰੇ ਕਿਉਂ ਹੁੰਦੇ ਹਨ? ਸੂਰਜ ਕਿੱਥੋਂ ਨਿਕਲਦਾ ਹੈ? ਇਸ ਤਰ੍ਹਾਂ ਬੱਚਾ ਬਹੁਤ ਪ੍ਰਸ਼ਨ ਪੁੱਛਦਾ ਹੈ। ਭਾਵ ਬੱਚਾ ਹਰ ਚੀਜ਼ ਬਾਰੇ ਸਵਾਲ ਕਰਨਾ ਸ਼ੁਰੂ ਕਰ ਦਿੰਦਾ ਹੈ। ਇਸ ਸਟੇਜ 'ਤੇ ਮਾਪਿਆਂ ਦਾ ਫ਼ਰਜ਼ ਹੈ ਕਿ ਉਹ ਬੱਚੇ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣ ਤੇ ਉਸ ਦੇ ਹਰ ਸਵਾਲ ਦਾ ਜਵਾਬ ਦੇਣ। ਇਸ ਤਰ੍ਹਾਂ ਉਹ ਬੱਚੇ ਦੀ ਉਤਸੁਕਤਾ ਨੂੰ ਸੰਤੁਸ਼ਟ ਕਰ ਸਕਦੇ ਹਨ। ਜਦੋਂ ਮਾਂ-ਬਾਪ ਕੰਮਾਂ ਵਿੱਚ ਰੁੱਝੇ ਹੁੰਦੇ ਹਨ ਅਤੇ ਉਨ੍ਹਾਂ ਕੋਲ ਬੱਚੇ ਲਈ ਸਮਾਂ ਨਹੀਂ ਹੁੰਦਾ ਤਾਂ ਬੱਚੇ ਜਾਂ ਤਾਂ ਸਵਾਲ ਪੁੱਛਣੇ ਹੀ ਬੰਦ ਕਰ ਦਿੰਦੇ ਹਨ ਜਾਂ ਇਹੀ ਸਵਾਲ ਘਰ ਦੇ ਨੌਕਰਾਂ ਜਾਂ ਆਪਣੇ ਦੋਸਤ ਮਿੱਤਰਾਂ ਤੋਂ ਪੁੱਛਣਾ ਸ਼ੁਰੂ ਕਰ ਦਿੰਦੇ ਹਨ ਜੋ ਉਨ੍ਹਾਂ ਦੀ ਜਗਿਆਸਾ ਨੂੰ ਸ਼ਾਂਤ ਨਹੀਂ ਕਰ ਸਕਦੇ। ਦੋਵੇਂ ਹਾਲਤਾਂ ਵਿੱਚ ਨਤੀਜਾ ਇਹ ਨਿਕਲਦਾ ਹੈ ਕਿ ਬੱਚਾ ਅੰਤਰਮੁਖੀ ਬਣ ਜਾਂਦਾ ਹੈ। ਅੰਤਰਮੁਖੀ ਦਾ ਅਰਥ ਹੈ ਕਿ ਬੱਚੇ ਦੀ ਹੋਰਾਂ ਨਾਲ ਖੁੱਲ੍ਹ ਕੇ ਵਿਚਰਨ ਦੀ ਪ੍ਰਵਿਰਤੀ ਘਟ ਜਾਂਦੀ ਹੈ ਤੇ ਉਹ ਆਪਣੀ ਦੁਨੀਆਂ ਵਿੱਚ ਹੀ ਰਹਿਣ ਲੱਗ ਜਾਂਦਾ ਹੈ। ਅੰਤਰਮੁਖੀ ਬੱਚੇ ਆਪਣੇ ਦਿਲ ਦੀ ਗੱਲ ਕਿਸੇ ਨੂੰ ਨਹੀਂ ਦੱਸਦੇ। ਉਹ ਆਪਣੇ ਮਨ ਵਿੱਚ ਆਪ ਹੀ ਸਵਾਲ ਕਰਦੇ ਹਨ ਅਤੇ ਉਨ੍ਹਾਂ ਦਾ ਆਪ ਹੀ ਮਨ ਵਿੱਚ ਉੱਤਰ ਦਿੰਦੇ ਰਹਿੰਦੇ ਹਨ। ਇਸ ਤਰ੍ਹਾਂ ਆਪਣੀਆਂ ਜਗਿਆਸਾਵਾਂ ਦਾ ਉੱਤਰ ਆਪ ਹੀ ਲੱਭ ਲੈਂਦੇ ਹਨ ਤੇ ਆਪਣੀ ਦੁਨੀਆਂ ਵਿੱਚ ਹੀ ਜਿਉਣਾ ਸ਼ੁਰੂ ਕਰ ਦਿੰਦੇ ਹਨ। ਇਹ ਅੰਤਰਮੁਖਤਾ ਬੱਚੇ ਤੇ ਸਮਾਜ ਲਈ ਖ਼ਤਰਨਾਕ ਸਿੱਧ ਹੋ ਸਕਦੀ ਹੈ। ਇਸ ਤਰ੍ਹਾਂ ਇਸ ਪੜਾਅ 'ਤੇ ਮਾਪਿਆਂ ਦਾ ਬੱਚਿਆਂ ਲਈ ਸਮਾਂ ਕੱਢਣਾ ਤੇ ਉਨ੍ਹਾਂ ਦੀ ਜਗਿਆਸਾ ਨੂੰ ਸ਼ਾਂਤ ਕਰਨਾ ਬਹੁਤ ਹੀ ਮਹੱਤਵਪੂਰਨ ਹੈ। ਜਦੋਂ ਬੱਚਾ 8-9 ਸਾਲ ਦੇ ਉਮਰ ਪੜਾਅ ਵਿੱਚ ਦਾਖਲ ਹੁੰਦਾ ਹੈ ਤਾਂ ਬੱਚੇ ਵਿੱਚ ਹੋਰ ਤਬਦੀਲੀ ਦੇਖਣ ਨੂੰ ਮਿਲਦੀ ਹੈ। ਹੁਣ ਉਹ ਪਹਿਲਾਂ ਦੀ ਤਰ੍ਹਾਂ ਕੇਵਲ ਸੁਆਲ ਪੁੱਛਣ ਦੀ ਥਾਂ ਤਰਕ-ਵਿਤਰਕ ਕਰਨਾ ਵੀ ਸ਼ੁਰੂ ਕਰ ਦਿੰਦਾ ਹੈ। ਉਹ ਹਰ ਕੰਮ ਖ਼ੁਦ ਕਰਨ ਦੀ ਇੱਛਾ ਰੱਖਣੀ ਸ਼ੁਰੂ ਕਰ ਦਿੰਦਾ ਹੈ ਅਤੇ ਪਹਿਲਾਂ ਦੀ ਤਰ੍ਹਾਂ ਮਾਪਿਆਂ ਦੀ ਹਰ ਗੱਲ ਮੰਨਣ ਤੋਂ ਇਨਕਾਰ ਕਰਨਾ ਸ਼ੁਰੂ ਕਰ ਦਿੰਦਾ ਹੈ। ਆਮ ਤੌਰ 'ਤੇ ਵੇਖਿਆ ਗਿਆ ਹੈ ਕਿ ਇਸ ਪੜਾਅ 'ਤੇ ਮਾਪੇ ਬੱਚਿਆਂ ਦੇ ਵਿਵਹਾਰ ਤੋਂ ਤੰਗ ਆ ਜਾਂਦੇ ਹਨ ਅਤੇ ਆਪਣੇ ਬੱਚੇ ਦਾ ਮੁਕਾਬਲਾ ਦੂਜੇ ਬੱਚਿਆਂ ਨਾਲ ਕਰਨਾ ਸ਼ੁਰੂ ਕਰ ਦਿੰਦੇ ਹਨ। ਜਿਵੇਂ ਤੇਰੀ ਭੈਣ ਜਲਦੀ ਉੱਠਦੀ ਹੈ, ਤੂੰ ਕਿਉਂ ਨਹੀਂ ਉੱਠਦਾ? ਉਹ ਸਾਰਾ ਦਿਨ ਪੜ੍ਹਦੀ ਰਹਿੰਦੀ ਹੈ, ਤੂੰ ਕਿਉਂ ਖੇਡਦਾ ਰਹਿੰਦਾ ਹੈ? ਜਾਂ ਫਿਰ ਤੇਰੇ ਮਾਮੇ ਦਾ ਮੁੰਡਾ ਕਿੰਨਾ ਆਗਿਆਕਾਰੀ ਹੈ, ਤੂੰ ਤਾਂ ਕੋਈ ਗੱਲ ਨਹੀਂ ਸੁਣਦਾ ਆਦਿ। ਮਾਪਿਆਂ ਨੂੰ ਲੱਗਦਾ ਹੈ ਕਿ ਸ਼ਾਇਦ ਮੁਕਾਬਲਾ ਕਰਕੇ ਉਨ੍ਹਾਂ ਦਾ ਬੱਚਾ ਬਾਕੀ ਬੱਚਿਆਂ ਦੀ ਤਰ੍ਹਾਂ ਸਿਆਣਾ, ਹੁਸ਼ਿਆਰ ਜਾਂ ਆਗਿਆਕਾਰੀ ਬਣ ਜਾਵੇਗਾ ਪਰ ਅਜਿਹਾ ਹੁੰਦਾ ਨਹੀਂ। ਇਸ ਦੇ ਉਲਟ ਜਦੋਂ ਮਾਪੇ ਵਾਰ-ਵਾਰ ਬੱਚੇ ਦੇ ਨਾਕਾਰਾਤਮਕ ਪੱਖਾਂ ਨੂੰ ਉਭਾਰਦੇ ਹਨ ਤਾਂ ਓਹੀ ਔਗੁਣ ਬੱਚੇ ਵਿੱਚ ਵਿਕਸਤ ਹੋਣ ਲੱਗ ਜਾਂਦੇ ਹਨ। ਕੁਦਰਤ ਦਾ ਵੀ ਅਸੂਲ ਹੈ ਕਿ ਜਿਸ ਗੱਲ 'ਤੇ ਅਸੀਂ ਵੱਧ ਧਿਆਨ ਦਿੰਦੇ ਹਾਂ ਉਹ ਜ਼ਿਆਦਾ ਵਿਕਸਤ ਹੋਣ ਲੱਗ ਜਾਂਦੀ ਹੈ। ਇਸੇ ਤਰ੍ਹਾਂ ਹੀ ਬੱਚੇ ਦੇ ਸਕਾਰਾਤਮਕ ਗੁਣ ਮੁਕਾਬਲਾ ਕਰਨ ਕਾਰਨ ਵਿਕਸਤ ਨਹੀਂ ਹੁੰਦੇ ਸਗੋਂ ਔਗੁਣ ਜਿਨ੍ਹਾਂ ਦਾ ਜ਼ਿਕਰ ਵਾਰ-ਵਾਰ ਕੀਤਾ ਜਾਂਦਾ ਹੈ, ਉਹ ਵਿਕਸਤ ਹੋ ਜਾਂਦੇ ਹਨ। ਇਸ ਦਾ ਅਸਰ ਇਹ ਵੀ ਪੈਂਦਾ ਹੈ ਕਿ ਬੱਚਾ ਆਪਣੇ ਮਾਪਿਆਂ ਅਤੇ ਉਹ ਸਾਰੇ ਭੈਣ-ਭਰਾਵਾਂ ਨੂੰ ਜਿਨ੍ਹਾਂ ਨਾਲ ਉਸ ਦਾ ਮੁਕਾਬਲਾ ਕੀਤਾ ਜਾਂਦਾ ਹੈ, ਨਫ਼ਰਤ ਕਰਨੀ ਸ਼ੁਰੂ ਕਰ ਦਿੰਦਾ ਹੈ। ਇਸ ਲਈ ਇਸ ਪੜਾਅ 'ਤੇ ਚਾਹੀਦਾ ਹੈ ਕਿ ਮਾਪੇ ਆਪਣੇ ਬੱਚੇ ਦੇ ਗੁਣਾਂ ਦੀ ਪ੍ਰਸ਼ੰਸਾ ਕਰਨ ਨਾ ਕਿ ਆਪਣੇ ਬੱਚੇ ਵਿੱਚ ਔਗੁਣ ਦੇਖਣ ਤੇ ਦੂਜੇ ਬੱਚਿਆਂ ਦੇ ਗੁਣਾਂ ਦੀ ਪ੍ਰਸ਼ੰਸਾ ਕਰਨ। ਇਹ ਬੱਚੇ ਦੇ ਪੂਰਨ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ। ਇਹ ਪੜਾਅ ਕੋਈ 12-13 ਸਾਲ ਦੀ ਉਮਰ ਤਕ ਰਹਿੰਦਾ ਹੈ ਪਰ ਜਿਉਂ ਹੀ ਬੱਚਾ ਇਸ ਦਹਿਲੀਜ਼ ਨੂੰ ਪਾਰ ਕਰਦਾ ਹੈ ਤਾਂ ਉਸ ਵਿੱਚ ਹੋਰ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ।

– ਪ੍ਰੋ. ਦਰਸ਼ਨ ਕੁਮਾਰ





ਮਾਪੇ ਆਪਣੇ ਬੱਚੇ ਦੇ ਗੁਣਾਂ ਦੀ ਪ੍ਰਸ਼ੰਸਾ ਕਰਨ ਨਾ ਕਿ ਆਪਣੇ ਬੱਚੇ ਵਿੱਚ ਔਗੁਣ ਦੇਖਣ ਤੇ ਦੂਜੇ ਬੱਚਿਆਂ ਦੇ ਗੁਣਾਂ ਦੀ ਪ੍ਰਸ਼ੰਸਾ ਕਰਨ। ਇਹ ਬੱਚੇ ਦੇ ਪੂਰਨ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ। ਇਹ ਪੜਾਅ ਕੋਈ 12-13 ਸਾਲ ਦੀ ਉਮਰ ਤਕ ਰਹਿੰਦਾ ਹੈ ਪਰ ਜਿਉਂ ਹੀ ਬੱਚਾ ਇਸ ਦਹਿਲੀਜ਼ ਨੂੰ ਪਾਰ ਕਰਦਾ ਹੈ ਤਾਂ ਉਸ ਵਿੱਚ ਹੋਰ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ।





PUNJABI
AMERICAN
NIGHT 2018
Virsa and Culture of Punjab ,
Bhangra, Gidha,
Live Music, Dhol,
Celebrity Entertainment
Meena Singh
MC
SUNDAY, AUGUST 19, 2018 6:30 ONWARDS
EISENHOWER PARK EAST MEADOW, LONG ISLAND
Mohinder Singh Taneja
Chairperson
Media Partner
ਪੰਜਾਬੀ ਦੁਨੀਆ
Tell : 516-840-7968, mohindertaneja@gmail.com
DJ KUCHA
SATBIR BEDI
Akaal Gatka Gurmat Group Inc.
VICKYY
KOHHLI
STAR SINGER



# COMMERCIAL MORTGAGE FINANCING

**Financing** **$500,000 to $500 Million**

## RAVI CHOPRA


CEO
STI Consultants
C: 917-705-7708
Ravi@stinewyork.com

**SPECIALIZE IN:**

- **-HOTELS**
- **-CONSTRUCTION LOANS**
- **-GAS STATIONS**
- **-OFFICE BUILDINGS**
- **-MIX USE PROPERTIES**
- **-CHURCH LOAN**
- **-HARD MONEY LOAN**
- **-APARTMENT BUILDINGS**
- **-BUSINESS LINE OF CREDIT**

**ALL KINDS OF COMMERCIAL FINANCING DONE OVER USA**







**Offices:**

**43-39 2nd Floor Main Street, Flushing, NY, 11355**
**508 Humboldt Street, Brooklyn, NY, 11222**
**New Jersey**
**Chicago**

